ਕੇਂਦਰ ਸਰਕਾਰ,
ਪੰਜਾਬ ਸਰਕਾਰ,
ਹਰਿਆਣਾ ਸਰਕਾਰ
ਤੋਂ ਹਰ ਤਰ੍ਹਾਂ ਦੇ ਸਰਕਾਰੀ
ਇਸ਼ਤਿਹਾਰਾਂ ਲਈ ਮਨਜ਼ੂਰ।
ਇਸ਼ਤਿਹਾਰ ਪ੍ਰਕਾਸ਼ਿਤ
ਕਰਵਾਉਣ ਲਈ ਸੰਪਰਕ ਕਰੋ।
email: advtdeshpardesh.com



ਰੋਜ਼ਾਨਾ

# ਦੇਸ਼ ਪ੍ਰਦੇਸ਼

ਸੱਚੀ ਖ਼ਬਰ, ਸਹੀ ਡਗਰ, ਸਦਾ ਨਿਡਰ

ਪ੍ਰਕਾਸ਼ਨ ਦਾ 35ਵਾਂ ਸਾਲ

ਚੰਡੀਗੜ੍ਹ-ਹਰਿਆਣਾ ਐਡੀਸ਼ਨ
CHANDIGARH-HARYANA EDITION

Email - deshpardeshchd@gmail.com

Des Pardes

ਚੰਡੀਗੜ੍ਹ ਦਫ਼ਤਰ
ਐਸ.ਸੀ.ਓ. 1136
ਸੈਕਟਰ 22 ਬੀ,
Chandigarh Office
S.C.O. 1136
SECTOR 22-B

ਸਾਲ 1, ਅੰਕ 41 | Ph (Mohali Office) : 0160-2990739; (M) : +91-98156-16078 | ਸੋਮਵਾਰ, 10 ਨਵੰਬਰ 2025 ( 24 ਕੱਤਕ, ਨਾਨਕਸ਼ਾਹੀ ਸੰਮਤ 557 ) | RNI NO. CHPUN/25/A1263. | ਸਫ਼ੇ – 8 | ਮੁੱਲ : ₹ 2


## ਭਗਵਾਨ ਬੁੱਧ ਦੀਆਂ ਸਿੱਖਿਆਵਾਂ ਦੋਨਾਂ ਦੇਸ਼ਾਂ ਵਿਚਾਲੇ ਪਵਿੱਤਰ ਪੁਲ ਦਾ ਕੰਮ ਕਰਦੀਆਂ ਹਨ-ਪੀਐਮ ਮੋਦੀ



ਨਿਵੀਂ ਦਿੱਲੀ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ):-ਭਾਰਤ ਤੋਂ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ਾਂ ਦਾ ਇੱਕ ਹਿੱਸਾ ਸ਼ਨੀਵਾਰ ਨੂੰ ਭੂਟਾਨ ਦੀ ਰਾਜਧਾਨੀ ਥਿੰਫੂ ਵਿੱਚ ਮੁੱਖ ਮੱਠ, ਤਾਸ਼ੀਚੋ-ਜ਼ੋਂਗ ਵਿਖੇ ਸਥਾਪਿਤ ਕੀਤਾ ਗਿਆ ਸੀ। ਇਸਨੂੰ ਭੂਟਾਨ ਦੀਆਂ ਸਭ ਤੋਂ ਉੱਚੀਆਂ ਅਧਿਆਤਮਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਕੇਂਦਰ ਮੰਨਿਆ ਜਾਂਦਾ ਹੈ।
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਭੂਟਾਨੀ ਲੀਡਰਸ਼ਿਪ ਅਤੇ ਉਨ੍ਹਾਂ ਲੋਕਾਂ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਭਾਰਤ ਤੋਂ ਲਿਆਂਦੇ ਗਏ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ਾਂ ਦਾ ਬਹੁਤ ਸ਼ਰਧਾ ਨਾਲ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੁੱਧ ਦੀਆਂ ਸਿੱਖਿਆਵਾਂ ਦੋਵਾਂ ਦੇਸ਼ਾਂ ਵਿਚਕਾਰ ਇੱਕ

ਬਾਕੀ ਸਫ਼ਾ 7 'ਤੇ

## ਮੁੱਖ ਮੰਤਰੀ ਨੇ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਅੰਮ੍ਰਿਤਸਰ ਲਿਜਾਣ ਵਾਲੀਆਂ ਬੱਸਾਂ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ

***ਸੂਬਾ ਕਾਂਗਰਸ ਮੁਖੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ, ਇਸ ਲਈ ਗੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਕਰ ਰਹੇ***

ਸੰਗਰੂਰ 9 ਨਵੰਬਰ- (ਜਸਪਾਲ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਪਹਿਲੇ ਬੈਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।
ਸ਼ਰਧਾਲੂਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਤਰਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ 29 ਅਕਤੂਬਰ, 2025 ਨੂੰ ਪਿੰਡ ਬਰੜਵਾਲ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਇਨ੍ਹਾਂ ਸ਼ਰਧਾਲੂਆਂ ਦੀ ਚੋਣ ਪਾਰਦਰਸ਼ੀ ਢੰਗ ਨਾਲ ਡਰਾਅ ਰਾਹੀਂ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਵਿੱਤਰ ਅਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਨਿਮਰ ਪਹਿਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲ ਉਨ੍ਹਾਂ ਬਜ਼ੁਰਗ ਨਾਗਰਿਕਾਂ ਦੀ ਦਿਲੀ ਇੱਛਾ ਨੂੰ ਪੂਰਾ ਕਰ ਰਹੀ ਹੈ, ਜੋ ਲੰਬੇ ਸਮੇਂ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ-ਦੀਦਾਰ ਦੀ ਤਾਂਘ ਰੱਖੀ ਬੈਠੇ ਸਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜੱਲ੍ਹਿਆਂਵਾਲਾ ਬਾਗ, ਪਾਰਟਿਸ਼ਨ ਮਿਊਜ਼ੀਅਮ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ

ਬਾਕੀ ਸਫ਼ਾ 7 'ਤੇ





## 'ਆਰਐਸਐਸ ਨੂੰ ਵਿਅਕਤੀਆਂ ਦੀ ਸੰਸਥਾ ਵਜੋਂ ਮਾਨਤਾ ਪ੍ਰਾਪਤ ਹੈ'



ਬੈਂਗਲੂਰੁ: (9 ਨਵੰਬਰ) (ਦੇਸ਼ ਪ੍ਰਦੇਸ਼ ਬਿਊਰੋ):-ਰਜਿਸਟ ?ੇਸ਼ਨ ਤੋਂ ਬਿਨਾਂ ਕੰਮ ਕਰਨ ਲਈ ਆਰਐਸਐਸ ਦੀ ਆਲੋਚਨਾ ਕਰਨ ਵਾਲੇ ਕਾਂਗਰਸੀ ਆਗੂਆਂ ਵਿਰੁੱਧ ਇੱਕ ਗੁਪਤ ਟਿੱਪਣੀ ਵਿੱਚ, ਸੰਘ ਮੁਖੀ ਮੋਹਨ ਭਾਗਵਤ ਨੇ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਸੰਗਠਨ ਵਿਅਕਤੀਆਂ ਦੀ ਸੰਸਥਾ ਵਜੋਂ ਮਾਨਤਾ ਪ੍ਰਾਪਤ ਹੈ।
'ਆਰਐਸਐਸ 1925 ਵਿੱਚ ਸਥਾਪਿਤ ਹੋਇਆ ਸੀ, ਤਾਂ ਕੀ ਤੁਸੀਂ ਉਮੀਦ ਕਰਦੇ ਹੋ ਕਿ ਅਸੀਂ ਬ੍ਰਿਟਿਸ਼ ਸਰਕਾਰ ਨਾਲ ਰਜਿਸਟਰਡ ਹੋਏ ਹਾਂ?' ਭਾਗਵਤ ਨੇ ਆਰਐਸਐਸ ਦੁਆਰਾ ਆਯੋਜਿਤ ਇੱਕ ਅੰਦਰੂਨੀ ਸਵਾਲ-ਜਵਾਬ ਸੈਸ਼ਨ ਦੌਰਾਨ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਪੁੱਛਿਆ। ਉਨ੍ਹਾਂ ਅੱਗੇ ਕਿਹਾ ਕਿ ਆਜ਼ਾਦੀ ਤੋਂ ਬਾਅਦ, ਭਾਰਤ ਸਰਕਾਰ ਨੇ ਰਜਿਸਟ ?ੇਸ਼ਨ ਲਾਜ਼ਮੀ ਨਹੀਂ ਕੀਤੀ।
'ਸਾਨੂੰ ਵਿਅਕਤੀਆਂ ਦੀ ਸੰਸਥਾ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਅਤੇ ਅਸੀਂ ਇੱਕ ਮਾਨਤਾ ਪ੍ਰਾਪਤ ਸੰਗਠਨ ਹਾਂ,' ਭਾਗਵਤ ਨੇ ਸਮਝਾਇਆ।
ਉਨ੍ਹਾਂ ਦੇ ਅਨੁਸਾਰ, ਆਈਟੀ ਵਿਭਾਗ ਅਤੇ ਅਦਾਲਤਾਂ ਨੇ ਆਰਐਸਐਸ ਨੂੰ ਵਿਅਕਤੀਆਂ ਦੀ ਸੰਸਥਾ ਵਜੋਂ ਮਾਨਤਾ ਦਿੱਤੀ ਹੈ ਅਤੇ ਸੰਗਠਨ

ਬਾਕੀ ਸਫ਼ਾ 7 'ਤੇ

## ਹਥਿਆਰਾਂ ਸਮੇਤ ਅੱਤਵਾਦੀ ਹਮਲੇ ਦੀ ਯੋਜਨਾ ਬਣਾਉਣ ਵਾਲੇ 3 ਅੱਤਵਾਦੀ ਗ੍ਰਿਫ਼ਤਾਰ



ਗੁਜਰਾਤ, , 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ):- ਗੁਜਰਾਤ ਏਟੀਐਸ ਅਤੇ ਕੇਂਦਰੀ ਏਜੰਸੀਆਂ ਨੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਵੱਡੀ ਸਫਲਤਾ ਹਾਸਲ ਕਰਦੇ ਹੋਏ ਆਈਐਸਆਈਐਸ (ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਸੀਰੀਆ) ਨਾਲ ਜੁੜੇ ਤਿੰਨ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ। ਗ੍ਰਿਫ਼ਤਾਰ ਕੀਤੇ ਗਏ ਤਿੰਨੋਂ ਅੱਤਵਾਦੀ ਆਈਐਸਆਈਐਸ ਨਾਲ ਜੁੜੇ ਦੋ ਵੱਖ-ਵੱਖ

ਬਾਕੀ ਸਫ਼ਾ 7 'ਤੇ

## ਗੁਰੂ ਤੇਗ ਬਹਾਦਰ ਤੋਂ ਪ੍ਰੇਰਨਾ ਲੈਕੇ ਸਮਾਜ ਲਈ ਕੰਮ ਕਰਨ ਦਾ ਸੱਦਾ ਦਿੱਤਾ

ਚੰਡੀਗੜ੍ਹ, 9 ਨਵੰਬਰ (ਰਾਜੇਂਦਰ ਸਿੰਘ ਜਾਦੋਂ):-ਕੇਂਦਰੀ ਰਿਹਾਇਸ਼, ਊਰਜਾ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸਾਨੂੰ ਸਮਾਜ, ਧਰਮ ਅਤੇ ਦੇਸ਼ ਲਈ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਕੇਂਦਰੀ ਮੰਤਰੀ ਐਤਵਾਰ ਨੂੰ ਕਰਨਾਲ ਦੇ ਐਨਡੀਆਰਆਈ ਚੌਕ ਵਿਖੇ ਗੁਰੂ ਤੇਗ ਬਹਾਦਰ ਦੀ 350ਵੀਂ ਸ਼ਹੀਦੀ ਪੁਰਬ ਨੂੰ ਸਮਰਪਿਤ ਹਿੰਦ ਕੀ ਚਾਦਰ ਮੈਰਾਥਨ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ ਭੀੜ ਨੂੰ ਸੰਬੋਧਨ ਕਰ ਰਹੇ ਸਨ।
ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਦੀ 350ਵੀਂ ਸ਼ਹੀਦੀ ਪੁਰਬ ਮਨਾਉਣ ਲਈ ਕਰਨਾਲ ਅਤੇ ਦੇਸ਼ ਭਰ ਵਿੱਚ ਯਾਤਰਾਵਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਹਜ਼ਾਰਾਂ ਨੌਜਵਾਨ 9ਵੇਂ ਗੁਰੂ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਹਨ। ਇੱਥੇ ਆਯੋਜਿਤ ਯਾਤਰਾ ਇਤਿਹਾਸ ਰਚ ਰਹੀ ਹੈ। ਇਹ ਯਾਤਰਾ ਸਿਰਫ਼ ਇੱਕ ਦੌੜ ਨਹੀਂ ਹੈ, ਸਗੋਂ ਦੇਸ਼ ਨੂੰ ਆਜ਼ਾਦੀ ਦਿਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਦੇਣ ਦੀ ਭਾਵਨਾ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਦਿੱਲੀ ਦੇ ਚਾਂਦਨੀ ਚੌਕ ਵਿੱਚ ਸਥਿਤ ਗੁਰਦੁਆਰਾ ਸ਼ੀਸ਼ ਗੰਜ ਦੇ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਕੱਟਿਆ ਗਿਆ ਸੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਸੀਸ ਨੂੰ ਦਿੱਲੀ ਤੋਂ ਆਨੰਦਪੁਰ ਸਾਹਿਬ ਲਿਜਾਣ ਦੌਰਾਨ ਹਰਿਆਣਾ ਦੀ ਮਿੱਟੀ ਨਾਲ ਜੁੜੇ ਬਲੀਦਾਨ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਸੋਨੀਪਤ ਜ਼ਿਲ੍ਹੇ ਦੇ ਪਿੰਡ ਬਡਖਾਲਸਾ ਦੇ ਇੱਕ ਨੌਜਵਾਨ ਨੇ ਗੁਰੂ ਜੀ ਦੇ ਸੀਸ ਨੂੰ ਮੁਗਲ ਫੌਜ ਤੋਂ

ਬਾਕੀ ਸਫ਼ਾ 7 'ਤੇ

## ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਤਰਨਤਾਰਨ ਕੀਤੇ ਰੋਸ ਮਾਰਚ 'ਤੇ ਪੁਲਿਸ ਦਾ ਲਾਠੀਚਾਰਜ



ਅੰਮ੍ਰਿਤਸਰ 9 ਨਵੰਬਰ ( ਰਾਜੇਸ਼ ਡੈਨੀ) ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੀ ਕਾਲ ਤੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ, ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਅਤੇ ਸੂਬਾ ਚੇਅਰਮੈਨ ਰਘਬੀਰ ਸਿੰਘ ਬਡਵਾਲ ਦੀ ਅਗਵਾਈ ਵਿੱਚ ਤਰਨਤਾਰਨ ਵਿਖੇ ਪੰਜਾਬ ਭਰ ਦੇ 45 ਦੇ ਕਰੀਬ ਵਿਭਾਗਾਂ ਦੇ ਮਨਿਸਟੀਰੀਅਲ ਕਾਮਿਆਂ ਨੇ ਹਜਾਰਾਂ ਦੀ ਗਿਣਤੀ ਵਿੱਚ ਸਮੂਹਿਕ ਛੁੱਟੀ ਲੈਕੇ ਸ਼ਮੂਲੀਅਤ ਕੀਤੀ। ਜਿਲ੍ਹਾ ਪ੍ਰਬੰਧਕੀ ਕੰਪਲੈਕਸ ਸਾਹਮਣੇ ਰੈਲੀ ਕਰਨ ਉਪਰੰਤ ਆਮ ਆਦਮੀ ਪਾਰਟੀ ਦੇ ਚੋਣ ਲੜ ਰਹੇ ਉਮੀਦਵਾਰ ਦੀ ਕੋਠੀ ਵੱਲ ਨੂੰ ਰੋਸ ਮਾਰਚ ਸ਼ੁਰੂ ਕੀਤਾ ਗਿਆ। ਇਸ ਰੋਸ ਵਿੱਚ ਸ਼ਾਮਿਲ ਮੁਲਾਜਮਾਂ ਦੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰੱਵਈਏ ਅਤੇ ਕੋਈ ਵੀ ਮੁਲਾਜ਼ਮ ਮੰਗ ਪੂਰੀ ਨਾ ਕਰਨ ਦੇ ਕਾਰਣ ਏਨਾ ਰੋਸ ਤੇ ਗੁੱਸਾ ਸੀ ਕਿ ਮੁਲਾਜਮਾਂ ਨੇ ਪੁਲਸ ਪ੍ਰਸ਼ਾਸਨ ਵੱਲੋਂ ਰਸਤੇ ਵਿੱਚ ਲਾਈਆਂ ਤਿੰਨ ਰੋਕਾਂ ਨੂੰ ਪਾਰ ਕੀਤਾ। ਰੋਸ ਮਾਰਚ ਨੂੰ ਰੋਕਣ ਲਈ ਸਰਕਾਰ ਵੱਲੋਂ ਬਹੁਤ ਵੱਡੀ ਗਿਣਤੀ ਵਿੱਚ ਪੁਲਸ ਅਤੇ ਸੀ ਆਰ ਪੀ ਤਾਇਨਾਤ ਕੀਤੀ ਹੋਈ ਸੀ। ਤੀਜੀ ਰੋਕ ਪਾਰ ਕਰਨ ਤੇ ਪੁਲਸ ਪ੍ਰਸ਼ਾਸਨ ਨੇ ਸ਼ਾਂਤਮਈ ਰੋਸ ਮਾਰਚ ਵਿੱਚ ਸ਼ਾਮਿਲ ਮੁਲਾਜਮਾਂ ਤੇ ਲਾਠੀਚਾਰਜ ਕੀਤਾ । ਜਬਰਦਤੀ ਮੁਲਾਜਮਾਂ ਨੂੰ ਖਿੱਚ ਖਿੱਚ ਕੇ ਬੱਸਾਂ ਵਿੱਚ ਸੁਟਿਆ ਗਿਆ। ਇਸ ਨਾਲ ਕਈ ਮੁਲਾਜਮਾਂ ਨ

ਬਾਕੀ ਸਫ਼ਾ 7 'ਤੇ

## ਡਾ. ਅਮਨਦੀਪ ਕੌਰ ਅਰੋੜਾ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਦੇ ਮਾਪਿਆਂ ਦਾ ਸਨਮਾਨ ਕੀਤਾ



ਮੋਗਾ, 9 ਨਵੰਬਰ (ਜਗਰਾਜ ਸਿੰਘ ਸੰਘਾ ): ਮੋਗਾ ਸ਼ਹਿਰ ਦੀ ਹੋਣਹਾਰ ਧੀ, ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਆਪਣੀ ਪ੍ਰਤਿਭਾ ਨਾਲ ਆਈ.ਸੀ.ਸੀ. ਵਿਸ਼ਵ ਕੱਪ ਜਿੱਤ ਕੇ ਭਾਰਤ ਦਾ ਮਾਣ ਵਧਾਇਆ ਹੈ। ਅੱਜ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕ੍ਰਿਕਟਰ ਹਰਮਨਪ੍ਰੀਤ ਕੌਰ ਦੇ ਪਿਤਾ ਹਰਮੰਦਰ ਸਿੰਘ ਭੁੱਲਰ ਅਤੇ ਮਾਤਾ ਸਤਿੰਦਰ ਕੌਰ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਪਰਿਵਾਰ ਨਾਲ ਆਪਣੀ ਖ਼ੁਸ਼ੀ ਸਾਂਝੀ ਕੀਤੀ। ਇਸ ਮੌਕੇ

ਬਾਕੀ ਸਫ਼ਾ 7 'ਤੇ




## ਸੰਸਦ ਮੈਂਬਰ ਮੀਤ ਹੇਅਰ ਵੱਲੋਂ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਟਰੇਨ ਦੀ ਬਰਨਾਲਾ ਵਿਖੇ ਠਹਿਰ ਨਾ ਹੋਣ 'ਤੇ ਇਤਰਾਜ਼



**ਬਰਨਾਲਾ, 9 ਨਵੰਬਰ (ਅਵਤਾਰ ਸਿੰਘ ਫਰਵਾਹੀ)**: ਸੰਸਦ ਮੈਂਬਰ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਐਕਸਪ੍ਰੈਸ ਟਰੇਨ ਦਾ ਠਹਿਰਾਓ ਬਰਨਾਲਾ ਵਿਖੇ ਨਾ ਰੱਖਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਨ੍ਹਾਂ ਇਸ ਫ਼ੈਸਲੇ ਨੂੰ ਬਰਨਾਲਾ ਵਾਸੀਆਂ ਨਾਲ ਕੀਤਾ ਗਿਆ ਵਿਸ਼ਵਾਸਘਾਤ ਕਰਾਰ ਦਿੱਤਾ ਹੈ। ਸ੍ਰੀ ਮੀਤ ਹੇਅਰ ਨੇ ਕਿਹਾ ਕਿ ਕੇਂਦਰੀ ਮੰਤਰੀ ਵੱਲੋਂ ਪਹਿਲਾਂ ਬਰਨਾਲਾ ਵਿਖੇ ਠਹਿਰ ਦਾ ਵਾਅਦਾ ਕੀਤਾ ਗਿਆ ਸੀ, ਪਰ ਹੁਣ ਰੇਲਵੇ ਵੱਲੋਂ ਟਰੇਨ ਨੂੰ ਇੱਥੇ ਨਾ ਰੋਕ ਕੇ ਬਰਨਾਲਾ ਵਾਸੀਆਂ ਦੀ ਮੰਗ ਨੂੰ ਪੂਰਾ ਨਹੀਂ ਕੀਤਾ। ਸ੍ਰੀ ਮੀਤ ਹੇਅਰ ਨੇ ਮੰਗ ਕੀਤੀ ਕਿ ਰੇਲਵੇ ਵਿਭਾਗ 1 ਦਸੰਬਰ ਤੋਂ ਪਹਿਲਾਂ ਇਸ ਮੰਗ ਨੂੰ ਪੂਰਾ ਕਰਨ। ਓਹਨਾਂ ਕਿਹਾ ਕਿ ਉਹ ਸੰਸਦ ਦੇ ਆਉਣ ਵਾਲੇ ਸਰਦ ਰੁੱਤ ਸੈਸ਼ਨ ਵਿੱਚ ਪਾਰਲੀਮੈਂਟ ਦੇ ਅੰਦਰ ਇਸ ਮੁੱਦੇ 'ਤੇ ਮਤਾ ਲਿਆਉਣਗੇ ਤੇ 1 ਦਸੰਬਰ ਤੋਂ ਬਾਅਦ, ਬਰਨਾਲਾ ਸਟੇਸ਼ਨ ਵਿਖੇ ਬਰਨਾਲਾ ਵਾਸੀਆਂ ਦੇ ਸਹਿਯੋਗ ਨਾਲ ਇੱਕ ਵੱਡਾ ਰੋਸ ਪ੍ਰਦਰਸ਼ਨ ਕਰਨਗੇ।

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਬਚਾਉਣ ਲਈ ਮੋਰਚੇ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਕਰੇਗੀ ਸਮਰਥਨ



**ਲਹਿਰਾਗਾਗਾ, 9 ਨਵੰਬਰ (ਮਨਪ੍ਰੀਤ ਕੌਰ ਸੈਣੀ ਚੂੜਲ ਕਲਾਂ)**: ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਜਥੇਬੰਦੀ ਦੇ ਸੂਬਾ ਆਗੂ ਧਰਮਿੰਦਰ ਸਿੰਘ ਭਾਈ ਕੀ ਪਿਸ਼ੌਰ, ਰਾਮਪਾਲ ਸ਼ਰਮਾ ਸੁਨਾਮ, ਹਰਜਿੰਦਰ ਸਿੰਘ ਨੰਗਲਾ, ਮਲਕੀਤ ਸਿੰਘ ਤੂਰਬਨਜਾਰਾ, ਸੂਬਾ ਸਿੰਘ ਸੰਗਤਪੁਰਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਦੀ ਸਿੱਖਿਆ ਖੇਤਰ ਦੀ ਰਾਜਧਾਨੀ ਹੈ। ਕਿਸੇ ਵੀ ਹਾਲਤ ਵਿੱਚ ਇਸਦਾ ਕੇਂਦਰੀਕਰਨ ਨਹੀਂ ਹੋਣ ਦਿਆਂਗੇ ਸੰਨ 1947 (ਸੰਤਾਲੀ) ਵਿੱਚ ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਇਹ ਯੂਨੀਵਰਸਿਟੀ ਲਾਹੌਰ ਤੋਂ ਬਦਲ ਕੇ ਇੱਧਰ ਪੰਜਾਬ ਚ ਲਿਆਂਦੀ ਗਈ ਸੀ। ਜਿਸ ਨਾਲ ਅੱਜ ਪੰਜਾਬ ਦੇ ਸੈਂਕੜੇ ਕਾਲਜ ਜੁੜ ਕੇ ਕਾਰਜ ਕਰ ਰਹੇ ਹਨ। ਵਿਦਿਆਰਥੀਆਂ ਨੂੰ ਉੱਚ ਸਿੱਖਿਆ ਮੁਹੱਈਆ ਕਰਵਾ ਰਹੀ ਹੈ ਪਰੰਤੂ ਕੇਂਦਰ ਸਰਕਾਰ ਵਲੋਂ ਕੋਝੀਆਂ ਚਾਲਾਂ ਚੱਲ ਕੇ ਇਸ ਸਿੱਖਿਆ ਦੇ ਮੰਦਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਇਸਦਾ ਭਗਵਾਕਰਨ ਕਰਕੇ ਪੰਜਾਬੀ ਮਾਂ ਬੋਲੀ ਅਤੇ ਪੰਜਾਬ ਦੇ ਵਿਰਾਸਤੀ ਢਾਂਚੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਦੇ ਹੱਕਾ ਉਤੇ ਡਾਕਾ ਮਾਰਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਅਤੇ ਪੰਜਾਬ ਦੀ ਮਾਲਕੀ ਖ਼ਤਮ ਕਰਨ ਦੀ ਕੇਂਦਰ ਸਰਕਾਰ ਵਲੋਂ ਕੀਤੀ ਘਟੀਆ ਹਰਕਤ ਦੀ ਨਖੇਦੀ ਕਰਦੀ ਹੈ।

## 350 ਸਾਲਾ ਸ਼ਤਾਬਦੀ ਤੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਕਰਵਾਇਆ ਗੁਰਮਤਿ ਸਮਾਗਮ



**ਪਟਿਆਲਾ, 9 ਨਵੰਬਰ (ਰਾਜਿੰਦਰ ਸਿੰਘ ਥਿੰਦ)**: ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਅਤੇ ਦਸਮੇਸ਼ ਪਿਤਾ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਸਬੰਧੀ ਅੱਜ ਗੁਰਦੁਆਰਾ ਸ੍ਰੀ ਬੇਰ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਲਲੌਡੀ ਵਿਖੇ ਕਰਵਾਇਆ ਗਿਆ। ਇਸ ਮੌਕੇ ਉਚੇਚੇ ਤੌਰ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜਗਤਾਰ ਸਿੰਘ ਅਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅਤੇ ਜਥੇਦਾਰ ਅਮਰਜੀਤ ਸਿੰਘ ਪੰਜਰਥ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਜਾ ਰਹੇ ਹਨ ਤਾਂ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਦੇਸ਼ ਨਾਲ ਸੰਗਤਾਂ ਨੂੰ ਜੋੜਿਆ ਜਾ ਸਕੇ। ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਸਾਮੀ ਦੀ ਪਾਵਨ ਧਰਤੀ ਤੋਂ ਮਹਾਨ ਨਗਰ ਕੀਰਤਨ ਵੀ ਸਜਾਇਆ ਗਿਆ, ਜੋ ਵੱਖ ਵੱਖ ਰਾਜਾਂ ਤੋਂ ਹੁੰਦਾ ਹੋਇਆ ਜਲਦ ਹੀ ਪਟਿਆਲਾ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਪੁੱਜੇਗਾ ਅਤੇ ਸੰਗਤਾਂ ਨੂੰ ਅਪੀਲ ਹੈ ਕਿ ਨਗਰ ਕੀਰਤਨ ਦੇ ਸਵਾਗਤ ਲਈ ਵੱਧ ਚੜ੍ਹਕੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਹਾਸਲ ਕਰਨ। ਗੁਰਮਤਿ ਸਮਾਗਮ ਦੌਰਾਨ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਅੱਜ ਲੋੜ ਹੈ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਮਾਨਵਤਾ ਦੇ ਕਲਿਆਣਮਈ ਕਾਰਜਾਂ ਨੂੰ ਹੋਰ ਅਗਾਂਹ ਲਿਜਾਈ ਅਤੇ ਗੁਰਮਤਿ ਦੇ ਫਲਸਫੇ ਦੀ ਜੋਤਿ ਨੂੰ ਹੋਰ ਪ੍ਰਚੰਡ ਕਰੀਏ। ਇਸ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਸਿੰਘ ਸਾਹਿਬ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਅਤੇ ਪੁੱਜੀਆਂ ਸਖਸ਼ੀਅਤਾਂ ਦਾ ਗੁਰਦੁਆਰਾ ਕਮੇਟੀ ਵੱਲੋਂ ਸਨਮਾਨਤ ਵੀ ਕੀਤਾ ਗਿਆ। ਅੰਤ ਵਿਚ ਜਥੇਦਾਰ ਅਮਰਜੀਤ ਸਿੰਘ ਪੰਜਰਥ ਨੇ ਪੁੱਜੀਆਂ ਮੁੱਖ ਸਖਸ਼ੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰ ਸਾਹਿਬਾਨ ਤੋਂ ਇਲਾਵਾ ਅੰਮਿਰਤਪਾਲ ਸਿੰਘ ਖਰੌੜਾ, ਇਕਬਾਲ ਸਿੰਘ, ਮੀਡੀਆ ਇੰਚਾਰਜ ਕੰਵਰ ਸਿੰਘ ਬੇਦੀ ਆਦਿ ਵੀ ਸ਼ਾਮਲ ਸਨ।

## ਅਨੰਦ ਸਾਗਰ ਸੰਸਥਾਵਾਂ ਦੀ ਮੈਨੇਜਮੈਂਟ ਮੀਟਿੰਗ ਸੰਬਧੀ ਸੂਚਨਾ

**ਭਗਤਾ ਭਾਈ, 9 ਨਵੰਬਰ (ਸਿਕੰਦਰ ਸਿੰਘ ਕੋਇਰ ਸਿੰਘ ਵਾਲਾ)**: ਸੱਚਖੰਡ ਵਾਸੀ ਸੰਤ ਬਾਬਾ ਭਜਨ ਸਿੰਘ ਨਾਨਕਸਰ ਪਟਿਆਲਾ ਵਾਲਿਆਂ ਦੀ ਰਹਿਨੁਮਾਈ ਹੇਠ ਚਲਦੀਆਂ ਇਲਾਕੇ ਦੀਆਂ ਨਾਮਵਰ ਵਿਦਿਅਕ ਸੰਸਥਾਵਾਂ ਅਨੰਦ ਸਾਗਰ ਅਕੈਡਮੀ ਕੋਇਰ ਸਿੰਘ ਵਾਲਾ ਅਤੇ ਅਨੰਦ ਸਾਗਰ ਪਬਲਿਕ ਸਕੂਲ ਰੌਂਤਾ ਦੀ ਸਮੂਹ ਮੈਨੇਜਮੈਂਟ ਵੱਲੋਂ 11 ਨਵੰਬਰ ਨੂੰ ਅਨੰਦ ਸਾਗਰ ਅਕੈਡਮੀ ਵਿਖੇ ਮੀਟਿੰਗ ਰੱਖੀ ਗਈ ਹੈ,ਇਸ ਤੋਂ ਪਹਿਲਾਂ ਵੀ ਇਹ ਮੀਟਿੰਗ ਦੋ ਵਾਰ ਹੋ ਚੁੱਕੀ ਹੈ ਸੋ ਜੋ ਵੀ ਮੈਂਬਰ ਸਾਹਿਬਾਨ ਪਹਿਲਾਂ ਮੌਜੂਦ ਨਹੀਂ ਸਨ ਉਹ ਹੁਣ ਪਹੁੰਚਣ ਦੀ ਕੋਸ਼ਿਸ਼ ਕਰਨ ਇਸ ਮੀਟਿੰਗ ਵਿੱਚ ਸਾਰੇ ਅੰਤਿਮ ਫ਼ੈਸਲੇ ਲਏ ਜਾਣਗੇ ਬਾਅਦ ਵਿੱਚ ਕੋਈ ਵੀ ਇਤਰਾਜ਼ ਨਾ ਕੀਤਾ ਜਾਵੇ। ਵੱਲੋਂ ਸਮੂਹ ਮੈਨੇਜਮੈਂਟ ਅਨੰਦ ਸਾਗਰ ਸੰਸਥਾਵਾਂ।

## ਵੀਜ਼ੇ ਦੇ ਪੈਸੇ ਵਾਪਸ ਕਰਨ ਦੇ ਬਹਾਨੇ ਵਿਅਕਤੀ ਦਾ ਚਾੜ੍ਹਿਆ ਕੁਟਾਪਾ, ਜਾਂਚ 'ਚ ਜੁਟੀ ਪੁਲਿਸ



**ਪਟਿਆਲਾ, 9 ਨਵੰਬਰ (ਰਾਜਿੰਦਰ ਸਿੰਘ ਥਿੰਦ)**: ਵੀਜ਼ਾ ਦੇ ਪੈਸੇ ਵਾਪਸ ਕਰਨ ਦੇ ਬਹਾਨੇ ਕੋਤਵਾਲੀ ਪੁਲਿਸ ਸਟੇਸ਼ਨ ਖੇਤਰ ਵਿੱਚ ਇੱਕ ਵਿਅਕਤੀ ਨੂੰ ਬੁਲਾਇਆ ਗਿਆ ਅਤੇ ਹਮਲਾ ਕੀਤਾ ਗਿਆ। ਜ਼ਖਮੀ ਰਵਿੰਦਰ ਸਿੰਘ, ਜੋ ਕਿ ਬਚਿਤਰ ਨਗਰ, ਭੁਪਿੰਦਰਾ ਰੋਡ ਦਾ ਰਹਿਣ ਵਾਲਾ ਹੈ, ਦੀ ਸ਼ਿਕਾਇਤ ਦੇ ਆਧਾਰ 'ਤੇ, ਪੁਲਿਸ ਨੇ ਜੋਗਿੰਦਰਪਾਲ ਮਦਾਨ, ਜੋ ਕਿ ਜਵਾਹਰ ਨਗਰ, ਪਾਣੀਪਤ, ਆਸ਼ੀਦ ਅਲੀ, ਜੋ ਕਿ ਪ੍ਰਕਾਸ਼ ਨਗਰ, ਪਾਣੀਪਤ (ਹਰਿਆਣਾ) ਦਾ ਰਹਿਣ ਵਾਲਾ ਹੈ, ਸ਼ੁਕਲਾ ਅਤੇ ਇੱਕ ਅਣਪਛਾਤੇ ਵਿਅਕਤੀ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਅਜੇ ਤੱਕ ਕਿਸੇ ਵੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਹੋਈ ਹੈ ਰਵਿੰਦਰ ਸਿੰਘ ਦੇ ਅਨੁਸਾਰ, ਦੋਸ਼ੀ ਸਾਲਾਸਰ ਓਵਰਸੀਜ਼, ਪਾਣੀਪਤ, ਹਰਿਆਣਾ ਵਿੱਚ ਇੱਕ ਇਮੀਗ੍ਰੇਸ਼ਨ ਦਫਤਰ ਚਲਾਉਂਦਾ ਹੈ। ਰਵਿੰਦਰ ਨੇ ਦੋਸ਼ੀ ਨਾਲ ਆਪਣੇ ਦੋਸਤਾਂ ਲਈ ਵੀਜ਼ਾ ਲਈ ਪ੍ਰਤੀ ਵਿਅਕਤੀ 1.8 ਮਿਲੀਅਨ ਦੀ ਕੀਮਤ 'ਤੇ ਗੱਲਬਾਤ ਕੀਤੀ ਸੀ, ਜਿਸ ਤੋਂ ਬਾਅਦ ਰਵਿੰਦਰ ਸਿੰਘ ਨੇ ਆਪਣੇ ਹਿੱਸੇ ਦਾ 1.946 ਮਿਲੀਅਨ ਦਾ ਭੁਗਤਾਨ ਕੀਤਾ ਪੈਸੇ ਪ੍ਰਾਪਤ ਕਰਨ ਤੋਂ ਬਾਅਦ ਵੀ, ਦੋਸ਼ੀ ਨੇ ਵੀਜ਼ਾ ਜਾਰੀ ਨਹੀਂ ਕੀਤਾ, ਇਸ ਲਈ ਉਸਨੇ ਆਪਣੇ ਪੈਸੇ ਵਾਪਸ ਮੰਗੇ। 10 ਜੂਨ ਨੂੰ, ਮੁਲਜ਼ਮ ਉਸਨੂੰ ਪੈਸੇ ਵਾਪਸ ਕਰਨ ਦੇ ਬਹਾਨੇ ਬਾਰਾਦਰੀ ਚੌਕ 'ਤੇ ਲੈ ਗਿਆ। ਦੋ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਹਮਲਾ ਕੀਤਾ ਅਤੇ ਧਮਕੀ ਦਿੱਤੀ ਕਿ ਜੇਕਰ ਉਸਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਹੋਰ ਵੀ ਮਾੜੇ ਨਤੀਜੇ ਭੁਗਤਣੇ ਪੈਣਗੇ। ਨਤੀਜੇ ਵਜੋਂ, ਉਸਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸਨੇ ਜਾਂਚ ਕਰਨ ਤੋਂ ਬਾਅਦ 7 ਨਵੰਬਰ ਨੂੰ ਐਫਆਈਆਰ ਦਰਜ ਕੀਤੀ

## ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਗੁਰੂ ਚਰਨ ਛੋਹ ਪ੍ਰਾਪਤ ਥਾਵਾਂ 'ਤੇ ਵਿਸ਼ੇਸ਼ ਸਮਾਗਮ



**ਬਰਨਾਲਾ, 9 ਨਵੰਬਰ (ਅਵਤਾਰ ਸਿੰਘ ਫਰਵਾਹੀ)**: ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬਾਨ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਤਹਿਤ ਗੁਰਦੁਆਰਾ ਸੋਹੀਆਣਾ ਸਾਹਿਬ ਪਾਤਸ਼ਾਹੀ ਨੌਵੀਂ ਧੌਲਾ ਅਤੇ ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਵਿਖੇ ਸਮਾਗਮ ਕਰਵਾਏ ਗਏ। ਜ਼ਿਲ੍ਹਾ ਬਰਨਾਲਾ ਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 11 ਚਰਨ ਛੋਹ ਪ੍ਰਾਪਤ ਥਾਵਾਂ ਉੱਤੇ ਬਣੇ ਗੁਰਦੁਵਾਰਾ ਸਾਹਿਬ 'ਚ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਸ਼ਰੀ ਟੀ ਬੈਨਿਥ ਨੇ ਦੱਸਿਆ ਕਿ ਇਹ ਸਮਾਗਮ 16 ਨਵੰਬਰ ਤੱਕ ਕਰਵਾਏ ਜਾਣਗੇ। ਗੁਰਦੁਆਰਾ ਸੋਹੀਆਣਾ ਸਾਹਿਬ ਪਾਤਸ਼ਾਹੀ ਨੌਵੀਂ ਧੌਲਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾ ਕੇ ਭੋਗ ਪਾਏ ਗਏ। ਭੋਗ ਉਪਰੰਤ ਕਥਾਵਾਚਕ ਭਾਈ ਬਸੰਤ ਸਿੰਘ, ਮਾਲਵਿੰਦਰ ਸ਼ਾਇਰ, ਡਾ: ਅਮਨਦੀਪ ਸਿੰਘ ਟੱਲੇਵਾਲੀਆ ਨੇ ਕਵਿਤਾਵਾ,ਢਾਡੀ ਜਗਰਾਜ ਸਿੰਘ ਖੀਵਾ ਦੇ ਜਥੇ ਨੇ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ। ਸਮਾਗਮ ਦੌਰਾਨ ਭਾਸ਼ਾ ਅਫ਼ਸਰ ਬਰਨਾਲਾ ਬਿੰਦਰ ਸਿੰਘ ਖੁੱਡੀ ਕਲਾਂ ਨੇ ਗਿ: ਕਰਮ ਸਿੰਘ ਭੰਡਾਰੀ, ਪੱਤਰਕਾਰ ਗੁਰਜੀਤ ਸਿੰਘ ਖੁੱਡੀ ਦੀਆਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਇਤਿਹਾਸ ਦੀਆਂ ਪੁਸਤਕਾਂ ਪ੍ਰਬੰਧਕਾਂ ਨੂੰ ਲਾਇਬ੍ਰੇਰੀਆ ਲਈ ਭੇਂਟ ਕੀਤੀਆਂ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਮਸੇਰ ਸਿੰਘ ਮੱਖਣ, ਮੈਨੇਜਰ ਗੁਲਜ਼ਾਰ ਸਿੰਘ, ਮੀਤ ਪ੍ਰਧਾਨ ਕੌਰ ਸਿੰਘ ਮਹਿਤਾ, ਗ੍ਰੰਥੀ ਗੁਰਪ੍ਰੀਤ ਸਿੰਘ ਨੇ ਡਾ: ਅਮਨਦੀਪ ਸਿੰਘ ਟੱਲੇਵਾਲੀਆ, ਮਾਲਵਿੰਦਰ ਸ਼ਾਇਰ, ਭਾਈ ਬਸੰਤ ਸਿੰਘ, ਬਿੰਦਰ ਸਿੰਘ ਖੁੱਡੀ ਕਲਾਂ, ਪੱਤਰਕਾਰ ਗੁਰਜੀਤ ਸਿੰਘ ਖੁੱਡੀ, ਢਾਡੀ ਜਗਰਾਜ ਸਿੰਘ ਖੀਵਾ, ਸਰਪੰਚ ਗੁਰਮੀਤ ਸਿੰਘ ਧੌਲਾ, ਸਰਪੰਚ ਦਵਿੰਦਰ ਸਿੰਘ ਖੁੱਡੀ ਖ਼ੁਰਦ, ਪ੍ਰਧਾਨ ਕਰਮਜੀਤ ਸਿੰਘ ਧੌਲਾ, ਥਾਣਾ ਰੂੜੇਕੇ ਕਲਾ ਦੇ ਇੰਚਾਰਜ ਗੁਰਵਿੰਦਰ ਸਿੰਘ ਨੂੰ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਸਰਪੰਚ ਹਮੀਰ ਸਿੰਘ, ਸਰਪੰਚ ਜਸਵਿੰਦਰ ਸਿੰਘ, ਸਰਪੰਚ ਜਗਸੀਰ ਸਿੰਘ, ਸੁਖਬੀਰ ਸਿੰਘ ਬੱਗਾ, ਪੰਚਾਇਤ ਸਕੱਤਰ ਸਤਵਿੰਦਰ ਸਿੰਘ ਬਿੱਟੀ, ਸਰਪੰਚ ਅਵਤਾਰ ਸਿੰਘ, ਭਗਵਾਨ ਦਾਸ ਸ਼ਰਮਾ, ਥਾਣੇਦਾਰ ਦਰਸ਼ਨ ਸਿੰਘ ਆਦਿ ਸਮੇਤ ਸੰਗਤਾਂ ਹਾਜ਼ਰ ਸਨ। ਇਸੇ ਤਰ੍ਹਾਂ ਗੁਰੂਦਵਾਰਾ ਸਾਹਿਬ ਪਿੰਡ ਪੰਧੇਰ ਵਿਖੇ ਵੀ ਸਮਾਗਮ ਕਰਵਾਏ ਗਏ। ਕਵੀ ਸ਼ ?ਗੀ ਹਾਕਮ ਸਿੰਘ ਰੂੜੇਕੇ ਅਤੇ ਸ਼ ?ਗੀ ਸੁਖਵਿੰਦਰ ਸਿੰਘ ਸਨੇਹ ਨੇ ਗੁਰੂ ਸਾਹਿਬਾਨ ਸਬੰਧੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਗੁਰੂਦਵਾਰਾ ਸਾਹਿਬ ਦੀ ਮੈਨਜਮੈਂਟ ਵੱਲੋਂ ਆਏ ਹੋਏ ਕਵੀਆਂ ਅਤੇ ਹੋਰਨਾਂ ਪਤਵੰਤੇ ਸੱਜਣਾਂ ਨੂੰ ਸਨਮਾਨਤ ਕੀਤਾ ਗਿਆ।

## ਪੰਜਾਬ ਸਰਕਾਰ ਦੇ ਵਾਅਦੇ ਮੁਤਾਬਕ ਹੜ੍ਹ ਪੀੜਤ ਕਿਸਾਨਾਂ ਨੂੰ ਕਣਕ ਦਾ ਬੀਜ ਨਾ ਮਿਲਣਾ ਸਰਕਾਰ ਦੀ ਵੱਡੀ ਨਲਾਇਕੀ -ਮੱਖਣ ਸਿੰਘ ਪਾਪੜਾ



**ਮੂਣਕ, 9 ਨਵੰਬਰ (ਸਾਹਿ ਸਿੰਘ ਖੁਰਾਣਾ)**: ਅੱਜ ਮਿਤੀ 9-11-2025 ਨੂੰ ਮੂਣਕ/ਲਹਿਰਾ ਬਲਾਕ ਦੀ ਮੀਟਿੰਗ ਬਲਾਕ ਪ੍ਰਧਾਨ ਮੱਖਣ ਸਿੰਘ ਪਾਪੜਾ ਦੀ ਅਗਵਾਈ ਹੇਠ ਗੁਰਦੁਆਰਾ ਭਗਤ ਧੰਨਾ ਜੀ ਦੇ ਹਾਲ ਵਿਖੇ ਹੋਈ ਜਿਸ ਵਿੱਚ ਦਸ ਪਿੰਡ ਇਕਾਈਆਂ ਨੇ ਹਿੱਸਾ ਲਿਆ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪਰਾਲੀ ਦੀ ਸਾਂਭ ਸੰਭਾਲ ਦਾ ਸਰਕਾਰ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ ਕਿਸਾਨਾਂ ਨੂੰ ਥਾਣਿਆਂ ਵਿੱਚ ਬੰਦ ਕੀਤਾ ਜਾ ਰਿਹਾ ਹੈ ਤੇ ਜਬਰੀ ਪਰਚੇ ਪਾਏ ਜਾ ਰਹੇ ਹਨ। ਜੋ ਸਰਾਸਰ ਗਲਤ ਹੈ ਕਿਉਂਕਿ ਜੀਰੀ ਦਾ ਚਾੜ ਕੱਟ ਨਿਕਲਣ ਕਾਰਨ ਕਿਸਾਨ ਤਾਂ ਪਹਿਲਾਂ ਹੀ ਮਾਰਿਆ ਪਿਆ ਹੈ। ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦਾ ਸ਼ੌਂਕ ਨਹੀਂ ਮਜਬੂਰੀ ਹੈ ਕਿਉਂਕਿ ਸਭ ਤੋਂ ਪਹਿਲਾਂ ਧੂਆ ਕਿਸਾਨ ਦੇ ਆਪਣੇ ਫੇਫੜਿਆਂ ਵਿੱਚ ਜਾਂਦਾ ਹੈ ਵਾਅਦੇ ਦੇ ਮੁਤਾਬਕ ਕਿਸਾਨਾਂ ਨੂੰ ਕਣਕ ਦਾ ਬੀਜ ਨਾਂ ਮਿਲਣਾਂ ਸਰਕਾਰ ਦੀ ਖੁੱਲੀ ਨਿਕਾਮੀ ਹੈ ਕਿਸਾਨਾਂ ਨਾਲ ਝੂਠੇ ਵਾਅਦੇ ਕਰਕੇ ਉਹਨਾਂ ਨਾਲ ਧੋਖਾ ਕਰ ਰਹੀ ਹੈ 80 ਫੀਸਦੀ ਕਿਸਾਨ ਮੁਖਤ ਬੀਜ ਦੀ ਉਡੀਕ ਕਰ ਰਹੇ ਹਨ ਜਦੋਂ ਕਿ ਬਜਾਈ ਦਾ ਸਮਾਂ ਲੰਗਿਆ ਜਾ ਰਿਹ ਹੈ ਸਰਕਾਰ ਨੇ ਬਾਉਣੇ ਰੋਗ ਤੇ ਹੱੜਾ ਦੀ ਮਾਰ ਨਾਲ ਹੋਏ ਨੁਕਸਾਨ ਦਾ ਮੁਆਮਜਾ ਦੇਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਕਿਸੇ ਨੂੰ ਪੰਜ ਰੁਪਏ ਵੀ ਨਹੀਂ ਦਿੱਤੇ ਇਸ ਤਰ੍ਹਾਂ ਇਹ ਸਰਕਾਰ ਹਰ ਫਰੰਟ ਤੇ ਫੇਲ ਹੋ ਚੁੱਕੀ ਹੈ ਬੀ ਕੇ ਯੂ ਏਕਤਾ ਆਜ਼ਾਦ ਨੇ ਪੰਜਾਬ ਯੂਨੀਵਰਸਿਟੀ ਦੇ ਸੈਨੇਟ ਵਿੱਚ ਕੀਤੇ ਬਦਲਾ ਦੇ ਨਿਖੇਦੀ ਕਰਦਿਆਂ ਇਸ ਨੂੰ ਗੈਰ ਜਮੂਰੀਅਰ ਕਰਾਰ ਦੱਸਿਆ ਹੈ। ਇਹ ਬਦਲਾ ਯੂਨੀਵਰਸਿਟੀ ਵਿੱਚ ਕੇਂਦਰ ਦੀ ਸਿੱਧੀ ਦਖਲ ਅੰਦਾਜੀ ਹੈ। ਜਿਸ ਨੂੰ ਪੰਜਾਬੀ ਕਦੇ ਬਰਦਾਸ਼ਤ ਨਹੀਂ ਕਰਨਗੇ ਮੀਟਿੰਗ ਵਿੱਚ ਬਲਾਕ ਆਗੂ ਬੱਬੂ ਮੂਨਕ ਦਰਸ਼ਨ ਸੰਗਤਪੁਰਾ ਪਰਗਟ ਸਿੰਘ ਚੋਟੀਆਂ ਲਾਭ ਸਿੰਘ ਚੋਟੀਆਂ ਕਾਲੂ ਚੂਲੜ ਬਲਕਾਰ ਬੱਲਰਾ ਟੋਨੀ ਪਸ਼ੌਰ ਪਾਲਾ ਪਸ਼ੌਰ ਦਰਸ਼ਨ ਗੋਬਿੰਦਗੜ ਬੇਅੰਤ ਗੋਬਿੰਦਗੜ ਜੀਤ ਸਿੰਘ ਸੇਖੋਵਾਸ ਭੈਣ ਕਰਨੈਲ ਕੌਰ ਹਰਿਆਊ ਜਸਮੇਲ ਕੌਰ ਹਰਿਆਊ ਭੂਰੋ ਕੌਰ ਹਰਿਆਊ ਦਲੀਪ ਸਿੰਘ ਧਰਮਜੀਤ ਸਿੰਘ ਹਰਿਆਊ

## ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸੰਗਰੂਰ ਵਿਖੇ ਕੀਤੀ ਕਨਵੈਂਨਸ਼ਨ




**ਸੰਗਰੂਰ, 9 ਨਵੰਬਰ (ਜਸਪਾਲ ਸਰਾਓ)**: ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਅੱਜ ਸਥਾਨਕ ਗਦਰ ਭਵਨ ਸੰਗਰੂਰ ਵਿਖੇ ਮੁਲਾਜ਼ਮਾਂ ਨੂੰ ਜਾਗਰੂਕ ਕਰਨ ਲਈ ਪੁਰਾਣੀ ਪੈਨਸ਼ਨ ਦੇ ਮੁੱਦੇ ਤੇ ਕਨਵੈਂਨਸ਼ਨ ਕੀਤੀ ਗਈ ਜਿਸ ਵਿੱਚ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਪ੍ਰਧਾਨ ਅਤਿੰਦਰ ਘੱਗਾ ਅਤੇ ਗੁਰਛੈਬਰ ਸਿੰਘ ਨੇ ਮੁਲਾਜ਼ਮਾਂ ਦੀ ਪੈਨਸ਼ਨ ਦੀ ਮੌਜੂਦਾ ਸਥਿਤੀ, ਚੁਣੌਤੀਆਂ ਅਤੇ ਪੁਰਾਣੀ ਪੈਨਸ਼ਨ ਲਾਗੂ ਕਰਵਾਉਣ ਲਈ ਨੀਤੀਗਤ ਵਿਚਾਰ ਚਰਚਾ ਕੀਤੀ ਇਸ ਤੋਂ ਬਾਅਦ ਪੰਜਾਬ ਸਰਕਾਰ ਦੇ ਖਿਲਾਫ ਗਦਰ ਭਵਨ ਤੋਂ ਲਾਲ ਬੱਤੀ ਚੌਂਕ ਤੱਕ ਵਾਅਦਾ ਯਾਦ ਦਿਵਾਊ ਰੋਸ ਮਾਰਚ ਕੀਤਾ ਗਿਆ ਕਿਉਂਕਿ ਪੰਜਾਬ ਦੀ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਅਤੇ ਸਰਕਾਰ ਬਨਣ ਤੋਂ ਬਾਅਦ 2022 ਵਿੱਚ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਦੇ ਮੱਦੇ ਨਜ਼ਰ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਲਈ ਨੋਟੀਫਿਕੇਸ਼ਨ ਕੀਤਾ ਗਿਆ ਸੀ, ਪਰ ਅਜੇ ਤੱਕ ਪੰਜਾਬ ਦੇ ਕਿਸੇ ਵੀ ਮੁਲਾਜ਼ਮ ਤੇ ਪੁਰਾਣੀ ਪੈਨਸ਼ਨ ਅਤੇ ਉਹ ਨੋਟੀਫਿਕੇਸ਼ਨ ਲਾਗੂ ਨਹੀਂ ਕੀਤਾ ਗਿਆ । ਇਸ ਮੌਕੇ ਅਤਿੰਦਰ ਘੱਗਾ, ਗੁਰਛੈਬਰ ਸਿੰਘ, ਰਘਬੀਰ ਸਿੰਘ ਭਵਾਨੀਗੜ੍ਹ, ਹਰਜੀਤ ਵਾਲੀਆ ਅਤੇ ਬੱਬਨ ਪਾਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ ਅਤਿੰਦਰ ਘੱਗਾ ਅਤੇ ਗੁਰਸ਼ੈਬਰ ਸਿੰਘ ਤੋਂ ਇਲਾਵਾ ਇਸ ਮੌਕੇ ਸੁਖਵਿੰਦਰ ਗਿਰ, ਕੁਲਵੰਤ ਖਨੌਰੀ, ਰਵਿੰਦਰ ਦਿੜਬਾ ਨੇ ਵੀ ਸੰਬੋਧਨ ਕੀਤਾ। ਉਕਤ ਤੋਂ ਇਲਾਵਾ ਇਸ ਮੌਕੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਆਗੂ ਮਨਜੀਤ ਲਹਿਰਾ, ਕਰਮਜੀਤ ਨਦਾਮਪੁਰ, ਗੁਰਦੀਪ ਚੀਮਾ , ਅੰਮ੍ਰਿਤ ਸਿੰਘ ਤੋਂ ਇਲਾਵਾ ਅਮਨ ਵਿਸ਼ਿਸ਼ਟ, ਇੰਦਰਜੀਤ ਮਲੇਰਕੋਟਲਾ, ਗੁਰਜੰਟ ਲਾਂਗੜੀਆ , ਬਿਕਰਮਜੀਤ ਮਲੇਰਕੋਟਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੁਲਾਜ਼ਮ ਆਗੂ ਸ਼ਾਮਿਲ ਰਹੇ।

## ਡੀਸੀ ਨੇ ਚੰਨਣਵਾਲ -ਗਹਿਲ ਰੋਡ ਅਤੇ ਧਨੌਲਾ-ਭੱਠਲ ਰੋਡ ਦਾ ਕੰਮ ਚੈੱਕ ਕੀਤਾ



**ਬਰਨਾਲਾ, 9 ਸਤੰਬਰ (ਗਗਨ ਟੱਲੇਵਾਲ)**: ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਅੱਜ ਚੰਨਣਵਾਲ-ਗਹਿਲ ਰੋਡ ਅਤੇ ਧਨੌਲਾ-ਭੱਠਲ ਰੋਡ ਬਣਾਉਣ ਦੇ ਚੱਲ ਰਹੇ ਕੰਮ ਦੀ ਜਾਂਚ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਿਕ, ਸੜਕਾਂ ਦੀ ਗੁਣਵੱਤਾ ਅਤੇ ਕੰਮ ਦੀ ਗਤੀ ਜਾਂਚੀ ਜਾਂਦੀ ਹੈ ਤਾਂ ਜੋ ਵਧੀਆ ਗੁਣਵੱਤਾ ਵਾਲੀਆਂ ਸੜਕਾਂ ਬਣ ਸਕਣ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਕਿਸੇ ਵੀ ਸੜਕ ਦਾ ਨਮੂਨਾ ਗੁਣਵੱਤਾ ਮਾਪਦੰਡਾਂ ਅਨੁਸਾਰ ਨਹੀਂ ਨਿਕਲਿਆ ਤਾਂ ਸਬੰਧਿਤ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਹੋਏਗੀ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਨਮੂਨੇ ਦੀ ਗੁਣਵੱਤਾ ਫੇਲ੍ਹ ਹੋ ਜਾਂਦੀ ਹੈ ਤਾਂ ਕੰਟ ?ੈਕਟਰ 'ਤੇ ਜ਼ੁਰਮਾਨਾ ਅਤੇ ਕਾਨੂੰਨੀ ਕਾਰਵਾਈ ਹੋਏਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਠੀਕਰੀਵਾਲ ਤੋਂ ਚੰਨਣਵਾਲ, ਗਹਿਲ, ਦੀਵਾਨਾ, ਹਠੂਰ ਤੋਂ ਐਮ.ਸੀ. ਹੱਦ ਤੱਕ ਰੋਡ ਬਣਾਈ ਜਾ ਰਹੀ ਹੈ, ਜਿਸ ਦੀ ਕੁੱਲ ਲਾਗਤ 414.32 ਲੱਖ ਰੁਪਏ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਏ.ਡੀ.ਸੀ. ਅਤੇ ਐੱਸ.ਡੀ.ਐੱਮ. ਵੱਲੋਂ ਪਬਲਿਕ ਵਰਕਸ ਵਿਭਾਗ, ਮੰਡੀ ਬੋਰਡ, ਪੰਚਾਇਤੀ ਰਾਜ, ਨਗਰ ਸੁਧਾਰ ਟ ?ਸਟ, ਨਗਰ ਕੌਂਸਲਾਂ ਅਤੇ ਬੀ.ਡੀ.ਪੀ.ਓ.ਸਹਿਤ ਸਾਰੀਆਂ ਲਾਈਨ ਵਿਭਾਗਾਂ ਦੇ ਕੰਮਾਂ ਦੀ ਜਾਂਚ ਹੋਵੇਗੀ।

## 16 ਨਵੰਬਰ ਨੂੰ ਆਯੋਜਿਤ ਹੋਣ ਵਾਲੇ 21ਵੇਂ ਮੇਲਾ ਦੇਸ਼ ਭਗਤਾਂ ਦਾ ਦੀਆਂ ਤਿਆਰੀਆਂ ਮੁਕੰਮਲ



**ਲੌਂਗੋਵਾਲ, 9 ਨਵੰਬਰ (ਰਵੀ ਗਰਗ)**: ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਵਿਹੜੇ ਵਿੱਚ ਹਰ ਸਾਲ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਤ, ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀਆਂ ਦੀ ਸ਼ਹਾਦਤ ਦਿਵਸ ਤੇ ਆਯੋਜਿਤ ਹੋਣ ਵਾਲੇ ਮਾਲਵੇ ਦੇ ਰਵਾਇਤੀ ਦੇਸ਼ ਭਗਤਾਂ ਦੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ ਮੇਲੇ ਬਾਬਤ ਪਿਛਲੇ ਦਿਨੀਂ ਲੌਂਗੋਵਾਲ ਇਲਾਕੇ ਦੀਆਂ ਜਨਤਕ, ਮਜ਼ਦੂਰ, ਕਿਸਾਨ ਅਤੇ ਮੁਲਾਜਮ ਜਥੇਬੰਦੀਆਂ ਦੀ ਇਕੱਤਰਤਾ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿੱਚ ਹੋਈ।ਜਿਸ ਵਿੱਚ ਆਯੋਜਿਤ ਹੋਣ ਵਾਲੇ 21ਵੇਂ ਮੇਲੇ ਦੇ ਵੱਖ ਵੱਖ ਪਹਿਲੂਆਂ ਤੇ ਚਰਚਾ ਕੀਤੀ ਗਈ। ਸੰਸਥਾ ਦੇ ਜਨਰਲ ਸਕੱਤਰ ਜੁਝਾਰ ਲੌਂਗੋਵਾਲ ਨੇ ਮੀਟਿੰਗ ਦੀ ਕਾਰਵਾਈ ਉਪਰੰਤ ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਇਸ ਮੀਟਿੰਗ ਦੀ ਪ੍ਰਧਾਨਗੀ ਬਲਬੀਰ ਲੌਂਗੋਵਾਲ ਵੱਲੋਂ ਕੀਤੀ ਗਈ ਜਿਸ ਵਿੱਚ ਲੌਂਗੋਵਾਲ ਇਲਾਕੇ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਮੇਲੇ ਦੀਆਂ ਤਿਆਰੀਆਂ, ਸਹਿਯੋਗ ਅਤੇ ਹੋਣ ਵਾਲੇ ਵਿਦਿਆਰਥੀਆਂ ਦੇ ਮੁਕਾਬਲਿਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਯਾਦ ਰਹੇ ਇਹ ਮੇਲਾ ਗ਼ਦਰੀ ਗੁਲਾਬ ਕੌਰ ਬਖ਼ਸ਼ੀਵਾਲਾ ਦੇ 100ਸਾਲਾਂ ਸ਼ਹਾਦਤ ਵਰੇ ਨੂੰ ਸਪਰਪਿਤ ਕੀਤਾ ਗਿਆ ਹੈ ਜਿਸ ਵਿੱਚ ਦਿਨ ਵੇਲੇ ਸਕੂਲੀ ਵਿਦਿਆਥੀਆਂ ਦੇ ਗਾਇਣ, ਭਾਸ਼ਣ ਅਤੇ ਕੋਰੀਓਗ੍ਰਾਫੀ ਮੁਕਾਬਲੇ ਅਤੇ ਰਾਤ ਨੂੰ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾਂ ਹੇਠ ਨਾਟਕਾਂ ਭਰੀ ਰਾਤ ਹੋਵੇਗੀ।ਪੰਜਾਬ ਅਤੇ ਦੇਸ਼ ਦੀ ਇਨਕਲਾਬੀ ਵਿਰਾਸਤ ਨੂੰ ਬਚਾਉਣ ਲਈ ਆਯੋਜਤ ਹੋਣ ਵਾਲੇ ਇਸ ਮੇਲੇ ਦੀ ਹਰ ਪੱਖ ਤੋਂ ਸਫਲਤਾ ਲਈ ਸਾਰੀਆਂ ਜਥੇਬੰਦੀਆਂ ਨੇ ਇਕਜੁੱਟਤਾ ਪ੍ਰਗਟਾਉਦੇ ਹੋਏ ਸਾਂਝੇ ਕਾਰਜ਼ ਕਰਨ ਦਾ ਫੈਸਲਾ ਕੀਤਾ ਤੇ ਨਾਲ ਹੀ ਕੇਂਦਰ ਸਰਕਾਰ ਵੱਲੋ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦਾ ਸਖ਼ਤ ਵਿਰੋਧ ਕਰਕੇ ਨਿਖੇਧੀ ਮਤਾ ਪਾਸ ਕਰਦਿਆਂ ਇਸ ਨੂੰ ਸਿੱਖਿਆ ਦਾ ਵਪਾਰੀਕਰਨ ਗਰਦਾਨਿਆ ਅਤੇ ਚੱਲ ਰਹੇ ਸੰਘਰਸ਼ ਨਾਲ ਇਕਜੁੱਟਤਾ ਪ੍ਰਗਟ ਕੀਤੀ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਹਰਦੇਵ ਦੁੱਲਟ, ਦਰਸ਼ਨ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਦੇ ਕੁਲਵਿੰਦਰ ਸੋਨੀ, ਅਮਰ ਸਿੰਘ, ਭੋਲਾ ਸਿੰਘ ਬਟੂਹਾ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਲੌਂਗੋਵਾਲ,ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਦੇ ਸੁੱਖਵਿੰਦਰ ਸਿੰਘ ਢਿੱਲੋਂ, ਭੋਲਾ ਸਿੰਘ, ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਦਾਤਾ ਸਿੰਘ ਨਮੋਲ, ਚੰਦਰ ਸ਼ੇਖਰ,ਤਰਕਸ਼ੀਲ ਸੁਸਾਈਟੀ ਪੰਜਾਬ ਦੇ ਕਮਲਜੀਤ ਵਿੱਕੀ, ਗੁਰਮੇਲ ਸਿੰਘ ਤੋਂ ਇਲਾਵਾ ਯਾਦਗਾਰ ਦੇ ਵਿੱਤ ਸਕੱਤਰ ਅਨਿਲ ਕੁਮਾਰ ਸ਼ਰਮਾ, ਮੀਡੀਆ ਆਗੂ ਬੀਰਬਲ ਸਿੰਘ, ਰਣਜੀਤ ਸਿੰਘ, ਗੁਰਮੇਲ ਸਿੰਘ, ਰਾਮ ਗੁਪਾਲ, ਚਰਨਾ ਸਿੰਘ ਆਦਿ ਆਗੂ ਹਾਜ਼ਿਰ ਸਨ।

## ਸ੍ਰੀ ਰਾਮਦਾਸ ਸੇਵਾ ਸੋਸਾਇਟੀ ਰਜਿ ਨਾਭਾ ਵਲੋਂ ਗਰੀਬ ਲੜਕੀਆਂ ਦੇ ਸਮੂਹਿਕ ਵਿਆਹ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਹਿਬ ਵਿਖੇ ਕਰਵਾਏ



**ਨਾਭਾ, 9 ਨਵੰਬਰ (ਰਾਕੇਸ਼ ਜਿੰਦਲ ਸੁਭਮ ਜਿੰਦਲ)**: ਹਰ ਸਾਲ ਦੀ ਤਰਾਂ ਸ਼ਹਿਰ ਦੀ ਨਾਮੀ ਸਮਾਜ ਸੇਵੀ ਸੰਸਥਾ ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਰਜਿਸਟਰਡ ਨਾਭਾ ਵਲੋਂ ਗਰੀਬ ਲੜਕੀਆਂ ਦੇ ਸਮੂਹਿਕ ਵਿਆਹ ਅੱਜ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਹਿਬ ਵਿਖੇ ਕਰਵਾਏ ਗਏ ਇਸ ਮੌਕੇ ਸੰਸਥਾ ਵਲੋਂ ਉਨਾਂ ਦੇ ਅਨੰਦ ਕਾਰਜ ਦੀਆਂ ਸ਼ਰਮਾ ਉਪਰੰਤ ਜਿੱਥੇ ਚਾਹ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਉੱਥੇ ਹੀ ਵਿਆਹ ਵਾਲੀਆਂ ਲੜਕੀਆਂ ਨੂੰ ਫਰਿੱਜ,ਅਲਮਾਰੀ,ਬੈਂਡ,ਸੋਫੇ,ਗੱਦੇ ਸਿਲਾਈ ਮਸ਼ੀਨਾਂ,ਬਿਸਤਰੇ,ਕੱਪੜੇ,ਭਾਡਿਆ ਡਿਨਰ ਸੈੱਟ ,ਸੂਟਾਂ ਤੋਂ ਇਲਾਵਾ ਘਰੇਲੂ ਵਰਤੋਂ ਵਿੱਚ ਆਉਣ ਵਾਲਾ ਸਮਾਨ ਵੀ ਦਿੱਤਾ ਗਿਆ ਜਿਸ ਦੀ ਸਾਰੇ ਪਾਸੇ ਸਲਾਘਾ ਹੋ ਰਹੀ ਹੈ ਇਸ ਮੌਕੇ ਸੰਸਥਾ ਦੇ ਸਰਪ੍ਰਸਤ ਜਥੇਦਾਰ ਸਰਬਜੀਤ ਸਿੰਘ ਧੀਰੋਮਾਜਰਾ,ਸਰਪ੍ਰਸਤ ਜਥੇਦਾਰ ਜਗਜੀਤ ਸਿੰਘ ਖੋਖ,ਪ੍ਰਧਾਨ ਹਰਪ੍ਰੀਤ ਸਿੰਘ ਨੇ ਵਿਆਹ ਵਾਲੀਆਂ ਜੋੜੀਆਂ ਨੂੰ ਅਸ਼ੀਰਵਾਦ ਦਿੰਦਿਆਂ ਵਧਾਈਆਂ ਦਿੱਤੀਆ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਇਸ ਮੌਕੇ ਚਰਨ ਸਿੰਘ ਐਮ ਡੀ ਮਲਕੀਤ ਕੰਬਾਈਨ,ਹਰਵਿੰਦਰ ਸਿੰਘ ਕਰਤਾਰ ਕੰਬਾਈਨ,ਅਮਰੀਕ ਸਿੰਘ ਗੁ,ਦਿਆਲ ਕੰਬਾਈਨ,ਹਰਫੂਲ ਸਿੰਘ ਐਮ ਡੀ ਜੀ ਐਨ ਕੰਬਾਈਨ,ਬਾਬਾ ਕੁਲਦੀਪ ਸਿੰਘ ਕਾਰਸੇਵਾ ਵਾਲੇ,ਮਨੈਜਰ ਆਤਮ ਪ੍ਰਕਾਸ਼ ਸਿੰਘ,ਤੋਂ ਇਲਾਵਾ ਸੰਸਥਾ ਦੇ ਆਹੁਦੇਦਾਰ ਤੇ ਮੈਂਬਰ ਅਮਰਜੀਤ ਸਿੰਘ ਮਠਾੜੂ, ਭਗਵੰਤ ਸਿੰਘ ਡਿਫੈਂਸ ਕਲੋਨੀ, ਮਾਸਟਰ ਗੁਰਮੇਲ ਸਿੰਘ, ਜਗਪ੍ਰੀਤ ਸਿੰਘ ਭਾਟੀਆ, ਦਵਿੰਦਰ ਸਿੰਘ ਘਣੀਵਾਲ, ਗੁਰਮੀਤ ਸਿੰਘ ਨਾਭਾ, ਬਾਬੂ ਸਿੰਘ ਮੋਤੀ ਬਾਗ ,ਜਥੇਦਾਰ ਗਿਆਨ ਸਿੰਘ ਲੋਪੇ, ਹਰਵਿੰਦਰ ਸਿੰਘ ਬਾਬਰਪੁਰ ,ਪਰਮਜੀਤ ਸਿੰਘ ਮੋਲਗਵਾਰਾ ,ਕੁਲਵੰਤ ਸਿੰਘ ,ਮਿਹਰ ਸਿੰਘ ,ਰਜਿੰਦਰ ਸਿੰਘ ,ਦਲੇਰ ਸਿੰਘ, ਮੈਨੇਜਰ ਹਰਸਿਮਰਨ, ਸਿੰਘ ,ਮੈਨੇਜਰ ਬਲਜੀਤ ਸਿੰਘ ਮਾਸਟਰ ਤਰਲੋਚਨ ਸਿੰਘ ,ਸ਼ਮਿੰਦਰ ਸਿੰਘ ਪੱਪੂ ,ਸ਼ੇਰ ਬਹਾਦਰ ਸਿੰਘ, ਪਰਗਟ ਸਿੰਘ ਹੀਰਾ ਮਹਿਲ ਰਣਜੀਤ ਸਿੰਘ ਕੂਕੂ ਤੇ ਸੰਗਤ ਵੱਡੀ ਗਿਣਤੀ ਚ ਹਾਜ਼ਰ ਰਹੀ

## ਗਾਇਕ ਜੋੜੀ ਗੁਰਵੀਰ ਭੱਟੀ ਤੇ ਜੈਸਲੀਨ ਦਾ ਡਿਊਟ ਗੀਤ '11 ਕੇਸ' ਦਾ ਪੋਸਟਰ ਰੀਲੀਜ਼ ਕੀਤਾ




**ਸੰਗਰੂਰ, 9 ਨਵੰਬਰ (ਜਸਪਾਲ ਸਰਾਉ)**: ਪੰਜਾਬ ਦੀ ਨਾਮਵਰ ਯੂ ਟਿਊਬ ਚੈਨਲ ਕੇ ਸੀ ਏ ਮਿਊਜਿਕ ਦੇ ਬੈਨਰ ਹੇਠ ਇੱਕ ਸਿੰਗਲ ਟ ?ੈਕ ਡਿਊਟ ਗੀਤ11 ਕੇਸ ਦਾ ਅੱਜ ਪੋਸਟਰ ਰੀਲੀਜ ਕੀਤਾ ਗਿਆ। ਸਾਡੇ ਦੇਸ਼ ਪ੍ਰਦੇਸ ਅਖਬਾਰ ਦੇ ਪੱਤਰਕਾਰ ਜਸਪਾਲ ਸਰਾਓ ਨਾਲ ਗੱਲਬਾਤ ਦੌਰਾਨ ਕੇ ਸੀ ਏ ਮਿਊਜਿਕ ਦੇ ਮਾਲਿਕ ਕੁਲਵਿੰਦਰ ਸਰਮਾ ਪੱਖੋ ਨੇ ਦੱਸਿਆ ਹੈ। ਇਸ ਡਿਊਟ ਗੀਤ ਦਾ ਮਿਊਜਿਕ ਮੋਹਿਤ ਬੀਹਲਾ ਨੇ ਕੀਤਾ ਹੈ। ਵੀਡੀਓ ਡਾਇਰੈਕਟਰ ਖੁਦ ਕੁਲਵਿੰਦਰ ਸਰਮਾ ਨੇ ਦਿਲ ਖਿਚਵੀਆ ਲੋਕੇਸ਼ਨਾਂ ਤੇ ਫਿਲਮਾਂਕਣ ਕੀਤਾ ਗਿਆ ਹੈ। ਜਿਸ ਵਿੱਚ ਗਗਨ ਹੰਡਿਆਇਆ, ਜੋਤ ਭੋਤਨਾ, ਗੱਗਾ ਭੋਤਨਾ,ਬੱਬੂ ਚੰਨਣਵਾਲ, ਮੌਡਲ ਅਮਨਦੀਪ ਕੌਰ, ਸੋਨੀਆ ਬਰਨਾਲਾ,ਡਾਂ ਨਾਜ਼ੀ ਸਹਿਣਾ, ਗੁਰਪ੍ਰੀਤ ਸਹਿਣਾ,ਦੀਪ ਸਹਿਣਾ,ਬਲਦੇਵ ਸਿੰਘ ਸਹਿਣਾ, ਨਾਹਰ ਫੌਜੀ,ਗਾਇਕ ਗੁਰਦਾਸ ਸਿੱਧੂ ਨੇ ਕੰਮ ਕੀਤਾ ਹੈ। ਉਨ੍ਹਾਂ ਅੱਗੇ ਬੋਲਦਿਆ ਕਿਹਾ ਹੈ। ਕਿ ਇਸ ਡਿਊਟ ਗੀਤ ਦੇ ਰਚੇਤਾ ਜਾਨੀ ਗੀਤਕਾਰ ਮੱਖਣ ਮਿੱਤਲ ਸਹਿਣੇ ਵਾਲਾ ਹਨ। ਇਹੇ ਡਿਊਟ ਗੀਤ ਮਿਤੀ 12 ਨਵੰਬਰ ਨੂੰ ਯੂ ਟਿਊਬ ਚੈਨਲ ਕੇ ਸੀ ਏ ਤੇ ਰੀਲੀਜ ਹੋਣ ਜਾ ਰਿਹਾ ਹੈ। ਸਾਨੂੰ ਉਮੀਦ ਹੈ। ਕਿ ਸਾਡੇ ਵੱਲੋ ਰੀਲੀਜ ਹੋਇਆ ਪੋਸਟਰ ਤੇ ਆ ਰਿਹਾ ਗੀਤ ਹਰੇਕ ਵਰਗ ਨੂੰ ਪਸੰਦ ਆਵੇਗਾ।

## ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬਣਦੇ ਹੱਕ ਪ੍ਰਾਪਤ ਕਰਨ 'ਚ ਅੜਿੱਕਾ ਡਾਹੁਣ ਵਾਲਿਆਂ ਨਾਲ ਹੁਣ ਕਾਨੂੰਨੀ ਤੌਰ 'ਤੇ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ: ਚੀਮਾ, ਢਾਬਾਂ



**ਜਲਾਲਾਬਾਦ, 9 ਨਵੰਬਰ (ਸੁਭਾਸ਼ ਸਿੰਘ)**: ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬਣਦੇ ਹੱਕ ਪ੍ਰਾਪਤ ਕਰਨ ਲਈ ਉਹਨਾਂ ਨੂੰ ਕਈ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਮੁਸ਼ਕਲਾਂ ਵਿੱਚ ਸਭ ਤੋਂ ਮੁੱਖ ਤੇ ਵੱਡੀ ਸਮੱਸਿਆ ਹੈ ਸੇਵਾ ਕੇਂਦਰਾਂ ਅਤੇ ਕਿਰਤ ਦਫਤਰਾਂ ਵਿੱਚ ਫੈਲੀ ਵੱਡੀ ਰਿਸ਼ਵਤਖੋਰੀ ਜਿਸ ਕਾਰਨ ਰਿਸ਼ਵਤ ਨਾ ਦੇਣ ਵਾਲੇ ਉਸਾਰੀ ਕਿਰਤੀ ਨੂੰ ਆਪਣਾ ਹੱਕ ਪ੍ਰਾਪਤ ਕਰਨ ਲਈ ਦਰ ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਹੁਣ ਕੰਨਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਦੀ ਅਗਵਾਈ ਵਿੱਚ ਕਿਸੇ ਵੀ ਉਸਾਰੀ ਕਿਰਤੀ ਨੂੰ ਆਪਣੇ ਬਣਦੇ ਹੱਕ ਪ੍ਰਾਪਤ ਵਿੱਚ ਅੜਿੱਕਾ ਡਾਹੁਣ ਵਾਲੇ ਕਿਰਤ ਵਿਭਾਗ ਅਤੇ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੂੰ ਕਾਨੂੰਨੀ ਤੌਰ 'ਤੇ ਸਬਕ ਸਿਖਾਉਂਦਿਆਂ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੰਸਟ ?ਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਏਟਕ) ਦੇ ਸੂਬਾ ਖਜ਼ਾਨਚੀ ਸਾਥੀ ਪ੍ਰਦੀਪ ਚੀਮਾ ਅਤੇ ਸੂਬਾ ਮੀਤ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਨੇ ਸਥਾਨਕ ਸੁਤੰਤਰ ਭਵਨ ਵਿਖੇ ਏਆਈਵਾਈਐਫ ਅਤੇ ਸੀ.ਡਬਲਯੂ.ਐਲ.ਯੂ ਵੱਲੋਂ ਬੀਓਸੀਡਬਲਯੂ ਐਕਟ ਦੀ ਜਾਣਕਾਰੀ ਦੇਣ ਲਈ ਆਯੋਜਿਤ ਕੀਤੇ ਗਏ ਕੈਂਪ 'ਚ ਵੱਡੀ ਗਿਣਤੀ ਵਿੱਚ ਹਾਜ਼ਰ ਵਿਦਿਆਰਥੀਆਂ, ਨੌਜਵਾਨਾਂ ਅਤੇ ਉਸਾਰੀ ਕਿਰਤੀਆਂ ਨੂੰ ਸੰਬੋਧਨ ਕਰਦੇ ਸਮੇਂ ਕੀਤਾ। ਉਹਨਾਂ ਕਿਹਾ ਕਿ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਉਹਨਾਂ ਨੂੰ ਕਾਨੂੰਨ ਦੁਆਰਾ ਹੱਕ ਪ੍ਰਾਪਤ ਹਨ, ਪ੍ਰੰਤੂ ਸੂਬੇ ਭਰ ਵਿੱਚ ਉਹ ਸਾਰੀ ਕਿਰਤੀਆਂ ਨੂੰ ਆਪਣੇ ਕਾਨੂੰਨੀ ਹੱਕ ਪ੍ਰਾਪਤ ਕਰਨ ਲਈ ਦਫਤਰਾਂ ਦੇ ਕਈ ਕਈ ਚੱਕਰ ਕੱਟਣੇ ਪੈਂਦੇ ਹਨ। ਦਫਤਰਾਂ ਵਿੱਚ ਬਿਨਾਂ ਕਾਰਨ ਗੈਰ ਵਾਜਿਬ ਓਬਜੈਕਸ਼ਨ ਲਗਾਏ ਜਾ ਰਹੇ ਹਨ। ਜ਼ਿਲ੍ਹਾ ਫਾਜ਼ਿਲਕਾ ਵਿੱਚ ਕਈ ਸਾਲਾਂ ਦੇ ਵਜ਼ੀਫੇ ਅੱਜ ਵੀ ਪੈਂਡਿੰਗ ਪਏ ਹਨ। ਆਗੂਆਂ ਨੇ ਕਿਹਾ ਕਿ ਇਸ ਦਾ ਇੱਕੋ ਇੱਕ ਮੁੱਖ ਕਾਰਨ ਹੈ ਕਿ ਸੇਵਾ ਕੇਂਦਰਾਂ ਅਤੇ ਕਿਰਤ ਵਿਭਾਗ ਦਫਤਰ ਵਿੱਚ ਵੱਡੇ ਪੱਧਰ ਤੇ ਰਿਸ਼ਵਤਖੋਰੀ ਦਾ ਬੋਲ ਬਾਲਾ ਹੈ। ਸਥਾਨਕ ਪੱਧਰ ਦੇ ਦਲਾਲਾਂ ਦੀ ਜੋ ਕਿ ਉਸਾਰੀ ਕਿਰਤੀਆਂ ਦੀ ਵੱਡੇ ਪੱਧਰ 'ਤੇ ਲੁੱਟ ਕਰ ਰਹੇ ਹਨ। ਸਥਾਨਕ ਪੱਧਰ ਤੋਂ ਲੈ ਕੇ ਸੂਬਾ ਹੈੱਡ ਕੁਆਰਟਰ ਤੱਕ ਸਿੱਧਾ ਤਾਲਮੇਲ ਹੈ। ਜਿਸ ਕਾਰਨ ਉਸਾਰੀ ਕਿਰਤੀ ਨੂੰ ਉਸਦਾ ਬਣਦਾ ਹੱਕ ਪੂਰਾ ਨਹੀਂ ਮਿਲ ਰਿਹਾ। ਇਸ ਮੌਕੇ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਫਾਜ਼ਿਲਕਾ ਦੇ ਮੀਤ ਪ੍ਰਧਾਨ ਡਾਕਟਰ ਬਲਵਿੰਦਰ ਘੁਬਾਇਆ ਅਤੇ ਬਲਾਕ ਜਲਾਲਾਬਾਦ ਦੇ ਮੀਤ ਪ੍ਰਧਾਨ ਸਾਥੀ ਸੋਨਾ ਸਿੰਘ ਧੁੰਨਕੀਆਂ ਨੇ ਕਿਹਾ ਕਿ ਉਸਾਰੀ ਕਿਰਤੀਆਂ ਦੀਆਂ ਸਕੀਮਾਂ ਪਾਸ ਕਰਨ ਲਈ ਅਧਿਕਾਰੀ ਅਤੇ ਕਰਮਚਾਰੀ ਗੈਰ ਵਾਜਿਬ ਓਬਜੈਕਸ਼ਨ ਲਾਉਣੇ ਬੰਦ ਕਰਨ। ਇਸ ਮੌਕੇ ਹੋਰਾਂ ਤੋਂ ਇਲਾਵਾ ਬਲਵੀਰ ਕਾਠਗੜ੍ਹ,ਰਾਜ ਖੀਵਾ,ਮੰਗਤ ਸੋਹਣਾ ਸਾਂਦੜ,ਸੁਰਿੰਦਰ ਬਾਹਮਣੀ ਵਾਲਾ, ਮਨਪ੍ਰੀਤ ਕੋਕਰੀ,ਰਾਜੂ ਟਾਹਲੀ ਵਾਲਾ,ਲਵਪ੍ਰੀਤ ਕਾਠਗੜ੍ਹ,ਨਵਨੀਤ ਸਿੱਧੂ ਵਾਲਾ,ਅਸ਼ੋਕ ਸਿੰਘ,ਪੰਮਾ ਥਾਰਾ,ਰਾਧਿਕਾ,ਕਮਲੇਸ਼ ਕੌਰ ਕਾਠਗੜ੍ਹ,ਗੁਰਪ੍ਰੀਤ ਸਿੰਘ,ਪਾਰਸ ਚੱਕ ਸੁਖੇਰਾ,ਲਵਪ੍ਰੀਤ ਸਿੱਧੂ ਵਾਲਾ,ਮੱਘਰ ਸਿੰਘ, ਜਗਦੀਸ਼ ਬਲਾਕੀ ਵਾਲਾ, ਹਰਪ੍ਰੀਤ ਭੰਬਾ ਵੱਟੂ, ਰਿੰਕੂ ਸਿੰਘ, ਗੁਰਮੀਤ ਖੀਵਾ ਅਤੇ ਮਨਪ੍ਰੀਤ ਸਿੰਘ ਢੰਡੀਆਂ ਨੇ ਵੀ ਸੰਬੋਧਨ ਕੀਤਾ।

## ਟਰਾਇਡੈਂਟ ਗਰੁੱਪ ਅਤੇ ਪੀਜੀਟੀਆਈ ਵੱਲੋਂ ਪਹਿਲੀ 'ਟਰਾਇਡੈਂਟ ਓਪਨ' ਗੋਲਫ ਚੈਂਪਿਅਨਸ਼ਿਪ ਦਾ ਐਲਾਨ




**ਅੰਮ੍ਰਿਤਸਰ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ)**: ਟਰਾਇਡੈਂਟ ਗਰੁੱਪ ਅਤੇ ਪ੍ਰੋਫ਼ੈਸ਼ਨਲ ਗੋਲਫ ਟੂਰ ਆਫ ਇੰਡੀਆ (ਪੀਜੀਟੀਆਈ) ਨੇ ਮਿਲਕੇ ਪਹਿਲੀ 'ਟਰਾਇਡੈਂਟ ਓਪਨ ਗੋਲਫ ਚੈਂਪਿਅਨਸ਼ਿਪ' ਦਾ ਐਲਾਨ ਕੀਤਾ ਹੈ। ਇਹ ਟੂਰਨਾਮੈਂਟ 11 ਤੋਂ 14 ਨਵੰਬਰ ਤੱਕ ਚੰਡੀਗੜ੍ਹ ਗੋਲਫ ਕਲੱਬ ਵਿੱਚ ਖੇਡੀ ਜਾਵੇਗੀ ਅਤੇ ਇਸ ਦੀ ਇਨਾਮੀ ਰਕਮ ?1 ਕਰੋੜ ਹੋਵੇਗੀ। ਟੂਰਨਾਮੈਂਟ ਦੀ ਸ਼ੁਰੂਆਤ 8 ਨਵੰਬਰ ਨੂੰ ਐਮ-ਐਮ ਇਵੈਂਟ ਨਾਲ ਤੇ 9 ਨਵੰਬਰ ਨੂੰ ਪ੍ਰੋ-ਐਮ ਇਵੈਂਟ ਨਾਲ ਹੋਵੇਗੀ। ਮੁੱਖ ਪ੍ਰਾਯੋਜਕ ਟਰਾਇਡੈਂਟ ਗਰੁੱਪ ਹੈ ਜੋ ਸੰਸਦ ਮੈਂਬਰ ਅਤੇ ਚੇਅਰਮੈਨ ਰਜਿੰਦਰ ਗੁਪਤਾ ਦੀ ਅਗਵਾਈ ਹੇਠ ਇਕ ਪ੍ਰਮੁੱਖ ਭਾਰਤੀ ਉਦਯੋਗ ਗਰੁੱਪ ਹੈ। ਟੂਰਨਾਮੈਂਟ ਵਿਚ ਦੇਸ਼ ਦੇ ਆਗੂ ਗੋਲਫਰ ਹਿੱਸਾ ਲੈਣਗੇ ਜਿਨ੍ਹਾਂ ਵਿਚ ਪੀਜੀਟੀਆਈ ਰੈਂਕਿੰਗ ਲੀਡਰ ਯੂਵਰਾਜ ਸੰਧੂ, ਅਰਜੁਨ ਪ੍ਰਸਾਦ, ਸ਼ੌਰਿਆ ਭੱਟਾਚਾਰਿਆ, ਅੰਗਦ ਚੀਮਾ, ਓਮਪ੍ਰਕਾਸ਼ ਚੌਹਾਨ ਅਤੇ ਮਨੂ ਗਾਂਦਾਸ ਸ਼ਾਮਲ ਹਨ। ਚੰਡੀਗੜ੍ਹ-ਟ ?ਾਈਸਿਟੀ ਵੱਲੋਂ ਜੈਰਾਜ ਸਿੰਘ ਸੰਧੂ, ਅਕਸ਼ੈ ਸ਼ਰਮਾ, ਰਵੀ ਕੁਮਾਰ, ਅਭਿਜੀਤ ਸਿੰਘ ਚੱਡਾ, ਬ੍ਰਿਜੇਸ਼ ਕੁਮਾਰ, ਰੌਨਿਲ ਕੁੱਕਰ, ਅਨੰਤ ਸਿੰਘ ਅਹਲਾਵਤ, ਅਮਰਿਤ ਲਾਲ, ਚੰਦਰਜੀਤ ਯਾਦਵ, ਬਰਸ਼ਵਰਪਾਲ ਸਿੰਘ, ਉਮੇਦ ਕੁਮਾਰ (ਪੀਜੀਟੀਆਈ ਨੇਕਸਜਨ ਆਰਡਰ ਆਫ ਮੇਰਿਟ ਚੈਂਪੀਅਨ), ਵਾਸੂ ਸੇਹਗਲ ਅਤੇ ਵਿਸ਼ਵ ਪ੍ਰਤਾਪ ਸਿੰਘ ਗਿੱਲ ਵਰਗੀਆਂ ਸਥਾਨਕ ਪ੍ਰਤਿਭਾਵਾਂ ਵੀ ਖੇਡਣਗੀਆਂ। ਵਿਦੇਸ਼ੀ ਗੋਲਫਰਾਂ ਵਿਚ ਸ਼੍ਰੀਲੰਕਾ ਦੇ ਐਨ. ਥੰਗਰਾਜਾ ਅਤੇ ਕੇ. ਪ੍ਰਭਾਗਰਨ, ਬੰਗਲਾਦੇਸ਼ ਦੇ ਜਮਾਲ ਹੁਸੈਨ, ਸਿਦਦਿਕੁਰ ਰਹਮਾਨ, ਬਦਲ ਹੁਸੈਨ ਅਤੇ ਅਕਬਰ ਹੁਸੈਨ, ਅਮਰੀਕਾ ਦੇ ਕੋਇਚਿਰੋ ਸੈਟੋ ਅਤੇ ਡੇਰਕ ਟ ?ੋਫਿਮਚੁਕ, ਨੇਪਾਲ ਦੇ ਸੁਬਾਸ ਤਾਮਾਂਗ, ਇਟਲੀ ਦੇ ਫੈਡੇਰੀਕੋ ਜੁਚੇਤੀ ਅਤੇ ਯੂਗਾਂਡਾ ਦੇ ਜੋਸ਼ੁਆ ਸੀਲ ਸ਼ਾਮਲ ਹੋਣਗੇ। 21 ਸਾਲਾ ਸ਼ੁਭਮ ਜਗਲਾਨ, ਜੋ ਭਾਰਤ ਦੇ ਨੰਬਰ-1 ਜੂਨੀਅਰ ਗੋਲਫਰ ਰਹਿ ਚੁੱਕੇ ਹਨ ਅਤੇ ਅਮਰੀਕਾ ਵਿੱਚ ਪ੍ਰੋ ਗੋਲਫ ਖੇਡ ਰਹੇ ਹਨ, ਆਪਣਾ ਪੀਜੀਟੀਆਈ ਡੈਬਿਊ ਇਸ ਟੂਰਨਾਮੈਂਟ ਨਾਲ ਕਰਨਗੇ। ਇਹ 72 ਹੋਲ ਸਟ ?ੋਕ-ਪਲੇ ਟੂਰਨਾਮੈਂਟ ਹੋਵੇਗਾ ਜਿਸ ਵਿੱਚ 123 ਪ੍ਰੋਫ਼ੈਸ਼ਨਲ ਅਤੇ 3 ਐਮੇਚਰ ਖਿਡਾਰੀ ਖੇਡਣਗੇ। ਪਹਿਲੇ 36 ਹੋਲਾਂ ਤੋਂ ਬਾਅਦ ਕਟ ਲਗਾਇਆ ਜਾਵੇਗਾ, ਤੇ ਟੌਪ 50 ਖਿਡਾਰੀ (ਟਾਈ ਸਮੇਤ) ਅਗਲੇ 36 ਹੋਲ ਖੇਡਣਗੇ। ਰਜਿੰਦਰ ਗੁਪਤਾ, ਸੰਸਦ ਮੈਂਬਰ (ਰਾਜ ਸਭਾ) ਅਤੇ ਚੇਅਰਮੈਨ, ਟਰਾਇਡੈਂਟ ਗਰੁੱਪ ਨੇ ਕਿਹਾ ਕੀ ਸਾਨੂੰ ਮਾਣ ਹੈ ਕਿ ਅਸੀਂ ਪੀਜੀਟੀਆਈ ਨਾਲ ਮਿਲਕੇ 'ਪਹਿਲੀ ਟਰਾਇਡੈਂਟ ਓਪਨ ਗੋਲਫ ਚੈਂਪਿਅਨਸ਼ਿਪ' ਸ਼ੁਰੂ ਕਰ ਰਹੇ ਹਾਂ। ਕਪਿਲ ਦੇਵ ਵਰਗੇ ਮਹਾਨ ਖਿਡਾਰੀ ਦੇ ਸਹਿਯੋਗ ਨਾਲ ਇਹ ਪਹਿਲ ਸਾਡੇ ਖੇਡ ਅਤੇ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਨ ਦੀ ਸਾਂਝੀ ਸੋਚ ਦਾ ਪ੍ਰਤੀਕ ਹੈ। ਟਰਾਇਡੈਂਟ ਲਈ ਗੋਲਫ ਸਿਰਫ਼ ਖੇਡ ਨਹੀਂ, ਸਗੋਂ ਅਨੁਸ਼ਾਸਨ, ਰਣਨੀਤੀ ਅਤੇ ਰਿਸ਼ਤਿਆਂ ਦੀ ਕਲਾ ਹੈ ਜੋ ਸਾਡੇ ਮੂਲ ਮੁੱਲਾਂ ਨਾਲ ਮੇਲ ਖਾਂਦੀ ਹੈ। ਕਪਿਲ ਦੇਵ, ਪ੍ਰਧਾਨ, ਪੀਜੀਟੀਆਈ ਨੇ ਕਿਹਾ ਕੀ "ਟਰਾਇਡੈਂਟ ਗਰੁੱਪ ਨਾਲ ਮਿਲਕੇ ਇਹ ਟੂਰਨਾਮੈਂਟ ਕਰਾਉਣਾ ਭਾਰਤੀ ਗੋਲਫ ਦੇ ਵੱਧ ਰਹੇ ਮਿਆਰ ਨੂੰ ਦਰਸਾਉਂਦਾ ਹੈ। ਚੰਡੀਗੜ੍ਹ ਗੋਲਫ ਕਲੱਬ ਦੇਸ਼ ਦੇ ਸਭ ਤੋਂ ਪ੍ਰਤਿਸ਼ਠਿਤ ਗੋਲਫ ਮੈਦਾਨਾਂ ਵਿੱਚੋਂ ਇੱਕ ਹੈ ਅਤੇ ਇਹ ਇਸ ਟੂਰਨਾਮੈਂਟ ਲਈ ਬਿਲਕੁਲ ਉਚਿਤ ਸਥਾਨ ਹੈ। ਰਵੀਬੀਰ ਸਿੰਘ, ਪ੍ਰਧਾਨ, ਚੰਡੀਗੜ੍ਹ ਗੋਲਫ ਕਲੱਬ ਨੇ ਕਿਹਾ ਕੀ "ਸਾਡੇ ਕਲੱਬ ਲਈ ਇਹ ਮਾਣ ਦੀ ਗੱਲ ਹੈ ਕਿ ਅਸੀਂ ਪਹਿਲੀ ਟਰਾਇਡੈਂਟ ਓਪਨ ਦੀ ਮੇਜ਼ਬਾਨੀ ਕਰ ਰਹੇ ਹਾਂ। ਇਹ ਟੂਰਨਾਮੈਂਟ ਮੈਂਬਰਾਂ ਅਤੇ ਸਥਾਨਕ ਗੋਲਫ ਪ੍ਰੇਮੀਆਂ ਲਈ ਇੱਕ ਸ਼ਾਨਦਾਰ ਤਜਰਬਾ ਹੋਵੇਗਾ। ਚੰਡੀਗੜ੍ਹ ਗੋਲਫ ਕਲੱਬ ਦਾ 7,202 ਯਾਰਡ ਲੰਬਾ, 18-ਹੋਲ, ਪਾਰ-72 ਕੋਰਸ ਆਪਣੀ ਟਾਈਟ ਫੇਅਰਵੇਜ਼ ਅਤੇ ਘਣੇ ਦਰੱਖ਼ਤਾਂ ਨਾਲ ਘਿਰੇ ਖ਼ੂਬਸੂਰਤ ਲੇਆਊਟ ਲਈ ਮਸ਼ਹੂਰ ਹੈ। ਇਸ ਦਾ ਸੱਤਵਾਂ ਹੋਲ 613 ਯਾਰਡ ਲੰਬਾ ਹੈ ਜੋ ਭਾਰਤ ਦੇ ਸਭ ਤੋਂ ਲੰਬੇ ਪਾਰ-5 ਹੋਲਾਂ ਵਿੱਚੋਂ ਇੱਕ ਹੈ। ਪੀਜੀਟੀਆਈ ਦੇ ਸਾਲ ਭਰ ਦੇ ਪ੍ਰਯਾਸਾਂ ਨੂੰ ਰੋਲੇਕਸ, ਅਮੂਲ, ਇੰਡਸਇੰਡ ਬੈਂਕ, ਵਿਕਟੋਰੀਅਸ ਚੋਇਸ, ਕੈਂਪਾ, ਅਮ੍ਰਿਤਾਂਜਨ ਇਲੈਕਟਰੋ ਪਲਸ, ਗੋਲਫ ਪਲਸ ਮੰਥਲੀ ਅਤੇ ਗੋਲਫ ਡਿਜ਼ਾਇਨ ਇੰਡੀਆ ਵਰਗੇ ਸਾਥੀ ਬ੍ਰਾਂਡਾਂ ਦਾ ਸਹਿਯੋਗ ਮਿਲਦਾ ਰਿਹਾ ਹੈ।

# 17ਵਾਂ ਕਬਾਇਲੀ ਯੁਵਾ ਐਕਸਚੇਂਜ ਪ੍ਰੋਗਰਾਮ ਅੱਜ ਸਫਲਤਾਪੂਰਵਕ ਸਮਾਪਤ ਹੋਇਆ




**ਚੰਡੀਗੜ੍ਹ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ):** ਮਾਈ ਯੂਥ ਇੰਡੀਆ ਸੈਂਟਰ, ਚੰਡੀਗੜ੍ਹ ਦੁਆਰਾ ਆਯੋਜਿਤ 17ਵਾਂ ਕਬਾਇਲੀ ਯੁਵਾ ਐਕਸਚੇਂਜ ਪ੍ਰੋਗਰਾਮ ਅੱਜ ਸਫਲਤਾਪੂਰਵਕ ਸਮਾਪਤ ਹੋਇਆ। 2 ਨਵੰਬਰ, 2025 ਤੋਂ 8 ਨਵੰਬਰ, 2025 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਯੁਵਾ ਭਲਾਈ ਵਿਭਾਗ ਵਿਖੇ ਆਯੋਜਿਤ ਇਹ ਪ੍ਰੋਗਰਾਮ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਕਬਾਇਲੀ ਨੌਜਵਾਨਾਂ ਵਿੱਚ ਰਾਸ਼ਟਰੀ ਏਕਤਾ, ਸੱਭਿਆਚਾਰਕ ਸਮਝ ਅਤੇ ਨਿੱਜੀ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ। ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਸ਼੍ਰੀ ਮਹਿੰਦਰ ਸਿੰਘ ਨੇ ਸਮਾਪਤੀ ਸਮਾਰੋਹ ਦੀ ਮੁੱਖ ਮਹਿਮਾਨ ਵਜੋਂ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਇਸ ਮੌਕੇ 'ਤੇ ਮੌਜੂਦ ਛੱਤੀਸਗੜ੍ਹ, ਓਡੀਸ਼ਾ ਅਤੇ ਝਾਰਖੰਡ ਰਾਜਾਂ ਦੇ ਕੁੱਲ 200 ਕਬਾਇਲੀ ਨੌਜਵਾਨਾਂ ਨੂੰ ਸੰਬੋਧਨ ਕੀਤਾ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਮੁੱਖ ਮਹਿਮਾਨ ਸ਼੍ਰੀ ਮਹਿੰਦਰ ਸਿੰਘ ਨੇ ਸਾਰੇ ਭਾਗੀਦਾਰਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ÷ਏਕ ਭਾਰਤ ਸ੍ਰੇਸ਼ਠ ਭਾਰਤ÷ ਦੀ ਭਾਵਨਾ ਨੂੰ ਗ੍ਰਹਿਣ ਕਰਨ ਅਤੇ ਦੇਸ਼ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਦੇਸ਼ ਦੀ ਅਸਲ ਤਾਕਤ ਹਨ ਅਤੇ ਉਨ੍ਹਾਂ ਨੂੰ ਆਤਮਵਿਸ਼ਵਾਸ ਨਾਲ ਅੱਗੇ ਵਧਣਾ ਚਾਹੀਦਾ ਹੈ। ਸਮਾਪਤੀ ਸਮਾਰੋਹ ਦਾ ਇੱਕ ਮਹੱਤਵਪੂਰਨ ਹਿੱਸਾ ਇਨਾਮ ਵੰਡ ਸਮਾਰੋਹ ਸੀ। ਮੁੱਖ ਮਹਿਮਾਨ ਨੇ ਸਮਾਗਮ ਦੌਰਾਨ ਆਯੋਜਿਤ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਸੱਭਿਆਚਾਰਕ ਟੀਮਾਂ ਅਤੇ ਬਹਿਸ ਜੇਤੂਆਂ ਨੂੰ ਪੁਰਸਕਾਰ ਪ੍ਰਦਾਨ ਕੀਤੇ। ਇਸ ਹਫ਼ਤੇ ਦੌਰਾਨ, ਭਾਗੀਦਾਰਾਂ ਨੂੰ ਚੰਡੀਗੜ੍ਹ ਦੇ ਵਿਦਿਅਕ, ਤਕਨੀਕੀ ਅਤੇ ਸੱਭਿਆਚਾਰਕ ਪਹਿਲੂਆਂ ਦੀ ਪੜਚੋਲ ਕਰਨ, ਆਪਣੇ ਗਿਆਨ ਦਾ ਵਿਸਤਾਰ ਕਰਨ ਅਤੇ ਇੱਕ ਦੂਜੇ ਦੀਆਂ ਪਰੰਪਰਾਵਾਂ ਨੂੰ ਸਮਝਣ ਦਾ ਮੌਕਾ ਮਿਲਿਆ। ਮੇਰਾ ਯੁਵਾ ਭਾਰਤ ਕੇਂਦਰ, ਚੰਡੀਗੜ੍ਹ ਦੁਆਰਾ ਆਯੋਜਿਤ ਇਹ ਆਦਾਨ-ਪ੍ਰਦਾਨ ਪ੍ਰੋਗਰਾਮ, ਆਦਿਵਾਸੀ ਨੌਜਵਾਨਾਂ ਨੂੰ ਮੁੱਖ ਧਾਰਾ ਦੇ ਵਿਕਾਸ ਦੇ ਮੌਕਿਆਂ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਲੀਡਰਸ਼ਿਪ ਹੁਨਰ ਵਿਕਸਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। 200 ਭਾਗੀਦਾਰਾਂ ਨੇ ਗਿਆਨ ਪ੍ਰਾਪਤ ਕਰਨ ਅਤੇ ਨਵੇਂ ਰਿਸ਼ਤੇ ਬਣਾਉਣ ਲਈ ਇਸ ਪਲੇਟਫਾਰਮ ਦੀ ਵਰਤੋਂ ਕੀਤੀ।

# ਪੰਜਾਬ ਯੂਨੀਵਰਸਿਟੀ ਦੇ ਵੀਸੀ ਦੇ ਦਫਤਰ ਸਾਹਮਣੇ ਵਿਦਿਆਰਥੀਆਂ ਦੀ ਭਾਰੀ ਗਹਿਮਾ-ਗਹਿਮੀ, ਅੱਜ ਦੇ ਸਮਾਗਮ ਲਈ ਤਿਆਰੀਆਂ ਮੁਕੰਮਲ



**ਚੰਡੀਗੜ੍ਹ, 9 ਨਵੰਬਰ (ਮੰਗਤ ਸਿੰਘ ਸੈਦਪੁਰ, ਨੀਰਜ ਸ਼ਰਮਾ):** ਪੰਜਾਬ ਯੂਨੀਵਰਸਿਟੀ ਵਿੱਚ ਦੁਪਹਿਰ ਤੋਂ ਪਿੱਛੋਂ ਵੀਸੀ ਦੇ ਦਫਤਰ ਦੇ ਸਾਹਮਣੇ ਲੱਗੇ ਟੈਂਟ ਵਿੱਚ ਭਰਪੂਰ ਗਹਿਮਾ ਗਹਿਮ ਸੀ ਟੈਂਟ ਦੇ ਬਾਹਰ ਵੱਖਰੀਆਂ ਰੌਣਕਾਂ ਸਨ ।ਵਿਦਿਆਰਥੀ, ਸਿਆਸਤਦਾਨ,ਇਸ ਯੂਨੀਵਰਸਿਟੀ ਚ ਪੜ੍ਹ ਕੇ ਗਏ ਸਾਬਕਾ ਵਿਦਿਆਰਥੀ,ਵੱਖ ਵੱਖ ਚੈਨਲਾਂ ਵਾਲੇ ਐਂਕਰ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਛੋਟੇ ਵੱਡੇ ਆਗੂ,ਚਿੱਟੇ ਕੱਪੜਿਆਂ ਵਿੱਚ ਘੁੰਮ ਰਹੇ ਸੀਆਈਡੀ ਦਾ ਅਮਲਾ ਜੋ ਅਕਸਰ ਆਪਣੀਆਂ ਪੱਗਾਂ ਤੇ ਤੋਰ ਤੋਂ ਸਹਿਜੇ ਹੀ ਪਛਾਣੇ ਜਾ ਸਕਦੇ ਸਨ ਅਤੇ ਦੂਰ ਦੁਰਾਡੇ ਤੋਂ ਪਹੁੰਚੇ ਬਜ਼ੁਰਗ ਸੰਘਰਸ਼ ਦੀਆਂ ਰੌਣਕਾਂ ਵਿੱਚ ਵਾਧਾ ਕਰ ਰਹੇ ਸਨ। ਟੈਂਟ ਵਿੱਚ ਭਾਈ ਮਨਜੀਤ ਸਿੰਘ,ਫੈਡਰੇਸ਼ਨ ਆਗੂ ਭਾਈ ਚੜਤ ਸਿੰਘ ਅਤੇ ਉਹਨਾਂ ਦੇ ਦਰਜਨਾਂ ਸਾਥੀ ਵੀ ਪਹੁੰਚੇ ਹੋਏ ਸਨ ।ਪੰਜਾਬ ਸਟੂਡੈਂਟਸ ਕੌਂਸਲ ਦੇ ਸਾਬਕਾ ਆਗੂ ਅਤੇ ਵਰਤਮਾਨ ਵਿਧਾਇਕ ਦਲਬੀਰ ਸਿੰਘ ਗੋਲਡੀ ਦਾ ਗਿਆਨ ਨਾਲ ਭਰਪੂਰ ਭਰਪੂਰ ਲੰਮਾ ਲੈਕਚਰ ਸੁਣਨ ਹੀ ਵਾਲਾ ਸੀ ਗੁਰਨਾਮ ਸਿੰਘ ਚੜੂਨੀ ਵੀ ਬੋਲ ਰਹੇ ਸਨ। ਆਮ ਆਦਮੀ ਪਾਰਟੀ ਦੇ ਸਾਬਕਾ ਪਾਰਲੀਮੈਂਟ ਮੈਂਬਰ ਵੀ ਭਾਸ਼ਣ ਦੇ ਰਹੇ ਸਨ ਸੱਥ ਦੇ ਆਗੂ ਅਤੇ ਪੰਜਾਬ ਸਟੂਡੈਂਟਸ ਕੌਂਸਲ ਦੇ ਉਪ ਪ੍ਰਧਾਨ ਨੂੰ ਇਸ਼ਮੀਤ ਸਿੰਘ ਨੂੰ ਮਿਲਨ ਦਾ ਮੌਕਾ ਹਾਸਿਲ ਹੋਇਆ ਮੈਂ ਉਹਨਾਂ ਨੂੰ ਕੱਲ ਦੇ ਪ੍ਰੋਗਰਾਮ ਬਾਰੇ,ਸਟੇਜ ਦੇ ਪ੍ਰਬੰਧਾਂ ਬਾਰੇ,ਲੰਗਰ ਸਬੰਧੀ,ਪ੍ਰਸ਼ਾਸਨ ਦੀ ਕੱਲ ਦੇ ਸਮਾਗਮ ਵਿੱਚ ਅਪਣਾਈ ਜਾ ਰਹੀ ਰਣਨੀਤੀ ਤੇ ਸੰਭਾਵੀ ਰੁਕਾਵਟਾਂ ਬਾਰੇ ਜਾਣਕਾਰੀ ਹਾਸਿਲ ਕਰਨ ਤੋਂ ਪਿੱਛੋਂ ਵਿਦਿਆਰਥੀ ਆਗੂ ਭਾਈ ਜੁਗਰਾਜ ਸਿੰਘ ਤੇ ਸਾਥੀਆਂ ਨੂੰ ਮਿਲਨ ਦਾ ਮੌਕਾ ਮਿਲਿਆ ਤੇ ਚੱਲ ਰਹੇ ਸੰਘਰਸ਼ ਤੇ ਪੰਥਕ ਹਾਲਾਤ ਬਾਰੇ ਉਹਨਾਂ ਨਾਲ ਸੰਖੇਪ ਵਿਚਾਰਾਂ ਕੀਤੀਆਂ। ਇੱਕ ਪਾਸੇ ਕੁੜੀਆਂ ਦੀ ਇੱਕ ਟੋਲੀ ਕੱਲ ਦੇ ਸਮਾਗਮ ਬਾਰੇ ਪੋਸਟਰ ਤਿਆਰ ਕਰ ਲਈ ਸੀ। ਕਰੀਬ 4 ਵਜੇ ਟੈਂਟ ਦੇ ਨਾਲ ਹੀ ਇੱਕ ਗਰਾਂਉਂਡ ਵਿੱਚ ਵਿਦਿਆਰਥੀ ਆਗੂਆਂ ਦੀ ਮੀਟਿੰਗ ਚੱਲ ਰਹੀ ਸੀ ਜਿਸ ਵਿੱਚ ਕੱਲ ਨੂੰ ਹੋ ਰਹੇ ਸਮਾਗਮ ਬਾਰੇ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਸੀ। । ਇਸ ਮੌਕੇ ਤੇ ਬਹੁਤ ਸਾਰੇ ਜਾਣੇ ਪਛਾਣੇ ਚਿਹਰੇ ਵੇਖਣ ਨੂੰ ਮਿਲੇ। ਹਰਬੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ ਜੋ ਪੀਐਚਡੀ ਕਰਨ ਪਿੱਛੋਂ ਯੂਨੀਵਰਸਿਟੀ ਵਿੱਚ ਗੈਸਟ ਲੈਕਚਰ ਵਜੋਂ ਕੰਮ ਕਰ ਰਹੇ ਹਨ। ਇੱਥੇ ਪਹੁੰਚੀਆਂ ਖ਼ਬਰਾਂ ਅਨੁਸਾਰ ਯੂਨੀਵਰਸਿਟੀ ਕੈਂਪਸ ਵਿੱਚ ਵਿਦਿਆਰਥੀਆਂ ਦੇ ਦਾਖਲੇ ਨੂੰ ਰੋਕਣ ਲਈ ਕੈਂਪਸ ਦੇ ਅਧਿਕਾਰੀਆਂ ਨੇ ਪਹਿਲਾਂ ਹੀ 10 ਅਤੇ 11 ਨਵੰਬਰ ਨੂੰ ਛੁੱਟੀ ਕਰ ਦਿੱਤੀ ਗਈ ਹੈ ਅਤੇ ਚੰਡੀਗੜ੍ਹ ਪੰਜਾਬ ਦੇ ਬਾਰਡਰ 'ਤੇ ਵੀ ਵੱਡੇ-ਵੱਡੇ ਬੈਰੀਕੇਡ ਲੱਗੇ ਹੋਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਚੰਡੀਗੜ੍ਹ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਇਸ ਦੇ ਬਾਵਜੂਦ ਹਜ਼ਾਰਾਂ ਵਿਦਿਆਰਥੀਆਂ ਦੇ ਸਮਾਗਮ ਵਿੱਚ ਪਹੁੰਚਣ ਦੀ ਸੰਭਾਵਨਾ ਹੈ ਅਤੇ ਬਹੁਤ ਸਾਰੇ ਵਿਦਿਆਰਥੀ ਪਹਿਲਾਂ ਹੀ ਚੰਡੀਗੜ੍ਹ ਵਿੱਚ ਪਹੁੰਚ ਚੁੱਕੇ ਹਨ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਘਰਾਂ ਵਿੱਚ ਠਹਿਰੇ ਹੋਏ ਹਨ। ਸਵੇਰੇ ਯਾਨੀ ਕਿ 10 ਨਵੰਬਰ ਨੂੰ ਵੱਖ ਵਖ ਤਰੀਕਿਆਂ ਰਾਹੀਂ ਵਾਈਸ ਚਾਂਸਲਰ ਦੇ ਦਫਤਰ ਅੱਗੇ ਪਹੁੰਚਣ ਲਈ ਸਮੁੱਚੇ ਪੰਜਾਬ ਤੋਂ ਵਿਦਿਆਰਥੀ ਕਾਲਜਾਂ ਚੋਂ ਚੰਡੀਗੜ੍ਹ ਪਹੁੰਚ ਕੇ ਵਿਰੋਧ ਪ੍ਰਦਰਸ਼ਨ ਕਰਨਗੇ। ਵੇਖਣ ਵਾਲੀ ਖਾਸ ਗੱਲ ਇਹ ਹੋਵੇਗੀ ਕਿ ਚੰਡੀਗੜ੍ਹ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪਹੁੰਚਣ ਵਾਲੇ ਵਿਦਿਆਰਥੀਆਂ, ਕਿਸਾਨ ਜਥੇਬੰਦੀਆਂ ਦੇ ਕਾਰਕੁਨਾਂ ਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਅਤੇ ਪੰਜਾਬ ਪੱਖੀ ਹਮਦਰਦੀ ਦਾ ਪ੍ਰਗਟਾਵਾ ਕਰਨ ਵਾਲੇ ਲੋਕਾਂ ਨੂੰ ਰੋਕਣ ਲਈ ਕੀ ਉਪਰਾਲੇ ਕੀਤੇ ਜਾਣਗੇ। ਫਿਲਹਾਲ ਆਉਣ ਵਾਲੀ ਅੱਜ 10 ਨਵੰਬਰ ਨੂੰ ਹੀ ਪਤਾ ਲੱਗੇਗਾ ਅਤੇ ਖਾਸ ਕਰਕੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਵੱਲੋਂ ਵੀ ਇਸ ਪ੍ਰਤੀ ਆਪਣੇ ਜਾਲ ਵਿਛਾਅ ਕੇ ਪੰਜਾਬ ਭਰ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪਹੁੰਚਣ ਵਾਲੇ ਹਰ ਇੱਕ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਲਾਇਨਜ਼ ਕਲੱਬ ਖਰੜ ਸਿਟੀ ਦਾ ਇਲਾਕੇ ਵਿਚ ਮਾਨਵਤਾ ਦੀ ਸੇਵਾ 'ਚ ਵੱਡਾ ਯੋਗਦਾਨ: ਨਰਿੰਦਰ ਸ਼ੇਰਗਿੱਲ




**ਖਰੜ, 9 ਨਵੰਬਰ (ਸ਼ਸ਼ੀ ਪਾਲ ਜੈਨ):** ਲਾਇਨਜ਼ ਕਲੱਬ ਖਰੜ ਸਿਟੀ ਦਾ ਇਲਾਕੇ ਵਿਚ ਮਾਨਵਤਾ ਦੀ ਸੇਵਾ ਲਈ ਅਹਿਮ ਯੋਗਦਾਨ ਹੈ ਅਤੇ ਕਲੱਬ ਵਲੋ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਬਹੁਤ ਹੀ ਸ਼ਲਾਘਾਯੋਗ ਹੈ। ਇਹ ਪ੍ਰਗਟਾਵਾ ਮਿਲਕਫੈਡ ਪੰਜਾਬ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਲਾਇਨਜ਼ ਕਲੱਬ ਖਰੜ ਸਿਟੀ ਦੇ ਸਾਲ 2025-2026 ਲਈ ਨਵੇ ਚੁਣੇ ਗਏ ਪ੍ਰਧਾਨ ਲਾਈਨ ਰਜ਼ਨੀਸ਼ ਕੁਮਾਰ ਸੋਨੀ ਦੇ ਅਹੁੱਦਾ ਸੰਭਾਲਣ ਲਈ ਕਰਵਾਏ ਗਏ ਤਾਜਪੋਸ਼ੀ ਸਮਾਗਮ ਨੂੰ ਸੰਬੋਧਨ ਕਰਦਿਆ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅੱਜ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਹ ਕਲੱਬ ਸਮਾਜ ਸੇਵਾ ਦੇ ਖੇਤਰ ਵਿਚ ਬੁਲੰਦੀਆਂ ਛੂਹਦਾ ਜਾ ਰਿਹਾ ਹੈ ਅਤੇ ਸਾਰੇ ਮੈਂਬਰ ਇੱਕ ਜੁਟ ਹੋ ਕੇ ਸੇਵਾ ਕਰ ਰਹੇ ਹਨ। ਉਨ੍ਹਾਂ ਨਵੇ ਚੁਣੇ ਗਏ ਪ੍ਰਧਾਨ, ਬੋਰਡ ਆਫ ਡਾਇਰੈਕਟਰ, ਬਾਕੀ ਅਹੁੱਦੇਦਾਰਾਂ ਨੂੰ ਵਧਾਈ ਦਿੱਤੀ। ਲਾਇਨਜ਼ ਡਿਸਟ੍ਰਿਕਟ 321 ਐਫ ਦੇ ਵਾਈਸ ਡਿਸਟ੍ਰਿਕਟ ਗਵਰਨਰ-1 ਅਜੈ ਗੋਇਲ ਨੇ ਨਵ ਨਿਯੁਕਤ ਪ੍ਰਧਾਨ ਅਤੇ ਬਾਕੀ ਅਹੁੱਦੇਦਾਰ ਨੂੰ ਸਹੁੰ ਚੁਕਾਈ ਤੇ ਉਨ ?ਰਾਂ ਦੇ ਕੰਮਾਂ ਬਾਰੇ ਦੱਸਿਆ। ਲਾਇਨਜ਼ ਇੰਟਰਨੈਸ਼ਨਲ ਡਿਸਟ੍ਰਿਕਟ 321 ਐਫ ਦੇ ਵਾਈਸ ਡਿਸਟ੍ਰਿਕਟ ਗਵਰਨਰ-2 ਨਰੇਸ਼ ਗੋਇਲ ਨੇ ਪਿਛਲੇ ਸਾਲ ਅਤੇ ਇਸ ਸਾਲ ਬਣੇ 9 ਲਾਈਨ ਮੈਂਬਰਾਂ ਨੂੰ ਸਹੁੰ ਚੁਕਾਈ ਅਤੇ ਮਾਨਵਤਾ ਦੀ ਸੇਵਾ ਲਈ ਦਸਿਆ। ਕਲੱਬ ਦੇ ਸਮੂਹ ਅਹੁੱਦੇਦਾਰਾਂ ਅਤੇ ਦੋਸਤ ਮਿੱਤਰਾਂ ਵਲੋਂ ਨਵੇ ਬਣੇ ਪ੍ਰਧਾਨ ਰਜ਼ਨੀਸ਼ ਕੁਮਾਰ ਸੋਨੀ ਦੇ ਗਲ ਵਿਚ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਡਿਸਟ੍ਰਿਕਟ ਦੇ ਕੈਬਨਿਟ ਸਕੱਤਰ ਜਤਿੰਦਰਪਾਲ ਸਿੰਘ ਸਹਿਦੇਵ, ਰਿਜਨ ਚੇਅਰਮੈਨ ਸੰਨਤ ਭਾਰਦਵਾਜ, ਜੋਨ ਚੇਅਰਮੈਨ ਸੰਜੀਵ ਕੁਮਾਰ ਗਰਗ, ਕੌਂਸਲਰ ਬਹਾਦਰ ਸਿੰਘ ਓ.ਕੇ, ਪਰਦੀਪ ਕੁਮਾਰ ਰੂੜਾ, ਹੈਪੀ ਧੀਮਾਨ, ਅਸ਼ਵਨੀ ਕੁਮਾਰ ਸ਼ਰਮਾ, ਵਿਪਨ, ਸੁਨੀਲ ਛਾਬੜਾ, ਪਰਮਪ੍ਰੀਤ ਸਿੰਘ, ਗੁਰਮੁੱਖ ਸਿੰਘ ਮਾਨ, ਪੰਕਜ ਚੱਢਾ, ਗੋਵਿੰਦਰ ਸਿੰਘ ਚੀਮਾ, ਹਰਦੀਪ ਸਿੰਘ, ਚੰਦਰ ਸੇਖਰ, ਡਾ.ਕੁਲਵਿੰਦਰ ਸਿੰਘ, ਹਰਬੰਸ ਸਿੰਘ, ਮਨੋਜ਼ ਕੁਮਾਰ, ਮਨਿੰਦਰ ਸਿੰਘ, ਧਰੁਵ ਗਰਗ, ਸਲਿੰਦਰ ਸਿੰਘ, ਸਾਹਿਲ ਕੋਹਲੀ ਸਮੇਤ ਕਲੱਬ ਦੇ ਸਮੂਹ ਮੈਂਬਰ ਅਤੇ ਪ੍ਰੀਵਾਰਿਕ ਮੈਂਬਰ, ਸ਼ਹਿਰ ਨਿਵਾਸੀ ਹਾਜ਼ਰ ਸਨ।

# ਸੜਕ ਹਾਦਸੇ ਦੌਰਾਨ ਜ਼ਖ਼ਮੀ ਹੋਈ ਔਰਤ ਦੀ ਇਲਾਜ ਦੌਰਾਨ ਮੌਤ

**ਡੇਰਾਬੱਸੀ, 9 ਨਵੰਬਰ (ਸੁਖਵਿੰਦਰ ਸੈਣੀ):** ਡੇਰਾਬੱਸੀ ਬਰਵਾਲਾ ਰੋਡ 'ਤੇ ਗੁਪਤਾ ਚਿਕਨ ਦੇ ਨੇੜੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਐਕਟਿਵਾ ਸਵਾਰ ਔਰਤ ਦੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਉਸ ਦੇ ਪਤੀ ਬਚਾਅ ਹੋ ਗਿਆ। ਪੁਲਿਸ ਨੇ ਇਸ ਸਬੰਧੀ ਅਣਪਛਾਤੇ ਟਰੱਕ ਡਰਾਈਵਰ ਖਿਲਾਫ ਲਾਪਰਵਾਹ ਗੱਡੀ ਚਲਾਉਣ ਸਮੇਤ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਹਰਜਿੰਦਰ ਸਿੰਘ ਪੁੱਤਰ ਨਸੀਬ ਸਿੰਘ, ਵਾਸੀ ਪਿੰਡ ਧਨਾਂਸ (ਚੰਡੀਗੜ੍ਹ), ਨੇ ਦੱਸਿਆ ਕਿ ਸ਼ੁਕਰਵਾਰ ਸ਼ਾਮ ਲਗਭਗ 5:30 ਵਜੇ, ਉਹ ਆਪਣੀ ਘਰਵਾਲੀ ਸਰਬਜੀਤ ਕੌਰ (ਉਮਰ 42 ਸਾਲ) ਸਮੇਤ ਐਕਟਿਵਾ (ਨੰਬਰ 'ਤੇ ਸਵਾਰ ਹੋ ਕੇ ਆਪਣੇ ਘਰ ਤੋਂ ਪਿੰਡ ਖੇੜੀ ਜੱਟਾਂ ਵੱਲ ਜਾ ਰਿਹਾ ਸੀ। ਜਦੋਂ ਉਹ ਗੁਪਤਾ ਚਿਕਨ, ਬਰਵਾਲਾ ਰੋਡ, ਡੇਰਾਬੱਸੀ ਦੇ ਨੇੜੇ ਪਹੁੰਚੇ ਤਾਂ ਪਿੱਛੋਂ ਤੇਜ਼ ਰਫ਼ਤਾਰ ਵਿੱਚ ਇੱਕ ਟਰੱਕ ਨੇ ਬੇਹੱਦ ਲਾਪਰਵਾਹੀ ਨਾਲ ਚਲਾਉਂਦੇ ਹੋਏ ਐਕਟਿਵਾ ਨੂੰ ਟੱਕਰ ਮਾਰ ਦਿੱਤੀ। ਟੱਕਰ ਇਨੀ ਜ਼ਬਰਦਸਤ ਸੀ ਕਿ ਉਹ ਦੋਵਾਂ ਪਤੀ-ਪਤਨੀ ਸੜਕ 'ਤੇ ਡਿੱਗ ਪਏ ਅਤੇ ਸਰਬਜੀਤ ਕੌਰ ਟਰੱਕ ਦੇ ਪਿੱਛਲੇ ਟਾਇਰ ਹੇਠਾਂ ਆ ਗਈ, ਜਿਸ ਕਾਰਨ ਉਸਨੂੰ ਗੰਭੀਰ ਸੱਟਾਂ ਲੱਗ ਗਈਆਂ। ਉਸਨੂੰ ਤੁਰੰਤ ਜੀ.ਐਮ.ਸੀ. ਹਸਪਤਾਲ ਸੈਕਟਰ-32, ਚੰਡੀਗੜ੍ਹ ਪਹੁੰਚਾਇਆ ਗਿਆ। ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਹ ਪਿੱਛੇ ਤੋਂ ਡਾਇਰੀ ਦਾ ਧੰਦਾ ਕਰਦਾ ਹੈ। ਸਕੂਲ ਦੋ ਲੜਕੇ ਅਤੇ ਇੱਕ ਲੜਕੀ ਹੈ ਜੋ ਕਿ ਤਿੰਨੋਂ ਹਾਲੇ ਕੁਆਰੇ ਹਨ। ਮਾਮਲੇ ਦੇ ਤਫਤੀਸ਼ੀ ਅਫਸਰ ਏਐਸਆਈ ਦੌਲਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਟਰੱਕ ਚਾਲਕ ਦੇ ਖਿਲਾਫ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟਮਾਰਟਮ ਮਗਰੋਂ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਦੋਸ਼ੀ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਮੁਸਕਾਨ ਸ਼ਰਮਾ ਨੂੰ ਮਹਿਲਾ ਮੋਰਚਾ ਪੰਜਾਬ ਦੀ ਸੂਬਾ ਪ੍ਰਧਾਨ ਨਿਯੁਕਤ ਕੀਤਾ



**ਮੋਰਿੰਡਾ, 9 ਨਵੰਬਰ (ਰਾਧੇ ਸ਼ਾਮ ਸ਼ਰਮਾ):** ਮੁਸਕਾਨ ਸ਼ਰਮਾ ਵੱਲੋਂ ਪਾਰਟੀ ਲਈ ਕੀਤੇ ਗਏ ਕੰਮਾਂ ਨੂੰ ਦੇਖਦੇ ਹੋਏ, ਭਾਜਪਾ ਸਮਰਥਕ ਪਾਰਟੀ ਦੀ ਰਾਸ਼ਟਰੀ ਮੁਖੀ ਪ੍ਰਵੀਨ ਸ਼ਰਮਾ ਨੇ ਉਨ੍ਹਾਂ ਨੂੰ ਮਹਿਲਾ ਮੋਰਚਾ ਪੰਜਾਬ ਦੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਮੁਸਕਾਨ ਸ਼ਰਮਾ ਨੇ ਕਿਹਾ ਕਿ ਉਹ ਪੂਰੀ ਮਿਹਨਤ ਅਤੇ ਲਗਨ ਨਾਲ ਪਾਰਟੀ ਲਈ ਇਮਾਨਦਾਰੀ ਨਾਲ ਕੰਮ ਕਰੇਗੀ ਅਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਉਸਨੂੰ ਪੂਰੀ ਤਨਦੇਹੀ ਨਾਲ ਨਿਭਾਏਗੀ। ਇਸ ਮੌਕੇ ਭਾਜਪਾ ਪਾਰਟੀ ਪੰਜਾਬ ਦੇ ਲੋਕਲ ਬਾਡੀ ਸੈੱਲ ਦੇ ਸਕੱਤਰ ਸੰਜੀਵ ਸੂਦ, ਯੁਵਾ ਬ੍ਰਾਹਮਣ ਸਭਾ ਪੰਜਾਬ ਦੇ ਉਪ ਪ੍ਰਧਾਨ ਰਾਧੇਸ਼ਿਆਮ ਸ਼ਰਮਾ, ਜ਼ਿਲ੍ਹਾ ਰੋਪੜ ਭਾਜਪਾ ਪਾਰਟੀ ਦੇ ਸਕੱਤਰ ਜਤਿੰਦਰ ਗੁੰਬਰ, ਹਰਸ਼ ਕੋਹਲੀ, ਉਮੇਸ਼ ਸ਼ਰਮਾ, ਕਪਿਲ ਭਾਰਦਵਾਜ, ਮਨਦੀਪ ਸੈਣੀ, ਗੌਰਵ ਵਸ਼ਿਸ਼ਟ, ਕਮਲਜੀਤ ਸ਼ਰਮਾ, ਚੇਤਨ ਵਿਸ਼ਿਸ਼ਟ, ਭਾਗ ਸਿੰਘ, ਕਰਨ ਸਿੰਘ ਆਦਿ ਨੇ ਮੁਸਕਾਨ ਸ਼ਰਮਾ ਨੂੰ ਮਹਿਲਾ ਮੋਰਚਾ ਦੀ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ।

# ਜ਼ੀਰਕਪੁਰ 'ਚ ਮੋਟਰਸਾਈਕਲ ਸਵਾਰ ਨੇ ਦਿਨ ਦਿਹਾੜੇ ਚਲਾਈਆਂ ਗੋਲੀਆਂ



**ਜੀਰਕਪੁਰ, 9 ਨਵੰਬਰ (ਪਾਬਲਾ ਅਵਤਾਰ):** ਜੀਰਕਪੁਰ ਵਿਖੇ ਉਸ ਸਮੇ ਸਨਸਨੀ ਫੈਲ ਗਈ ਜਦੋਂ ਮੋਟਰਸਾਈਕਲ ਸਵਾਰ ਵੱਲੋਂ ਦਿਨ ਦਿਹਾੜੇ ਗੋਲੀਆਂ ਚਲਾਈਆਂ ਗਈਆਂ। ਇਕੱਤਰ ਜਾਣਕਾਰੀ ਮੁਤਾਬਕ ਪੁਰਾਣੀ ਰੰਜਿਸ ਦੇ ਚਲਦੇ ਪਟਿਆਲਾ ਰੋਡ ਤੇ ਸਥਿਤ ਇੱਕ ਹੋਟਲ ਦੇ ਮਾਲਕ ਦੇ ਪੁੱਤਰ ਤੇ ਗੋਲੀਆਂ ਚਲਾਉਣ ਦਾ ਸਮਾਚਾਰ ਪ੍ਰਾਪਤ ਹੋਇਆ। ਮੌਕੇ ਤੋਂ ਮਿਲੀ ਜਾਣਕਾਰੀ ਦੇ ਮੁਤਾਬਿਕ ਗੋਲੀਆਂ ਪੁਰਾਣੀ ਰੰਜਿਸ ਦੇ ਚਲਦੇ ਚਲਾਈਆਂ ਗਈਆਂ ਹਨ। ਗੋਲੀਆਂ ਚਲਾਉਣ ਤੋਂ ਬਾਅਦ ਹਮਲਾਵਰ ਆਪਣੇ ਬਿਨਾ ਨੰਬਰ ਦੇ ਮੋਟਰ ਸਾਈਕਲ ਤੇ ਫਰਾਰ ਹੋ ਗਿਆ। ਮੌਕੇ ਤੋਂ ਪੁਲਿਸ ਨੇ ਚਲਾਈਆਂ ਗੋਲੀਆਂ ਦੇ ਖੋਲ ਬਰਾਮਦ ਕਰ ਲਏ ਹਨ। ਹਮਲੇ ਦੌਰਾਨ ਦੋ ਗੋਲੀਆਂ ਨੇੜੇ ਕਾਰ ਬਜਾਰ ਵਿੱਚ ਖੜੀਆਂ ਗੱਡੀਆ ਤੇ ਵੀ ਲੱਗੀਆਂ ਹਨ ਜਿਸ ਕਾਰਨ 2 ਗੱਡੀਆਂ ਨੁਕਸਾਨੀ ਗਈਆ ਹਨ। ਮੌਕੇ ਤੇ ਪਹੁੰਚੀ ਫੌਰੈਂਸਿਕ ਟੀਮ ਨੇ ਇੱਕ ਖੋਲ ਗੱਡੀ ਵਿੱਚੋਂ ਬਰਾਮਦ ਕੀਤਾ ਜੋ ਕਿ ਗੱਡੀ ਦਾ ਬੋਨਟ ਫਾੜ ਕੇ ਗੱਡੀ ਦੇ ਦੂਜੇ ਪਾਸੇ ਨਿਕਲ ਕੇ ਗੱਡੀ ਵਿੱਚ ਹੀ ਫਸ ਗਿਆ ਸੀ। ਹਮਲੇ ਤੋਂ ਕੁੱਝ ਮਿੰਟ ਵਿੱਚ ਹੀ ਪੁਲਿਸ ਮੌਕੇ ਤੇ ਪੁੱਜ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ੀਰਕਪੁਰ ਥਾਣਾ ਮੁਖੀ ਸਤਿੰਦਰ ਸਿੰਘ ਦਸਿਆ ਕਿ ਜਲਦ ਹੀ ਹਮਲਾਵਰ ਨੂੰ ਕਾਬੂ ਕਰ ਲਿਆ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਥਾਣਾ ਮੁਖੀ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ 112 ਨੰਬਰ ਤੇ ਫੋਨ ਆਇਆ ਸੀ ਕਿ ਪਟਿਆਲਾ ਰੋਡ ਤੇ ਸਥਿਤ ਹੋਟਲ ਐਮਐਮ ਪਲਾਜਾ ਦੇ ਮਾਲਕ ਤੇ ਕਿਸੇ ਨੇ ਗੋਲੀਆਂ ਚਲਾ ਦਿੱਤੀਆਂ ਹਨ ਜਿਸਤੋਂ ਬਾਅਦ ਉਹ ਤੁਰੰਤ ਮੌਕੇ ਤੇ ਪੁੱਜੇ ਅਤੇ ਜਾਂਚ ਅਰੰਭ ਕੀਤੀ।

# ਬੀਬੀ ਪ੍ਰੇਮ ਕੌਰ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ



**ਜੀਰਕਪੁਰ, 9 ਨਵੰਬਰ (ਪਾਬਲਾ ਅਵਤਾਰ):** ਭਾਜਪਾ ਆਗੂ ਅਤੇ ਜੀਰਕਪੁਰ ਨਗਰ ਕੌਂਸਲ ਦੇ ਵਾਰਡ ਨੰਬਰ 14 ਦੇ ਕੌਂਸਲਰ ਹਰਜੀਤ ਸਿੰਘ ਮਿੰਟਾਂ ਦੇ ਦਾਦੀ ਪ੍ਰੇਮ ਕੌਰ ਜੀ ਜਿਨ੍ਹਾਂ ਦਾ ਪਿਛਲੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ ਸੀ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅੱਜ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਪਾਏ ਗਏ ਤੇ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਸਵ. ਬੀਬੀ ਪ੍ਰੇਮ ਕੌਰ ਨੂੰ ਯਾਦ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਮੇਤ ਇਲਾਕੇ ਦੀਆਂ ਪੋਲੀਟੀਕਲ ਸ਼ਖ਼ਸ਼ੀਅਤਾਂ ਸਮੇਤ ਪੰਚਾਇਤਾਂ ਤੋਂ ਇਲਾਵਾ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਸਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕੌਂਸਲਰ ਹਰਜੀਤ ਸਿੰਘ ਮਿੰਟਾਂ ਨੇ ਉਨ੍ਹਾਂ ਦੀ ਦਾਦੀ ਜੀ ਦੀ ਅੰਤਿਮ ਅਰਦਾਸ ਵਿੱਚ ਆਏ ਸਾਰੇ ਮਹਿਮਾਨਾ ਦਾ ਧੰਨਵਾਦ ਕੀਤਾ।

# ਦੀਸ਼ਾ ਸੋਹਾਣਾ ਨੇ ਮਹਿਕਪ੍ਰੀਤ ਸਿੰਘ ਬੈਦਵਾਣ ਦਾ ਜਨਮ ਦਿਨ ਮਨਾਇਆ



**ਚੰਡੀਗੜ੍ਹ, 9 ਨਵੰਬਰ (ਮੰਗਤ ਸਿੰਘ ਸੈਦਪੁਰ, ਨੀਰਜ ਸਰਮਾਂ):** ਖਾਲਸਾ ਪੰਥ ਦੀ ਸਰਬ ਉੱਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸੱਤਵੇਂ ਜਥੇਦਾਰ ਸ਼ਹੀਦ ਬਾਬਾ ਹਨੂੰਮਾਨ ਸਿੰਘ ਜੀ ਗੁਰਦੁਆਰਾ ਸਿੰਘ ਸ਼ਹੀਦਾਂ ਇਤਿਹਾਸਿਕ ਪਿੰਡ ਸੁਹਾਣਾ ਸਾਹਿਬ ਵਿਖੇ ਪਿੰਡ ਦੇ ਨੌਜਵਾਨਾਂ ਦੇ ਬਣੇ ਜਨਮ ਦਿਨ ਗਰੁੱਪ ਵਿੱਚ ਸ਼ਾਮਿਲ ਨੌਜਵਾਨਾਂ ਨੇ ਉੱਘੇ ਸਮਾਜ ਸੇਵੀ ਸਰਬਜੀਤ ਸਿੰਘ ਬੈਦਵਾਣ ਦਾ ਜਨਮ ਦਿਨ ਕੇਕ ਕੱਟ ਕੇ ਬਹੁਤ ਹੀ ਖ਼ੁਸ਼ੀ ਨਾਲ ਮਨਾਉਂਦਿਆਂ ਉਹਨਾਂ ਦੇ ਲੰਮੀ ਉਮਰ ਲਈ ਕਾਮਨਾਵਾਂ ਕੀਤੀਆਂ। ਇਸ ਤੋਂ ਪਹਿਲਾਂ ਕਬੱਡੀ ਕੋਚ ਦੀਸ਼ਾ ਸੁਹਾਣਾ ਦਾ ਜਨਮ ਦਿਨ ਵੀ ਮਨਾਇਆ ਗਿਆ ਸੀ। ਖਾਸ ਗੱਲ ਇਹ ਹੈ ਕਿ ਜਨਮ ਦਿਨ ਗਰੁੱਪ ਦੇ ਨਾਮ 'ਤੇ ਬਣੇ ਗਰੁੱਪ ਵਿੱਚ ਸ਼ਾਮਿਲ ਉਹਨਾਂ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਕੇਕ ਕੱਟ ਕੇ ਜਨਮ ਦਿਨ ਮਨਾਇਆ ਜਾਂਦਾ ਹੈ ਜਿਹੜੇ ਗਰੁੱਪ ਵਿੱਚ ਸ਼ਾਮਿਲ ਹਨ ਖਾਸ ਗੱਲ ਇਹ ਹੈ ਕਿ ਇਹ ਬਹੁਤ ਹੀ ਖ਼ੁਸ਼ੀ ਵਾਲੀ ਗੱਲ ਹੈ ਕਿ ਸਰਬਜੀਤ ਸਿੰਘ ਬੈਦਵਾਣ ਅਤੇ ਉਹਨਾਂ ਦੇ ਪੁੱਤਰ ਮਹਿਕਪ੍ਰੀਤ ਸਿੰਘ ਦਾ ਵੀ ਅੱਜ ਹੀ ਜਨਮ ਦਿਨ ਮਨਾਇਆ ਜਾਂਦਾ ਹੈ। ਯਾਨੀ ਕਿ ਪਿਓ ਅਤੇ ਪੁੱਤਰ ਦਾ ਇੱਕ ਹੀ ਦਿਨ ਅਤੇ ਇੱਕ ਹੀ ਤਰੀਕ ਨੂੰ ਜਨਮ ਦਿਨ ਮਨਾਇਆ ਜਾਂਦਾ ਹੈ। ਸਟੇਟ, ਨੈਸ਼ਨਲ ਅਤੇ ਸ਼ਾਇਦ ਇੰਟਰਨੈਸ਼ਨਲ ਲੈਵਲ 'ਤੇ ਬਹੁਤ ਘੱਟ ਇਹੋ ਜਿਹੀ ਕੋਈ ਮਿਸਾਲ ਨਾ ਮਿਲਦੀ ਹੋਵੇ ਕਿ ਪਿਓ ਦਾ ਜਨਮ ਦਿਨ ਇੱਕ ਹੀ ਦਿਨ ਅਤੇ ਇੱਕ ਹੀ ਤਰੀਕ ਨੂੰ ਮਨਾਇਆ ਜਾਂਦਾ ਹੋਵੇ। ਇਹ ਬਹੁਤ ਵੱਡੀ ਸੁਭਾਗ ਅਤੇ ਖ਼ੁਸ਼ੀ ਵਾਲੀ ਗੱਲ ਹੈ। ਇਸ ਮੌਕੇ ਸੀਨੀਅਰ ਆਗੂ ਸਾਬਕਾ ਕੌਂਸਲਰ ਸੁਰਿੰਦਰ ਸਿੰਘ ਬੈਦਵਾਣ ਰੋਡਾ ਸੁਹਾਣਾ, ਸੀਨੀਅਰ ਆਗੂ ਹਰਸੰਗਤ ਸਿੰਘ ਸੁਹਾਣਾ, ਸਰਦਾਰ ਸ਼ੇਰ ਸਿੰਘ ਬੈਦਵਾਣ, ਸ. ਜਗਦੀਸ਼ ਸਿੰਘ ਗਿੱਲ ਲਖਨੌਰ, ਪ੍ਰਧਾਨ ਦਿਨੇਸ਼ ਚੌਧਰੀ, ਨੰਬਰਦਾਰ ਦਵਿੰਦਰ ਸਿੰਘ ਬੈਦਵਾਣ, ਸ. ਤਰਸੇਮ ਸਿੰਘ ਹੈਪੀ, ਸਰਦਾਰ ਗੁਰਬਾਜ ਸਿੰਘ ਮਟੌਰ, ਸ. ਜਗਰੂਪ ਸਿੰਘ ਜੁਗਨਾ, ਨਿੱਕਾ ਪੁੱਤਰ ਅਰਮਾਨ ਬੈਦਵਾਣ, ਸ. ਦਿਲਦਾਰ ਸਿੰਘ ਬਿੱਲੂ, ਬਲਵਿੰਦਰ ਸਿੰਘ ਭਿੰਦਾ ਧਰਮ ਕੰਡਾ ਸੋਹਾਣਾ, ਜੱਗੀ ਸੋਹਾਣਾ ਅਤੇ ਕਬੱਡੀ ਕੋਚ ਜਗਦੀਸ਼ ਦਿਸ਼ਾ ਦੇ ਕੋਚਿੰਗ ਹੇਠ ਪ੍ਰੈਕਟਿਸ ਕਰ ਰਹੇ ਨਿੱਕੇ ਵੱਡੇ ਖਿਡਾਰੀਆਂ ਤੋਂ ਇਲਾਵਾ ਜਨਮ ਦਿਨ ਗਰੁੱਪ ਵਿੱਚ ਸ਼ਾਮਿਲ ਸਮੁੱਚੀ ਟੀਮ ਨੇ ਕੋਚ ਜਗਦੀਸ਼ ਸਿੰਘ ਦੀਸਾ ਸੋਹਾਣਾ ਅਤੇ ਸਰਦਾਰ ਸਰਬਜੀਤ ਸਿੰਘ ਬੈਦਵਾਣ ਸੋਹਾਣਾ ਅਤੇ ਉਹਨਾਂ ਦੇ ਪੁੱਤਰ ਸ. ਮਹਿਕਪ੍ਰੀਤ ਸਿੰਘ ਬੈਦਵਾਣ ਨੂੰ ਜਨਮਦਿਨ 'ਤੇ ਵਧਾਈ ਦਿੰਦਿਆਂ ਲੰਮੀ ਉਮਰ ਦੀ ਕਾਮਨਾ ਕੀਤੀ।

# ਲਾਇਨਜ਼ ਕਲੱਬ ਵੱਲੋਂ ਲਾਏ ਕੈਂਪ ਦੌਰਾਨ 218 ਮਰੀਜ਼ਾਂ ਦੀ ਕੀਤੀ ਜਾਂਚ



**ਡੇਰਾਬੱਸੀ, 9 ਨਵੰਬਰ (ਸੁਖਵਿੰਦਰ ਸੈਣੀ):** ਲਾਇਨਜ਼ ਕਲੱਬ ਚੰਡੀਗੜ੍ਹ ਸੈਂਟਰਲ ਨੇ ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬਾਸੀ ਵਿਖੇ ਆਪਣਾ 70ਵਾਂ ਮੁਫ਼ਤ ਅੱਖਾਂ ਦਾ ਚੈੱਕਅਪ ਅਤੇ ਸਰਜਰੀ ਕੈਂਪ ਲਗਾਇਆ। ਇਸ ਕੈਂਪ ਵਿੱਚ, ਜੀਐਮਸੀਐਚ, ਚੰਡੀਗੜ੍ਹ ਦੇ ਮਾਹਰ ਡਾਕਟਰਾਂ ਦੀ ਟੀਮ ਦੁਆਰਾ 218 ਮਰੀਜ਼ਾਂ ਦੀ ਅੱਖਾਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕੀਤੀ ਗਈ। 30 ਮਰੀਜ਼ ਮੋਤੀਆਬਿੰਦ ਤੋਂ ਪੀੜਤ ਸਨ ਅਤੇ ਜੀਐਮਸੀਐਚ ਵਿਖੇ ਸਰਜਰੀ ਕਰਵਾਈ ਜਾਵੇਗੀ। ਕਲੱਬ ਨੇ ਡੇਰਾਬੱਸੀ ਤੋਂ ਚੰਡੀਗੜ੍ਹ ਅਤੇ ਵਾਪਸ ਆਉਣ ਵਾਲੇ ਇਨ੍ਹਾਂ ਮਰੀਜ਼ਾਂ ਲਈ ਇੱਕ ਟ ?ਰਾਂਸਪੋਰਟ ਵੈਨ ਦਾ ਪ੍ਰਬੰਧ ਕੀਤਾ ਹੈ। ਇਸ ਤੋਂ ਇਲਾਵਾ, 97 ਮਰੀਜ਼ਾਂ ਨੂੰ ਐਨਕਾਂ ਵੰਡੀਆਂ ਜਾਣਗੀਆਂ। ਕੈਂਪ ਦੇ ਆਯੋਜਨ ਵਿੱਚ ਪ੍ਰਮੁੱਖ ਭਾਗੀਦਾਰਾਂ ਵਿੱਚ ਹਰੀਸ਼ ਗੋਇਲ, ਰਾਜੇਸ਼ ਸੈਧਾ, ਸਤੀਸ਼ ਭਾਸਕਰ, ਗੌਰਵ ਗੁਪਤਾ, ਕੇ.ਕੇ. ਸ਼ਰਮਾ, ਵਿਜੇਸ਼ ਸਚਦੇਵਾ ਅਤੇ ਸੰਜੇ ਸਰਦਾਨਾ ਸ਼ਾਮਲ ਸਨ। ਮੁੱਖ ਮਹਿਮਾਨ: ਪ੍ਰੋ. ਜੀ.ਪੀ. ਥਾਮੀ, ਡਾਇਰੈਕਟਰ ਅਤੇ ਪ੍ਰਿੰਸੀਪਲ, ਜੀਐਮਸੀਐਚ-32। ਇਹ ਕੈਂਪ ਸ਼ੇਰ ਪਵਨ ਕੇਜਰੀਵਾਲ ਦੁਆਰਾ ਆਪਣੇ ਪਿਤਾ ਦੀ ਯਾਦ ਵਿੱਚ ਸਪਾਂਸਰ ਕੀਤਾ

# ਚੰਡੀਗੜ੍ਹ ਓਲੰਪਿਕ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਕਾਰਜਕਾਰੀ ਕਮੇਟੀ ਮੈਂਬਰਾਂ ਦੀ ਚੋਣ

**ਚੰਡੀਗੜ੍ਹ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ):** ਚੰਡੀਗੜ੍ਹ ਓਲੰਪਿਕ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਕਾਰਜਕਾਰੀ ਕਮੇਟੀ ਮੈਂਬਰਾਂ ਦੀ ਚੋਣ 21 ਨਵੰਬਰ, 2025 ਨੂੰ ਹੋਵੇਗੀ। ਇਹ ਚੋਣ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਨਿਯਮਾਂ ਅਤੇ ਉਪ-ਨਿਯਮਾਂ, ਚੰਡੀਗੜ੍ਹ ਓਲੰਪਿਕ ਐਸੋਸੀਏਸ਼ਨ ਦੇ ਨਿਯਮਾਂ ਅਤੇ ਨਿਯਮਾਂ, ਰਾਸ਼ਟਰੀ ਖੇਡ ਵਿਕਾਸ ਕੋਡ, 2011 ਦੇ ਉਪਬੰਧਾਂ ਅਤੇ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ। ਜਿਨ੍ਹਾਂ ਅਹੁਦਿਆਂ ਲਈ ਚੋਣਾਂ ਹੋਣਗੀਆਂ ਉਨ੍ਹਾਂ ਵਿੱਚ ਪ੍ਰਧਾਨ, ਇੱਕ ਸੀਨੀਅਰ ਉਪ-ਪ੍ਰਧਾਨ, ਦੋ ਉਪ-ਪ੍ਰਧਾਨ, ਆਨਰੇਰੀ ਸਕੱਤਰ, ਆਨਰੇਰੀ ਸੰਯੁਕਤ ਸਕੱਤਰ, ਆਨਰੇਰੀ ਖਜ਼ਾਨਚੀ ਅਤੇ ਚਾਰ ਮੈਂਬਰ ਸ਼ਾਮਲ ਹਨ। ਸਮੁੱਚੀ ਚੋਣ ਪ੍ਰਕਿਰਿਆ ਚੰਡੀਗੜ੍ਹ ਓਲੰਪਿਕ ਐਸੋਸੀਏਸ਼ਨ ਦੇ ਪ੍ਰਵਾਨਿਤ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਕੀਤੀ ਜਾਵੇਗੀ।

# ਗੀਤਾ ਮਹਾ ਉਤਸਵ ਧੂਮ ਧਾਮ ਨਾਲ ਮਨਾਇਆ



**ਮੋਰਿੰਡਾ, 9 ਨਵੰਬਰ (ਰਾਧੇ ਸ਼ਾਮ ਸ਼ਰਮਾ):** ਸ਼੍ਰੀ ਰਾਮ ਚੈਰੀਟੇਬਲ ਗੋਵਰਧਨ ਗੌਗਤ ਮੋਰਿੰਡਾ ਵਿਖੇ ਸਾਲਾਨਾ ਗੀਤਾ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਗੀਤਾ ਵਿਦਵਾਨ ਸਵਾਮੀ ਗਿਆਨਾਨੰਦ ਜੀ ਮਹਾਰਾਜ ਨੇ ਆਪਣੇ ਪ੍ਰਵਚਨਾਂ ਨਾਲ ਸਮਾਗਮ ਵਿੱਚ ਆਏ ਸ਼ਰਧਾਲੂਆਂ ਨੂੰ ਖੁਸ਼ ਕੀਤਾ। ਮਹਾਰਾਜ ਨੇ ਕਿਹਾ ਕਿ ਅੱਜ ਸਨਾਤਨ ਧਰਮ ਦੀ ਖ਼ਾਤਰ, ਸਾਰਿਆਂ ਨੂੰ ਇਕਜੁੱਟ ਹੋ ਕੇ ਮਨੁੱਖਤਾ ਲਈ ਕੰਮ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਗਊ ਮਾਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੀਨੀਅਰ ਪ੍ਰਚਾਰਕ, ਮਾਣਯੋਗ ਪ੍ਰੇਮ ਗੋਇਲ ਨੇ ਭਾਰਤ ਦੇ ਉੱਨਤੀ ਵਿੱਚ ਵਿਸ਼ੇਸ਼ ਯੋਗਦਾਨ ਲਈ ਨਾਰੀ ਸ਼ਕਤੀ ਨੂੰ ਸਲਾਮ ਕੀਤਾ। ਟਰੱਸਟ ਦੇ ਮੁੱਖ ਟਰੱਸਟੀ, ਚੇਤਨ ਮਿੱਤਲ ਜੀ ਨੇ ਟਰੱਸਟ ਬਾਰੇ ਦੱਸਿਆ। ਪੰਕਜ ਮਿੱਤਲ ਜੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਨਿਲ ਗੁਪਤਾ, ਸਾਧੂਰਾਮ ਜੀ, ਜਗਦੇਵ ਭਟੋਆ, ਹਰੀਪਾਲ, ਸੰਗਤ ਸਿੰਘ ਭਾਗੀਵਾਂ, ਰਾਜਪ੍ਰੀਤ ਰਾਜੀ, ਹਰਜੀਤ ਸੋਢੀ, ਸੰਦੀਪ ਸੋਨੂੰ, ਜਤਿੰਦਰ ਗੁੰਬਰ, ਧਰਮਪਾਲ ਥੰਮਣ, ਸੰਦੀਪ ਸ਼ਰਮਾ, ਕੁਸੁਮ ਸ਼ਰਮਾ, ਵਿਵੇਕ ਮਿੱਤਲ, ਰਮਨ ਗੁਪਤਾ, ਗੋਲਡੀ ਪੁਰੀ, ਭਵਨੀਸ਼ ਕੁਮਾਰ ਬੱਬੂ ਅਤੇ ਧਾਰਮਿਕ, ਸਤਿੰਦਰ ਕੁਮਾਰ ਬੱਬੂ ਅਤੇ ਵੱਖ-ਵੱਖ ਸਮਾਜ ਸੇਵੀ ਸ. ਸੰਸਥਾਵਾਂ ਨੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ।

# ਅੰਬਾਲਾ ਦੇ ਦੋ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਰੂਸ ਭੇਜਣ ਦੇ ਮਾਮਲੇ ਵਿੱਚ ਪੁਲਿਸ ਨੂੰ ਕਾਰਵਾਈ ਕਰਨ ਦੇ ਹੁਕਮ ਦਿੱਤੇ

**ਚੰਡੀਗੜ੍ਹ, 9 ਨਵੰਬਰ (ਰਜੇਂਦਰ ਸਿੰਘ ਜਾਦੋਂ):** ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਪੁਲਿਸ ਨੂੰ ਦੋ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ ਜਿਨ੍ਹਾਂ ਨੇ ਅੰਬਾਲਾ ਛਾਉਣੀ ਦੀ ਡਿਫੈਂਸ ਕਲੋਨੀ ਤੋਂ ਦੋ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਰੂਸ ਭੇਜਿਆ ਸੀ। ਵਿਜ ਐਤਵਾਰ ਨੂੰ ਅੰਬਾਲਾ ਛਾਉਣੀ ਸਥਿਤ ਆਪਣੇ ਨਿਵਾਸ ਸਥਾਨ 'ਤੇ ਜਨਤਕ ਸੁਣਵਾਈ ਦੌਰਾਨ ਅੰਬਾਲਾ ਛਾਉਣੀ ਵਿਧਾਨ ਸਭਾ ਹਲਕੇ ਦੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣ ਰਹੇ ਸਨ। ਡਿਫੈਂਸ ਕਲੋਨੀ ਦੇ ਵਸਨੀਕ ਸ਼ਿਕਾਇਤਕਰਤਾ ਨੇ ਦੱਸਿਆ ਕਿ ਦੋ ਏਜੰਟ, ਜੋ ਕਿ ਪੰਜੋਖਰਾ ਸਾਹਿਬ ਅਤੇ ਦਿਆਲਬਾਗ ਪਿੰਡਾਂ ਦੇ ਵਸਨੀਕ ਹਨ, ਨੇ ਉਸਨੂੰ ਜਾਰਜੀਆ ਭੇਜਣ ਦਾ ਵਾਅਦਾ ਕਰਕੇ ਲਾਲਚ ਦਿੱਤਾ ਅਤੇ ਬਦਲੇ ਵਿੱਚ ਪੰਜ ਲੱਖ ਰੁਪਏ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਏਜੰਟਾਂ ਨੂੰ ਪੈਸੇ ਦੇ ਦਿੱਤੇ, ਪਰ ਜਾਰਜੀਆ ਦੀ ਬਜਾਏ, ਉਸਨੂੰ ਮੱਕਾ ਭੇਜ ਦਿੱਤਾ ਗਿਆ। ਏਜੰਟਾਂ ਨੇ ਬਾਅਦ ਵਿੱਚ ਉਸਨੂੰ ਗੈਰ-ਕਾਨੂੰਨੀ ਟੂਰਿਸਟ ਵੀਜ਼ੇ 'ਤੇ ਰੂਸ ਭੇਜ ਦਿੱਤਾ, ਜਿੱਥੇ ਉਸਨੂੰ ਸਥਾਨਕ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸ਼ਿਕਾਇਤਕਰਤਾ ਨੂੰ ਲਗਭਗ ਦੋ ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ ਗਿਆ ਅਤੇ ਫਿਰ ਭਾਰਤ ਵਾਪਸ ਭੇਜ ਦਿੱਤਾ ਗਿਆ। ਉਸਨੇ ਦੋਸ਼ ਲਗਾਇਆ ਕਿ ਏਜੰਟਾਂ ਨੇ ਉਸ ਨਾਲ ਲਗਭਗ 8.5 ਲੱਖ ਰੁਪਏ ਦੀ ਧੋਖਾਧੜੀ ਕੀਤੀ। ਇਸੇ ਤਰ੍ਹਾਂ, ਇੱਕ ਹੋਰ ਨੌਜਵਾਨ ਨੇ ਦੋ ਏਜੰਟਾਂ 'ਤੇ ਉਸਨੂੰ ਗੈਰ-ਕਾਨੂੰਨੀ ਤੌਰ 'ਤੇ ਰੂਸ ਭੇਜਣ ਅਤੇ ਧੋਖਾਧੜੀ ਕਰਨ ਦਾ ਦੋਸ਼ ਲਗਾਇਆ। ਦੋਵਾਂ ਮਾਮਲਿਆਂ ਦੀ ਗੰਭੀਰਤਾ ਨੂੰ ਦੇਖਦੇ ਹੋਏ, ਮੰਤਰੀ ਅਨਿਲ ਵਿਜ ਨੇ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਜਾਂਚ ਸ਼ੁਰੂ ਕਰਨ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਊਰਜਾ ਮੰਤਰੀ ਨੇ ਕਈ ਹੋਰ ਸ਼ਿਕਾਇਤਾਂ ਵੀ ਸੁਣੀਆਂ ਅਤੇ ਸਬੰਧਤ ਵਿਭਾਗਾਂ ਅਤੇ ਅਧਿਕਾਰੀਆਂ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ।

# ਟਰੱਕਾਂ ਵਿੱਚੋਂ ਬੈਟਰੀਆਂ ਤੇ ਡੀਜ਼ਲ ਚੋਰੀ ਕਰਨ ਦੇ ਮਾਮਲੇ 'ਚ ਦੋ ਨੌਜਵਾਨ ਗ੍ਰਿਫ਼ਤਾਰ



**ਡੇਰਾਬੱਸੀ, 9 ਨਵੰਬਰ (ਸੁਖਵਿੰਦਰ ਸੈਣੀ):** ਨਜ਼ਦੀਕੀ ਪਿੰਡ ਜਵਾਹਰਪੁਰ ਵਿਖੇ ਸ਼ਿਵ ਜੀ ਮੰਦਰ ਨੇੜੇ ਪਿਛਲੇ ਦਿਨੀ ਖੜ੍ਹੇ ਕੀਤੇ ਟਰੱਕਾਂ ਵਿਚੋਂ ਦਿਨ ਦਿਹਾੜੇ ਬੈਟਰੀਆਂ ਅਤੇ ਡੀਜ਼ਲ ਚੋਰੀ ਕਰਨ ਦੇ ਮਾਮਲੇ ਵਿੱਚ ਡੇਰਾਬੱਸੀ ਪੁਲਿਸ ਨੇ ਦੋ ਨੌਜਵਾਨਾਂ ਨੂੰ ਸੀਸੀਟੀਵੀ ਫੁੱਟੇਜ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਹੈ ਸੀਸੀਟੀਵੀ ਦੇ ਆਧਾਰ 'ਤੇ ਦੋਸ਼ੀਆਂ ਦੀ ਪਛਾਣ ਸਿਮਰਨ ਪੁੱਤਰ ਲੇਟ ਤਰਸੇਮ ਸਿੰਘ ਵਾਸੀ ਜਵਾਹਰਪੁਰ ਅਤੇ ਇਰਫ਼ਾਦ ਉਰਫ਼ ਛੋਟੂ ਪੁੱਤਰ ਨਾਜਮ ਵਾਸੀ ਹਰੀਪੁਰ ਕੂੜਾ ਵਜੋਂ ਹੋਈ। ਪੁਲਿਸ ਨੇ ਦੋਵੇਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਲਿਆ। ਮਾਮਲੇ ਦੀ ਜਾਣਕਾਰੀ ਦਿੰਦਿਆ ਪੀੜਤ ਸਾਬਕਾ ਕੈਂਟਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖਾ ਅਤੇ ਵਿਨੋਦ ਕੁਮਾਰ ਪੁੱਤਰ ਗੁਲਜਾਰ ਸਿੰਘ ਵਾਸੀ ਪਿੰਡ ਜਵਾਹਰਪੁਰ ਨੇ ਦੱਸਿਆ ਕਿ ਲੰਘੇ ਸੋਮਵਾਰ ਨੂੰ ਉਹਨਾਂ ਪਿੰਡ ਦੇ ਮੰਦਰ ਨੇੜੇ ਆਪਣਾ ਟਰੱਕ ਸਵਰਾਜ ਮਾਜਦਾ ਅਤੇ ਇੱਕ ਟਰੱਕ ਸਵੇਰੇ ਕਰੀਬ 11 ਵਜੇ ਖੜਾ ਕੀਤਾ ਸੀ। ਦੁਪਿਹਰ ਬਾਅਦ ਜਦੋਂ ਉਹ ਉੱਥੇ ਆਏ ਤਾਂ ਦੋਵੇਂ ਟਰੱਕਾਂ ਦੀਆਂ ਤਿੰਨ ਬੈਟਰੀਆਂ ਅਤੇ 150 ਲੀਟਰ ਡੀਜ਼ਲ ਟਰੱਕਾਂ ਵਿੱਚੋਂ ਕੱਢ ਲਿਆ। ਉਹ ਮੋਟਰਸਾਈਕਲ ਤੇ ਪਿਛਾ ਕਰਨ ਦੇ ਬਾਵਜੂਦ ਦੋਵੇਂ ਫਰਾਰ ਹੋ ਗਏ। ਸਾਰੀ ਘਟਨਾ ਉੱਥੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਥਾਣਾ ਡੇਰਾਬੱਸੀ ਦੇ ਥਾਣਾ ਮੁਖੀ ਸਮਿਤ ਮੋਰ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਨੇ ਇੱਕ ਦਿਨ ਦਾ ਰਿਮਾਂਡ ਪ੍ਰਾਪਤ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁਲਜਮ ਸਿਮਰਨ ਵਿਰੁੱਧ ਪਹਿਲਾਂ ਹੀ ਨਸ਼ਾ ਵਿਰੋਧੀ ਐਕਟ ਤਹਿਤ ਮਾਮਲਾ ਦਰਜ ਹੈ

# ਪੈਦਲ ਜਾ ਰਹੇ ਪ੍ਰਵਾਸੀ ਮਜ਼ਦੂਰ ਤੋਂ ਮੋਬਾਈਲ ਫੋਨ ਖੋਹ ਕੇ ਫ਼ਰਾਰ



**ਬਨੂੜ, 9 ਨਵੰਬਰ (ਰਜਿੰਦਰ ਸਿੰਘ):** ਬਨੂੜ ਇਲਾਕੇ ਵਿੱਚ ਚੋਰੀ ਅਤੇ ਲੁੱਟ ਖੋਹ ਦੀਆਂ ਘਟਨਾਵਾਂ ਵਿੱਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ, ਬੀਤੇ ਦਿਨੀ ਇਸ ਗਿਰੋਹ ਪੈਦਲ ਜਾ ਰਹੇ ਪ੍ਰਵਾਸੀ ਮਜ਼ਦੂਰ ਤੋਂ ਮੋਬਾਈਲ ਖੋ ਕੇ ਫਰਾਰ ਹੋ ਗਏ। ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਮਜ਼ਦੂਰ ਅਰੁਣ ਕੁਮਾਰ ਵਾਸੀ ਉਤਰ ਪ੍ਰਦੇਸ਼ ਹਾਲ ਆਬਾਦ ਵਾਸੀ ਵਾਰਡ ਨੰਬਰ ਇੱਕ ਹਵੇਲੀ ਬਸੀ ਨੇ ਦੱਸਿਆ ਕਿ ਉਹ ਪੀ ਓ ਪੀ ਦਾ ਕੰਮ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹੈ ਬੀਤੇ ਦਿਨੀ ਉਹ ਤਕਰੀਬਨ 11 ਵਜੇ ਦੇ ਕਰੀਬ ਜਦੋਂ ਬਨੂੜ ਬੈਰੀਅਰ ਤੋਂ ਅੱਗੇ ਪੈਦਲ ਆਪਣੇ ਕੰਮ ਤੇ ਜਾ ਰਿਹਾ ਸੀ ਤਾਂ ਉਸ ਦੇ ਮੋਬਾਇਲ ਫੋਨ ਤੇ ਕਿਸੇ ਗ੍ਰਾਹਕ ਦਾ ਫੋਨ ਆਇਆ ਤੇ ਜਦੋਂ ਉਹ ਆਪਣਾ ਮੋਬਾਇਲ ਫੋਨ ਕੱਢ ਕੇ ਸੁਣ ਰਿਹਾ ਸੀ ਤਾਂ ਪਿੱਛੋਂ ਅਚਾਨਕ ਕਾਰ ਆ ਕੇ ਰੁਕੀ ।ਕਾਰ ਵਿਚ ਸਵਾਰ ਵਿਅਕਤੀਆਂ ਨੇ ਉਸਦਾ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ। ।ਦੱਸਣਯੋਗ ਹੈ ਕਿ ਬਨੂੜ ਇਲਾਕੇ ਵਿੱਚ ਚੋਰੀ ਅਤੇ ਲੁੱਟ ਖੋਹ ਦੀਆਂ ਘਟਨਾਵਾਂ ਨਿਰੰਤਰ ਜਾਰੀ ਰਹਿਣ ਕਾਰਨ ਇਲਾਕੇ ਦੇ ਵਸਨੀਕਾਂ ਵਿੱਚ ਸਹਿਮ ਦਾ ਮਹੌਲ ਬਣਿਆ ਹੋਇਆ ਹੈ ਉਹਨਾਂ ਪੁਲਿਸ ਪ੍ਰਸ਼ਾਸਨ ਤੋਂ ਚੋਰੀ ਅਤੇ ਲੁੱਟ ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਨੂੰ ਕਾਬੂ ਕਰਨ ਦੀ ਮੰਗ ਕੀਤੀ ਤਾਂ ਜੋ ਨਿਤ ਲੋਕਾਂ ਨੂੰ ਹੋ ਰਹੇ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ ।ਇਸਦੇ ਨਾਲ ਹੀ ਇਲਾਕੇ ਦੇ ਵਸਨੀਕਾਂ ਵਿੱਚ ਪਾਏ ਜਾ ਰਹੇ ਸਹਿਮ ਨੂੰ ਵੀ ਦੂਰ ਕੀਤਾ ਜਾਵੇ ਕਿਉਂਕਿ ਇਲਾਕੇ ਦੇ ਵਸਨੀਕ ਆਪਣੇ ਆਪ ਨੂੰ ਪੁਲਿਸ ਦੀ ਮੌਜੂਦਗੀ ਵਿੱਚ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

# ਕੈਨੇਡੀਅਨ ਚੀਨੀ 8-ਬਾਲ ਪੂਲ ਚੈਂਪੀਅਨ ਨਿਤਿਨ ਸ਼ਰਮਾ ਦਾ ਡੇਰਾਬੱਸੀ 'ਚ ਢਿੱਲੋ ਨੇ ਕੀਤਾ ਸਨਮਾਨ



**ਡੇਰਾਬੱਸੀ, 9 ਨਵੰਬਰ (ਸੁਖਵਿੰਦਰ ਸੈਣੀ):** ਕੈਨੇਡੀਅਨ ਚੀਨੀ 8-ਬਾਲ ਪੂਲ ਚੈਂਪੀਅਨ ਨਿਤਿਨ ਸ਼ਰਮਾ ਦਾ ਡੇਰਾਬੱਸੀ ਵਿੱਚ ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋ ਨੇ ਸਨਮਾਨ ਕੀਤਾ ਡੇਰਾਬੱਸੀ ਨਿਵਾਸੀ ਅਤੇ ਮਸ਼ਹੂਰ ਕੈਨੇਡੀਅਨ ਬਿਲੀਅਰਡਸ ਸਟਾਰ ਨਿਤਿਨ ਸ਼ਰਮਾ ਨੂੰ ਸੁਪੀਰੀਅਰ ਕੱਪ ਚੀਨੀ 8-ਬਾਲ ਚੈਂਪੀਅਨਸ਼ਿਪ ਜਿੱਤਣ ਤੋਂ ਬਾਅਦ ਡੇਰਾਬੱਸੀ ਵਾਪਸ ਆਉਣ 'ਤੇ ਸਨਮਾਨਿਤ ਕੀਤਾ ਗਿਆ। ਨਿਤਿਨ ਨੇ ਕਿਹਾ ਕਿ ਇਹ ਕੈਨੇਡੀਅਨ ਪੂਲ ਖੇਡ ਇਤਿਹਾਸ ਦਾ ਸਭ ਤੋਂ ਵੱਡਾ ਸਮਾਗਮ ਹੈ, ਜਿਸ ਵਿੱਚ ਭਾਰਤ ਨੇ ਪਹਿਲੀ ਵਾਰ ਖਿਤਾਬ ਜਿੱਤਿਆ ਹੈ। ਨਿਤਿਨ ਦੇ ਪਿਤਾ ਰਾਕੇਸ਼ ਅਚਿੰਤ ਨੇ ਆਪਣੇ ਪੁੱਤਰ ਦੀ ਪ੍ਰਾਪਤੀ 'ਤੇ ਬਹੁਤ ਖੁਸ਼ੀ ਪ੍ਰਗਟ ਕੀਤੀ। ਢਿੱਲੋਂ ਨੇ ਕਿਹਾ ਕਿ ਨਿਤਿਨ ਸ਼ਰਮਾ ਦਾ ਜਨੂੰਨ, ਲਗਨ ਅਤੇ ਸੰਘਰਸ਼ ਆਉਣ ਵਾਲੀਆਂ ਪੀੜ੍ਹੀਆਂ ਅਤੇ ਕੈਨੇਡੀਅਨ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਬਣ ਗਿਆ ਹੈ। ਇਸ ਮੌਕੇ ਕੌਂਸਲਰ ਜਸਪ੍ਰੀਤ ਸਿੰਘ ਲੱਕੀ , ਸਾਬਕਾ ਕੌਂਸਲਰ ਚਮਨ ਸੈਣੀ ,ਰਿਪੂ ਬਿੰਦਲ ਆਦਿ ਮੌਜੂਦ ਸਨ।

# ਸਵਰਗੀ ਸ਼ੇਰ ਸਿੰਘ ਸਿੱਧੂ ਦੀ ਯਾਦ 'ਚ ਲਾਏ ਖ਼ੂਨਦਾਨ ਕੈਂਪ ਦੌਰਾਨ 241 ਯੂਨਿਟ ਖ਼ੂਨ ਕੀਤਾ ਇਕੱਤਰ : ਅਕਵਿੰਦਰ ਗੋਸਲ




**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 9 ਨਵੰਬਰ (ਚਰਨ ਸਿੰਘ ਮੈਣ ਮਾਜਰੀ, ਨੀਰਜ ਸਰਮਾਂ):** ਪੰਜਾਬੀ ਕਲਚਰਲ ਅਤੇ ਵੈਲਫੇਅਰ ਸਟ ਐਸ ਏ ਐਸ ਨਗਰ ਵੱਲੋਂ ਸਵਰਗੀ ਸ. ਸ਼ੇਰ ਸਿੰਘ ਸਿੱਧੂ ਪੀਸੀਐਸ ਰਿਟ ਦੀ ਯਾਦ ਵਿੱਚ ਪਹਿਲਾ ਖ਼ੂਨਦਾਨ ਕੈਂਪ ਲਾਇਆ ਗਿਆ। ਜਿਸ ਵਿੱਚ ਸਰਕਾਰੀ ਮੈਡੀਕਲ ਕਾਲਜ ਹਸਪਤਾਲ ਸੈਕਟਰ- 32 ਅਤੇ ਰੋਟਰੀ ਬਲੱਡ ਬੈਂਕ ਸਟਰ 37 ਚੰਡੀਗੜ੍ਹ ਦੀਆਂ ਟੀਮਾਂ ਨੇ 231 ਯੂਨਿਟ ਖ਼ੂਨ ਇਕੱਤਰ ਕੀਤਾ। ਸਵਰਗੀ ਸ. ਸ਼ੇਰ ਸਿੰਘ ਦੇ ਪਰਿਵਾਰਕ ਮੈਂਬਰ ਗੁਰਸਿਮਰਨ ਸਿੰਘ ਸਿੱਧੂ, ਬਲਕਾਰ ਸਿੰਘ ਸਿੱਧੂ ਆਈਪੀਐਸ (ਰਿਟਾਇਰਡ), ਹਰਮੇਲ ਸਿੰਘ ਸਰਾਅ ਸਟੇਟ ਟਰਾਂਸਪੋਰਟ ਕਮਿਸ਼ਨਰ (ਰਿਟਾ.), ਗੁਰਮੰਦਰ ਸਿੰਘ ਪੀਸੀਐਸ, ਸਤਵੰਤ ਸਿੰਘ ਸਿੱਧੂ ਡੀਐਸਪੀ, ਸ. ਸਰਤਾਜ ਸਿੰਘ ਗਿੱਲ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਪੰਜਾਬ, ਇੰਦਰ ਮੋਹਨ ਸਿੰਘ, ਦਰਸ਼ਨ ਸਿੰਘ ਸਿੱਧੂ ਅਤੇ ਮਨਜੀਤ ਸਿੰਘ ਡੀਏ ਦੀ ਅਗਵਾਈ ਵਿੱਚ ਖ਼ੂਨਦਾਨੀਆਂ ਨੇ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਖ਼ੂਨਦਾਨ ਕੀਤਾ। ਖ਼ੂਨਦਾਨ ਕੈਂਪ ਦੇ ਰੌਣਕ ਵਧਾਉਣ ਲਈ ਮਿਊਂਸਪਲ ਕੌਂਸਲਰ ਸਰਬਜੀਤ ਸਿੰਘ ਸਮਾਣਾ, ਕੁਲਜੀਤ ਸਿੰਘ ਬੇਦੀ, ਵਨੀਤ ਵਰਮਾ, ਹਰਸਿਮਰਨ ਸਿੰਘ ਬਲ ਡੀਐਸਪੀ ਸਿਟੀ-2, ਜੀਪੀ ਸਿੰਘ ਡੀਐਸਪੀ, ਡਾ. ਐਸਐਸ ਭਮਰਾ, ਆਰਪੀ ਸ਼ਰਮਾ, ਗੁਰਮੁਖ ਸਿੰਘ ਸੋਹਲ, ਪਰਮਜੀਤ ਸਿੰਘ ਕਾਹਲੋ, ਰਾਜਾ ਕੰਵਰਜੋਤ ਸਿੰਘ, ਗੌਰਮੈਂਟ ਟੀਚਰ ਯੂਨੀਅਨ ਵੱਲੋਂ ਸੁਰਜੀਤ ਸਿੰਘ ਅਤੇ ਸੁਖਵਿੰਦਰਜੀਤ ਸਿੰਘ ਗਿੱਲ, ਗੁਰਮੀਤ ਸਿੰਘ ਸ਼ਾਮਪੁਰ, ਰਜੇਸ਼ ਲਖੋਤਰਾ, ਜਸਪਾਲ ਸਿੰਘ ਦਿਓਲ, ਜਸਪਾਲ ਸਿੰਘ ਮਟੌਰ ਅਤੇ ਉੱਘੇ ਪੰਜਾਬੀ ਗਾਇਕ ਸਿੱਪੀ ਗਿੱਲ ਖ਼ੂਨਦਾਨ ਲੈ ਕੇ ਪਹੁੰਚੇ। ਪੰਜਾਬੀ ਕਲਚਰ ਅਤੇ ਵੈਲਫੇਅਰ ਸੋਸਾਇਟੀ ਦੇ (ਰਜਿ.) ਦੇ ਪ੍ਰਧਾਨ ਅਕਵਿੰਦਰ ਸਿੰਘ ਗੋਸਲ, ਜਨਰਲ ਸਕੱਤਰ ਦਵਿੰਦਰ ਸਿੰਘ ਜੁਗਨੀ, ਵਿੱਤ ਸਕੱਤਰ ਜਗਤਾਰ ਸਿੰਘ ਜੱਗੀ ਦੀ ਅਗਵਾਈ 'ਚ ਸੋਸਾਇਟੀ ਦੇ ਮੈਂਬਰ ਇੰਜੀਨੀਅਰ ਗੁਰਜੰਟੀ ਸਿੰਘ, ਪਰਮਿੰਦਰ ਸਿੰਘ ਭਿੰਦਾ ਚੁੰਨੀ, ਅਮਰੀਕ ਸਿੰਘ ਵਿਰਕ, ਗੁਰਵਿੰਦਰ ਸਿੰਘ ਬਿੱਟੀ ਸੋਹਲ, ਬਿਕਰਮਜੀਤ ਸਿੰਘ ਵਿੱਕੀ, ਬਲਵਿੰਦਰ ਸਿੰਘ ਭਾਉ, ਸੁਦਾਗਰ ਸਿੰਘ ਸੰਮੀ ਚੁੰਨੀ ਅਤੇ ਰਣਜੀਤ ਸਿੰਘ ਨੇ ਖ਼ੂਨਦਾਨ ਕੈਂਪ ਨੂੰ ਬਹੁਤ ਹੀ ਸਟੱਜ ਢੰਗ ਨਾਲ ਨੇਪਰੇ ਚਾੜਿਆ ਖ਼ੂਨਦਾਨ ਕੈਂਪ ਦੀ ਸਫਲਤਾ ਲਈ ਲਾਇਨਸ ਕਲੱਬ ਪੰਚਕੂਲਾ ਪ੍ਰੀਮੀਅਮ ਅਤੇ ਟਰੇਡਰ ਮਾਰਕੀਟ ਵੈਲਫੇਅਰ ਸੋਸਾਇਟੀ ਫੇਜ਼ ਥਰੀ ਟੂ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਸੀਪੀਆਈ ਡੇਰਾਬੱਸੀ ਤਹਿਸੀਲ ਕਮੇਟੀ ਦੀ ਮੀਟਿੰਗ ਦੌਰਾਨ ਚੁਣੀ ਨਵੀਂ ਕਮੇਟੀ



**ਡੇਰਾਬੱਸੀ, 9 ਨਵੰਬਰ (ਸੁਖਵਿੰਦਰ ਸੈਣੀ):** ਭਾਰਤੀ ਕਮਿਊਨਿਸਟ ਪਾਰਟੀ ਡੇਰਾਬੱਸੀ ਤਹਿਸੀਲ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਡੈਲੀਗੇਟਾਂ ਤੇ ਪਾਰਟੀ ਆਗੂਆਂ ਨੇ ਭਾਗ ਲਿਆ । ਮੀਟਿੰਗ ਦੌਰਾਨ ਨਵੀਂ ਤਹਿਸੀਲ ਕਮੇਟੀ ਦੀ ਚੋਣ ਕੀਤੀ ਗਈ ਅਤੇ ਪਿਛਲੇ ਸਾਲ ਦੇ ਕੰਮਾਂ ਦਾ ਵੇਰਵਾ ਪੇਸ਼ ਕੀਤਾ ਗਿਆ। ਜਾਣਕਾਰੀ ਦਿੰਦਿਆਂ ਵਿਨੋਦ ਚੁੱਗ ਨੇ ਦੱਸਿਆ ਕਿ ਮੀਟਿੰਗ ਦੀ ਸ਼ੁਰੂਆਤ ਕਾਮਰੇਡ ਅਵਤਾਰ ਸਿੰਘ ਦੱਪਰ ਵੱਲੋਂ ਪੇਸ਼ ਕੀਤੀ ਪਿਛਲੇ ਕੰਮਾਂ ਦੀ ਰਿਪੋਰਟ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਮਨਜ਼ੂਰ ਕੀਤਾ। ਇਸ ਤੋਂ ਬਾਅਦ ਨਵੀਂ ਤਹਿਸੀਲ ਕਮੇਟੀ ਦੇ ਅਹੁਦੇਦਾਰਾਂ ਵਿੱਚਤਹਿਸੀਲ ਸਕੱਤਰ ਕਾਮਰੇਡ ਅਵਤਾਰ ਸਿੰਘ, ਸਹਾਇਕ ਸਕੱਤਰ ਕਾਮਰੇਡ ਅਸ਼ਵਨੀ ਕੁਮਾਰ ਲਾਲੜੂ, ਸਹਾਇਕ ਸਕੱਤਰ ਕਾਮਰੇਡ ਮਹਿੰਦਰ ਸਿੰਘ ਸਰਸੀਨੀ, ਖ਼ਜ਼ਾਨਚੀ ਕਾਮਰੇਡ ਸੁਰਿੰਦਰ ਸਿੰਘ ਇਸ ਤੋਂ ਇਲਾਵਾ, 15 ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ। ਮੀਟਿੰਗ ਵਿੱਚ ਡੈਲੀਗੇਟ ਵਜੋਂ ਕਾਮਰੇਡ ਵਿਨੋਦ ਚੁੱਘ (ਲਾਲੜੂ ਮੰਡੀ), ਕਾਮਰੇਡ ਮਾਸਟਰ ਕਰਮ ਚੰਦ (ਘੋਲੂਮਾਜਰਾ), ਜਸਮੇਰ ਸਿੰਘ (ਮਗਰਾ), ਭੁਪਿੰਦਰ ਸਿੰਘ (ਭਾਖਰਪੁਰ), ਬਲਦੇਵ ਸਿੰਘ (ਪੰਡਵਾਲਾ), ਅਤੇ ਗੁਰਚਰਨ ਸਿੰਘ (ਜ਼ੀਰਕਪੁਰ) ਸਮੇਤ ਹੋਰ ਮੈਂਬਰ ਹਾਜ਼ਰ ਰਹੇ। ਜ਼ਿਲ੍ਹਾ ਪੱਧਰ ਤੋਂ ਕਾਮਰੇਡ ਜਸਪਾਲ ਸਿੰਘ (ਜ਼ਿਲ੍ਹਾ ਸਕੱਤਰ) ਅਤੇ ਕਾਮਰੇਡ ਗੁਰਦਿਆਲ ਸਿੰਘ ਨੇ ਵੀ ਮੀਟਿੰਗ ਵਿੱਚ ਭਾਗ ਲਿਆ। ਓਬਜ਼ਰਵਰ ਵਜੋਂ ਕਾਮਰੇਡ ਬਲਵਿੰਦਰ ਸਿੰਘ ਜੜੌਤ ਅਤੇ ਕਾਮਰੇਡ ਸ਼ੇਰ ਸਿੰਘ ਬਡਾਣਾ ਮੌਜੂਦ ਰਹੇ। ਇਸ ਮੌਕੇ ਜ਼ਿਲ੍ਹਾ ਸਕੱਤਰ ਕਾਮਰੇਡ ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੇ ਅਧਿਕਾਰਾਂ 'ਤੇ ਸਰਕਾਰ ਵੱਲੋਂ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਸਿੱਖਿਆ ਸੰਸਥਾਵਾਂ ਵਿੱਚ ਦਖ਼ਲ ਦੇ ਵਿਰੋਧ ਦੀ ਗੱਲ ਕੀਤੀ। ਮੀਟਿੰਗ ਦੌਰਾਨ ਮੰਗ ਰੱਖੀ ਗਈ ਕਿ ਲਾਲੜੂ ਮੰਡੀ ਬੱਸ ਸਟੈਂਡ ਨੂੰ ਤੁਰੰਤ ਚਾਲੂ ਕੀਤਾ ਜਾਵੇ, ਜ਼ਿਲ੍ਹਾ ਮੋਹਾਲੀ ਲਈ ਬੱਸਾਂ ਦੀ ਵੱਖਰੀ ਸੇਵਾ ਚਲਾਈ ਜਾਵੇ।

# ਮੋਰਿੰਡਾ ਨੇੜੇ ਲੱਗ ਰਹੀ ਫੈਕਟਰੀ ਦਾ ਇਲਾਕਾ ਨਿਵਾਸੀਆਂ ਵੱਲੋਂ ਜ਼ਬਰਦਸਤ ਵਿਰੋਧ, ਪ੍ਰਸ਼ਾਸਨ ਨੇ ਇਸ ਦੀ ਉਸਾਰੀ ਨੂੰ ਤੁਰੰਤ ਬੰਦ ਨਾ ਕਰਵਾਇਆ ਤਾਂ ਸਖ਼ਤ ਐਕਸ਼ਨ ਦੀ ਚੇਤਾਵਨੀ



**ਮੋਰਿੰਡਾ, 9 ਨਵੰਬਰ (ਰਾਧੇ ਸ਼ਾਮ ਸ਼ਰਮਾ):** ਮੋਰਿੰਡਾ ਨੇੜੇ 10 ਏਕੜ ਚ ਲੱਗ ਰਹੀ ਵੱਡੀ ਫੈਕਟਰੀ ਦਾ ਮੋਰਿੰਡਾ ਸ਼ਹਿਰ ਦੇ ਲੋਕਾਂ ਸਮੇਤ ਨਜ਼ਦੀਕੀ ਪਿੰਡਾਂ ਦੇ ਵਾਸੀਆਂ ਨੇ ਜ਼ਬਰਦਸਤ ਵਿਰੋਧ ਕਰਦਿਆਂ ਅੱਜ ਰੋਸ ਧਰਨਾ ਦਿੱਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਇਸ ਫੈਕਟਰੀ ਨੂੰ ਤੁਰੰਤ ਬੰਦ ਕਰਵਾਇਆ ਜਾਵੇ। ਇਸ ਸਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਮੋਰਿੰਡਾ ਸ਼ਹਿਰ ਦੇ ਸਾਬਕਾ ਕੌਂਸਲਰ ਜਗਵਿੰਦਰ ਸਿੰਘ ਪੰਮੀ ਨੰਬਰਦਾਰ ਨੇ ਦੱਸਿਆ ਕਿ ਮੋਰਿੰਡਾ ਸ਼ਹਿਰ ਦੀਆਂ ਸਭ ਤੋਂ ਵੱਧ ਸੁੰਦਰ ਮਨਜ਼ੂਰ ਸੂਦਾ ਕਲੋਨੀਆਂ ਗਲੋਬਲ ਇਨਕਲੇਵ ਅਤੇ ਪਾਲਮ ਇਨਕਲੇਵ ਦੇ ਨੇੜੇ ਪਿੰਡ ਕ੍ਰਿਸਨਪੁਰਾ ਦੀ 10 ਏਕੜ ਜ਼ਮੀਨ ਵਿਚ ਇਹ ਫੈਕਟਰੀ ਲਗਾਈ ਜਾ ਰਹੀ ਹੈ। ਇਹ ਫੈਕਟਰੀ ਲਗਣ ਨਾਲ ਇਸ ਸ਼ਾਂਤਮਈ ਇਲਾਕੇ ਵਿੱਚ ਹਵਾ ਪ੍ਰਦੂਸ਼ਣ, ਭਾਰੀ ਟਰੈਫਿਕ, ਸ਼ੋਰ ਸ਼ਰਾਬਾ ਹੋ ਜਾਵੇਗਾ। ਇਸ ਨਾਲ ਨਗਰ ਨਿਵਾਸੀਆਂ ਦੀ ਸ਼ਾਂਤੀ ਭੰਗ ਹੋ ਜਾਵੇਗੀ ਅਤੇ ਵਾਤਾਵਰਨ ਦੇ ਅਸ਼ੁਧ ਹੋਣ ਕਾਰਨ ਵੱਖ ਵੱਖ ਬਿਮਾਰੀਆਂ ਫੈਲਣ ਦਾ ਖ਼ਤਰਾ ਬਣ ਜਾਵੇਗਾ। ਜਗਵਿੰਦਰ ਸਿੰਘ ਪੰਮੀ ਨੇ ਦੱਸਿਆ ਕਿ ਇਹ ਫੈਕਟਰੀ ਕਿਸੇ ਇੰਡਸਟਰੀ ਏਰੀਏ ਵਿੱਚ ਨਹੀਂ ਲੱਗ ਰਹੀ ਬਲਕਿ ਖੇਤੀਬਾੜੀ ਲਈ ਛੱਡੀ ਜ਼ਮੀਨ ਵਿਚ ਗੈਰ ਕਾਨੂੰਨੀ ਤੌਰ ਤੇ ਲਗਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸਨ 2022 ਵਿੱਚ ਸਥਾਨਕ ਲੋਕਾਂ ਨੇ ਜ਼ਿਲ੍ਹਾ ਰੂਪਨਗਰ ਦੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਕ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਸੀ ਕਿ ਇਸ ਏਰੀਏ ਵਿੱਚ ਕਿਸੇ ਤਰ੍ਹਾਂ ਦੀ ਵੀ ਫੈਕਟਰੀ ਨਾ ਲਗਾਈ ਜਾਵੇ। ਪ੍ਰੰਤੂ ਅਫਸੋਸ ਇਸ ਬੇਨਤੀ ਪੱਤਰ ਤੇ ਕੋਈ ਵੀ ਸੁਣਵਾਈ ਕਰਨ ਤੋਂ ਬਿਨਾਂ ਹੀ ਇਕ ਵੱਡੇ ਉਦਯੋਗਿਕ ਯੂਨਿਟ ਦੀ ਤਜਵੀਜ਼ ਨੂੰ ਵਿਚਾਰਿਆ ਗਿਆ। ਹੁਣ ਫਿਰ ਇਲਾਕਾ ਨਿਵਾਸੀਆਂ ਨਜ਼ਦੀਕੀ ਗ੍ਰਾਮ ਪੰਚਾਇਤਾਂ ਨੇ ਡਿਪਟੀ ਕਮਿਸ਼ਨਰ ਰੂਪਨਗਰ, ਜ਼ਿਲ੍ਹਾ ਯੋਜਨਾਕਾਰ ਰੋਪੜ ਦੇ ਦਫ਼ਤਰਾਂ ਨੂੰ ਦਰਖ਼ਾਸਤਾਂ ਦੇ ਕੇ ਮੰਗ ਕੀਤੀ ਹੈ ਕਿ ਸਾਇਟ ਤੇ ਚਲ ਰਹੇ ਉਸਾਰੀ ਦੇ ਕੰਮ ਨੂੰ ਤੁਰੰਤ ਰੋਕਿਆ ਜਾਵੇ। ਅਤੇ ਉਚਿਤ ਲੇਵਲ ਦੀ ਇਕ ਕਮੇਟੀ ਬਣਾ ਕੇ ਪਬਲਿਕ ਸੁਣਵਾਈ ਕਰਕੇ ਇਸ ਏਰੀਏ ਦੇ ਸ਼ਹਿਰੀਕਰਨ ਯੋਜਨਾ ਦੇ ਪੱਖ ਨੂੰ ਵਿਚਾਰਿਆ ਜਾਵੇ। ਇਸ ਰੋਸ ਪ੍ਰਦਰਸ਼ਨ ਨੂੰ ਹੋਰਨਾਂ ਤੋਂ ਇਲਾਵਾ ਹਰਜੀਤ ਸਿੰਘ ਬੈਦਵਾਨ ਪ੍ਰਧਾਨ ਗਲੋਬਲ ਸੋਸਾਇਟੀ ਮੋਰਿੰਡਾ, ਨਿਰਮਲ ਸਿੰਘ ਸਿੱਧੂ, ਬਲਦੇਵ ਸਿੰਘ ਹਫਸਾਬਾਦ, ਅਮਿ ?ਤਪਾਲ ਸਿੰਘ ਖਟੜਾ ਐਮ ਸੀ ਮੋਰਿੰਡਾ, ਜਸਵੀਰ ਸਿੰਘ ਕਾਈਨੌਰ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰੂਪਨਗਰ, ਜਸਵਿੰਦਰ ਸਿੰਘ ਕਾਈਨੌਰ ਆਗੂ ਭਾਰਤੀ ਕਿਸਾਨ ਯੂਨੀਅਨ, ਹਰੀਪਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਬਾਬਾ ਸੁਰਿੰਦਰ ਪਾਲ ਸਿੰਘ ਸੋਢੀ,ਰਣਯੋਧ ਸਿੰਘ ਜੋਤੀ, ਮਨਦੀਪ ਸਿੰਘ ਰੌਣੀ, ਨੰਬਰਦਾਰ ਹਰਦੀਪ ਸਿੰਘ, ਧਰਮ ਸਿੰਘ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਇਸ ਫੈਕਟਰੀ ਦੀ ਉਸਾਰੀ ਨੂੰ ਤੁਰੰਤ ਰੋਕਿਆ ਜਾਵੇ।

## ਸੰਪਾਦਕੀ

### ਬਿਹਾਰ ਵਿੱਚ ਵੋਟਿੰਗ ਵਿੱਚ ਵਾਧਾ

ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਵਿੱਚ ਵੋਟਰਾਂ ਨੇ ਬਹੁਤ ਉਤਸ਼ਾਹ ਦਿਖਾਇਆ। 60.13% ਵੋਟਿੰਗ ਲੋਕਤੰਤਰ ਲਈ ਇੱਕ ਚੰਗਾ ਸੰਕੇਤ ਹੈ। ਉੱਚ ਜਨਤਕ ਭਾਗੀਦਾਰੀ ਦਾ ਅਰਥ ਹੈ ਲੋਕਤੰਤਰ ਜੀਵੰਤ ਹੈ। ਇਸਦਾ ਇਹ ਵੀ ਅਰਥ ਹੈ ਕਿ ਲੋਕ ਰਾਜਨੀਤੀ ਪ੍ਰਤੀ ਉਦਾਸੀਨ ਨਹੀਂ ਹਨ। ਇਹੀ ਉਹੀ ਲੋਕਤੰਤਰ ਹੋਣਾ ਚਾਹੀਦਾ ਹੈ।

ਪਹਿਲੇ ਪੜਾਅ ਵਿੱਚ 121 ਸੀਟਾਂ ਲਈ ਵੋਟਿੰਗ ਹੋਈ। ਮਹਾਂਗਠਜੋੜ ਦੇ ਮੁੱਖ ਮੰਤਰੀ ਉਮੀਦਵਾਰ ਤੇਜਸਵੀ ਯਾਦਵ, ਉਪ ਮੁੱਖ ਮੰਤਰੀ ਵਿਜੇ ਕੁਮਾਰ ਸਿਨਹਾ ਅਤੇ ਸਮਰਾਟ ਚੌਧਰੀ ਸਮੇਤ ਕਈ ਪ੍ਰਮੁੱਖ ਨਾਵਾਂ ਦੀ ਕਿਸਮਤ ਇਸ ਪੜਾਅ ਵਿੱਚ ਦਾਅ 'ਤੇ ਲੱਗੀ ਹੋਈ ਹੈ। ਵੀਰਵਾਰ ਦੀ ਵੋਟਿੰਗ ਖੇਸਰੀ ਲਾਲ ਯਾਦਵ ਅਤੇ ਮੈਥਿਲੀ ਠਾਕੁਰ ਵਰਗੇ ਅਦਾਕਾਰਾਂ ਤੋਂ ਸਿਆਸਤਦਾਨ ਬਣੇ ਲੋਕਾਂ ਦੀ ਜਿੱਤ ਜਾਂ ਹਾਰ ਦਾ ਫੈਸਲਾ ਕਰੇਗੀ, ਜਦੋਂ ਕਿ ਇਹ ਅਨੰਤ ਸਿੰਘ ਵਰਗੇ ਤਾਕਤਵਰ ਲੋਕਾਂ ਵਿਚਕਾਰ ਵੀ ਲੜਾਈ ਹੈ। ਬਿਹਾਰ ਵਿੱਚ ਦੋ ਦਹਾਕਿਆਂ ਤੋਂ ਸੱਤਾ ਵਿੱਚ ਰਹੇ ਨਿਤੀਸ਼ ਕੁਮਾਰ, ਜਾਂ ਉਨ੍ਹਾਂ ਦੀ ਥਾਂ ਲੈਣ ਵਾਲੇ ਕਿਸੇ ਹੋਰ ਵਿਅਕਤੀ ਤੋਂ - ਇਹ ਸਵਾਲ ਹਾਲ ਹੀ ਦੀਆਂ ਚੋਣਾਂ ਵਿੱਚ ਕਦੇ ਵੀ ਇੰਨੀ ਤਾਕਤ ਨਾਲ ਨਹੀਂ ਪੁੱਛਿਆ ਗਿਆ ਸੀ। ਜਨਤਾ ਦਾ ਫੈਸਲਾ ਰਾਜ ਦੀ ਸਮਾਜਿਕ-ਰਾਜਨੀਤਿਕ ਦਿਸ਼ਾ ਨਿਰਧਾਰਤ ਕਰੇਗਾ। ਸਕਾਰਾਤਮਕ ਗੱਲ ਇਹ ਹੈ ਕਿ ਬਿਹਾਰ ਦੇ ਲੋਕਾਂ ਨੇ ਇਸਨੂੰ ਸਮਝਿਆ ਅਤੇ 2020 ਦੇ ਮੁਕਾਬਲੇ 8.3% ਵੱਧ ਵੋਟ ਪਾਈ।

ਆਮ ਤੌਰ 'ਤੇ, ਵੱਧ ਵੋਟਰ ਮਤਦਾਨ ਨੂੰ ਬਦਲਾਅ ਦਾ ਸੰਕੇਤ ਮੰਨਿਆ ਜਾਂਦਾ ਹੈ। ਹਾਲਾਂਕਿ, ਬਿਹਾਰ ਦੇ ਮਾਮਲੇ ਵਿੱਚ, ਇਸ ਅੰਕੜਿਆਂ ਤੋਂ ਅਜਿਹਾ ਸਪੱਸ਼ਟ ਸਿੱਟਾ ਕੱਢਣਾ ਅਸੰਭਵ ਹੈ। ਇਸ ਵਿੱਚ ਬਹੁਤ ਸਾਰੇ ਕਾਰਕ ਭੂਮਿਕਾ ਨਿਭਾ ਰਹੇ ਹਨ। ਜਦੋਂ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਕੋਵਿਡ ਦੇ ਪਰਛਾਵੇਂ ਹੇਠ ਹੋਈਆਂ ਸਨ, ਇਸਨੇ ਵੋਟਿੰਗ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ। ਹਾਲਾਂਕਿ, ਇਸ ਵਾਰ ਵੀ, ਵਿਸ਼ੇਸ਼ ਤੀਬਰ ਸੋਧ ਅਤੇ ਵੋਟ ਚੋਰੀ ਵਰਗੇ ਵਿਵਾਦ ਸਨ। ਵਿਰੋਧੀ ਧਿਰ ਨੇ ਚੋਣ ਕਮਿਸ਼ਨ 'ਤੇ ਕਈ ਗੰਭੀਰ ਦੋਸ਼ ਲਗਾਏ ਹਨ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੋਟਿੰਗ ਤੋਂ ਇੱਕ ਦਿਨ ਪਹਿਲਾਂ ਨਵੇਂ ਦੋਸ਼ ਲਗਾਏ। ਫਿਰ ਐਸਆਈਆਰ ਦਾ ਮੁੱਦਾ ਸੀ, ਜਿਸ ਵਿੱਚ ਤੀਬਰ ਸੋਧ ਤੋਂ ਪਹਿਲਾਂ ਦੇ ਮੁਕਾਬਲੇ ਅੰਤਿਮ ਸੂਚੀ ਵਿੱਚ ਲਗਭਗ 4.7 ਮਿਲੀਅਨ ਘੱਟ ਵੋਟਰ ਹਨ। ਇਸ ਦੇ ਬਾਵਜੂਦ, ਜਨਤਾ ਪੋਲਿੰਗ ਬੂਥਾਂ 'ਤੇ ਪਹੁੰਚੀ, ਚੋਣ ਪ੍ਰਕਿਰਿਆ ਅਤੇ ਵੋਟ ਦੀ ਸ਼ਕਤੀ ਵਿੱਚ ਆਪਣਾ ਪੂਰਾ ਵਿਸ਼ਵਾਸ ਦਰਸਾਉਂਦੀ ਹੈ।

ਪਿਛਲੇ ਵਿਵਾਦਾਂ ਦੇ ਮੱਦੇਨਜ਼ਰ, ਚੋਣ ਕਮਿਸ਼ਨ ਨੇ ਵੋਟਿੰਗ ਪ੍ਰਤੀਸ਼ਤਤਾ 'ਤੇ ਕਿਸੇ ਵੀ ਸੰਭਾਵੀ ਇਤਰਾਜ਼ ਨੂੰ ਰੋਕਣ ਲਈ ਇਸ ਵਾਰ ਅਸਲ-ਸਮੇਂ ਦਾ ਡੇਟਾ ਪ੍ਰਦਾਨ ਕਰਨ ਦੀ ਤਿਆਰੀ ਕੀਤੀ ਹੈ। ਇਹ ਪਹਿਲਕਦਮੀ ਇੱਕ ਚੰਗੀ ਹੈ ਕਿਉਂਕਿ ਚੋਣ ਪ੍ਰਕਿਰਿਆ ਜਿੰਨੀ ਪਾਰਦਰਸ਼ੀ, ਸਰਲ ਅਤੇ ਤੇਜ਼ ਹੋਵੇਗੀ, ਓਨਾ ਹੀ ਵਧੀਆ ਹੈ। ਕੁਝ ਖੇਤਰਾਂ ਵਿੱਚ ਵਿਵਾਦਾਂ ਦੀਆਂ ਰਿਪੋਰਟਾਂ ਆਈਆਂ ਹਨ, ਪਰ ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਦੇਖਣਾ ਖੁਸ਼ੀ ਦੀ ਗੱਲ ਹੈ।

# ਮਨੁੱਖਾਂ ਦੀ ਜ਼ਮੀਰ ਦੀ ਆਜ਼ਾਦੀ ਦਾ ਨਾਂ ਗੁਰੂ ਤੇਗ ਬਹਾਦਰ

ਜਿਵੇਂ ਕਿ ਅਸੀਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾਂ ਦੀ ਯਾਦ ਮਨਾਉਂਦੇ ਹਾਂ, ਇਹ ਸਮਝਣਾ ਜ਼ਰੂਰੀ ਹੈ ਕਿ ਉਨ੍ਹਾਂ ਦੀ ਕੁਰਬਾਨੀ ਨੇ ਲੋਕਾਂ ਨੂੰ ਆਪਣੀ ਅਧਿਆਤਮਿਕ ਕਿਸਮਤ ਚੁਣਨ ਦਾ ਅਧਿਕਾਰ ਦਿੱਤਾ, ਜੋ ਸਿੱਖ ਲੋਕਾਚਾਰ ਅਤੇ ਜਿਸਨੂੰ ਅਸੀਂ ਹੁਣ ਮਨੁੱਖੀ ਅਧਿਕਾਰ ਕਹਿੰਦੇ ਹਾਂ, ਦਾ ਕੇਂਦਰੀ ਬਣ ਗਿਆ। ਉਹ ਧਾਰਮਿਕ ਆਜ਼ਾਦੀ ਅਤੇ ਸਹਿਣਸ਼ੀਲਤਾ ਦੇ ਸਿਧਾਂਤਾਂ ਦੀ ਰੱਖਿਆ ਕਰਦੇ ਹੋਏ ਅਕਾਲ ਚਲਾਣਾ ਕਰ ਗਏ।

ਦ੍ਰਿੜਤਾ, ਹਿੰਮਤ ਅਤੇ ਦਇਆ ਦੇ ਇੱਕ ਵਿਲੱਖਣ ਸੁਮੇਲ ਨੇ ਇੱਕ ਧਰਮ ਦੇ ਮੁਖੀ ਨੂੰ ਦੂਜਿਆਂ ਦੇ ਆਪਣੇ ਧਰਮ ਦੀ ਪਾਲਣਾ ਕਰਨ ਦੇ ਅਧਿਕਾਰ ਦੀ ਵਕਾਲਤ ਕਰਦੇ ਹੋਏ ਆਪਣਾ ਜੀਵਨ ਤਿਆਗਣ ਲਈ ਪ੍ਰੇਰਿਤ ਕੀਤਾ। ਗੁਰੂ ਹਰਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੀ ਪਤਨੀ ਮਾਤਾ ਨਾਨਕੀ, ਪੁੱਤਰ ਤੇਗ਼ ਬਹਾਦਰ ਅਤੇ ਨੂੰਹ ਗੁਜਰੀ ਨੂੰ ਬਕਾਲਾ ਜਾਣ ਲਈ ਕਿਹਾ, ਜੋ ਕਿ ਮਾਤਾ ਨਾਨਕੀ ਦਾ ਜੱਦੀ ਪਿੰਡ ਸੀ। ਬਕਾਲਾ ਅੰਮ੍ਰਿਤਸਰ ਤੋਂ 40 ਕਿਲੋਮੀਟਰ ਦੂਰ ਸਥਿਤ ਹੈ। ਉਸ ਸਮੇਂ, ਤੇਗ਼ ਬਹਾਦਰ 23 ਸਾਲ ਦੇ ਸਨ। ਉਹ ਆਪਣੇ ਸੰਸਾਰਿਕ ਫਰਜ਼ਾਂ ਨੂੰ ਪੂਰਾ ਕਰਦੇ ਸਨ ਅਤੇ ਵਿਆਪਕ ਤੌਰ 'ਤੇ ਧਿਆਨ ਲਗਾਉਂਦੇ ਸਨ। ਆਪਣੇ ਪਿਤਾ ਦੇ ਉੱਤਰਾਧਿਕਾਰੀ, ਗੁਰੂ ਹਰ ਰਾਇ ਦੁਆਰਾ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਫੈਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ, ਤੇਗ਼ ਬਹਾਦਰ ਜੀ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਮਾਲਵਾ ਖੇਤਰ ਵਿੱਚੋਂ ਯਾਤਰਾ ਕੀਤੀ, ਸਿੱਖਾਂ ਨੂੰ ਮਿਲੇ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ। ਇਸ ਯਾਤਰਾ ਵਿੱਚ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਮਾਤਾ, ਪਤਨੀ ਅਤੇ ਕੁਝ ਮਹੱਤਵਪੂਰਨ ਸਿੱਖ ਵੀ ਸਨ, ਜੋ 1656 ਵਿੱਚ ਸ਼ੁਰੂ ਹੋਈ ਸੀ ਅਤੇ ਚਾਰ ਸਾਲ ਚੱਲੀ ਸੀ। ਬਹੁਤ ਸਾਰੇ ਲੋਕ 'ਬਾਬਾ ਬਕਾਲਾ' ਕਹਾਣੀ ਤੋਂ ਜਾਣੂ ਹਨ। ਅੱਠਵੇਂ ਗੁਰੂ, ਗੁਰੂ ਹਰ ਕ੍ਰਿਸ਼ਨ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਉੱਤਰਾਧਿਕਾਰੀ ਦਾ ਉਚਾਰਨ 'ਬਾਬਾ ਬਕਾਲੇ' ਸ਼ਬਦਾਂ ਨਾਲ ਕੀਤਾ ਸੀ। ਸਿੱਖਾਂ ਨੇ ਬਕਾਲਾ ਵਿਖੇ ਉਨ੍ਹਾਂ ਦੇ ਉੱਤਰਾਧਿਕਾਰੀ ਦੀ ਭਾਲ ਕੀਤੀ ਪਰ ਪਾਇਆ ਕਿ ਬਹੁਤ ਸਾਰੇ ਦਾਅਵੇਦਾਰ ਸਨ। ਉਹ ਵੱਖ-ਵੱਖ ਲੋਕਾਂ ਨੂੰ ਇੱਕ ਟੋਕਨ ਦਿੰਦਾ ਹੋਇਆ ਘੁੰਮਿਆ, ਜਿਸਨੂੰ ਉਨ੍ਹਾਂ ਸਾਰਿਆਂ ਨੇ ਝੱਟ ਸਵੀਕਾਰ ਕਰ ਲਿਆ ਅਤੇ ਉਸਨੂੰ ਅਸ਼ੀਰਵਾਦ ਦਿੱਤਾ। ਕਿਸੇ ਦੇ ਕਹਿਣ 'ਤੇ, ਉਹ ਉਸ ਵਿਅਕਤੀ ਕੋਲ ਗਿਆ ਜੋ ਗੁਰੂ ਹੋਣ ਦਾ ਦਾਅਵਾ ਨਹੀਂ ਕਰ ਰਿਹਾ ਸੀ, ਅਤੇ ਸ਼ੋਰ-ਸ਼ਰਾਬੇ ਤੋਂ ਦੂਰ ਇੱਕ ਪਵਿੱਤਰ ਜੀਵਨ ਜੀ ਰਿਹਾ ਸੀ। ਉਹ ਤੇਗ਼ ਬਹਾਦਰ ਨੂੰ ਮਿਲਿਆ, ਉਸਨੂੰ ਟੋਕਨ ਭੇਟ ਕੀਤਾ, ਸਿਰਫ ਹੌਲੀ-ਹੌਲੀ ਯਾਦ ਦਿਵਾਇਆ ਗਿਆ ਕਿ ਉਹ ਆਪਣੇ ਵਾਅਦੇ ਤੋਂ ਘੱਟ ਰਿਹਾ ਹੈ। ÷ਗੁਰੂ ਲੱਧੋਓ ਰੇ,÷ ਉਸਨੇ ਚੀਕਿਆ, ÷ਮੈਨੂੰ ਗੁਰੂ ਮਿਲ ਗਿਆ ਹੈ।÷ ਬਾਅਦ ਵਿੱਚ, ਦਿੱਲੀ ਤੋਂ ਸਿੱਖਾਂ ਦਾ ਇੱਕ ਵਫ਼ਦ ਬਕਾਲਾ ਪਹੁੰਚਿਆ ਅਤੇ ਗੁਰੂ ਤੇਗ਼ ਬਹਾਦਰ ਨੂੰ ਮਸਹ ਕੀਤਾ ਗਿਆ। ਗੁਰੂ ਜੀ ਦਾ ਪਟਨਾ ਦੀ ਸੰਗਤ ਨਾਲ ਵਿਸ਼ੇਸ਼ ਸਬੰਧ ਸੀ। ਉਨ੍ਹਾਂ ਦੀ ਬੇਨਤੀ ਨੂੰ ਮੰਨਦੇ ਹੋਏ, ਉਹ ਚੱਕ ਨਾਨਕੀ ਤੋਂ ਦੁਬਾਰਾ ਪੂਰਬ ਵੱਲ ਚੱਲ ਪਏ, ਜਿਸਦੇ ਨਾਲ ਪ੍ਰਮੁੱਖ ਸਿੱਖਾਂ ਦਾ ਇੱਕ ਵਫ਼ਦ ਸੀ - ਜਿਸ ਵਿੱਚ ਬੀ. ਗੁਰੂ ਤੇਗ਼ ਬਹਾਦਰ ਜੀ ਦੇ 57 ਸਲੋਕ ਅਤੇ 59 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹਨਾਂ ਸਲੋਕਾਂ ਵਿੱਚ, ਗੁਰੂ ਜੀ ਇੱਕ ਪ੍ਰਥਮ-ਪੁਰਖ ਅੰਤਰਮੁਖੀ ਆਵਾਜ਼ ਦੀ ਵਰਤੋਂ ਕਰਦੇ ਹੋਏ ਇਹ ਸਵਾਲ ਕਰਦੇ ਹਨ ਕਿ ਮਨ ਇੱਕ ਓਂਕਾਰ, ਇੱਕ ਪਾਰਬ੍ਰਹਮ ਪਰਮਾਤਮਾ ਨੂੰ ਯਾਦ ਕਰਨ ਤੋਂ ਕਿਉਂ



ਭਟਕਦਾ ਹੈ, ਅਤੇ ਕਹਿੰਦੇ ਹਨ ਕਿ ਸਾਨੂੰ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਦੁਆਰਾ ਬੰਧਨ ਵਿੱਚ ਸਜ਼ਾ ਦਿੱਤੀ ਜਾਂਦੀ ਹੈ। ਇਹ ਨਾਮ ਸਿਮਰਨ ਦੁਆਰਾ ਹੈ, ਜਦੋਂ ਅਸੀਂ ਪਰਮਾਤਮਾ ਦੀ ਉਸਤਤ ਗਾਉਂਦੇ ਹਾਂ ਅਤੇ ਉਸਦੀ ਇੱਛਾ ਦੇ ਅੱਗੇ ਸਮਰਪਣ ਕਰਦੇ ਹਾਂ, ਤਾਂ ਅਸੀਂ ਉਨ੍ਹਾਂ ਬੰਧਨਾਂ ਤੋਂ ਮੁਕਤ ਹੋ ਸਕਦੇ ਹਾਂ ਜੋ ਸਾਨੂੰ ਭਰਮਾਂ ਵਿੱਚ ਬੰਨ੍ਹਦੀਆਂ ਹਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸ਼ਬਦ 15 ਰਾਗਾਂ ਵਿੱਚ ਸੈੱਟ ਕੀਤੇ। ਇਹ ਸ਼ਬਦ, ਉਨ੍ਹਾਂ ਦੇ ਸਲੋਕਾਂ ਵਾਂਗ, ਸਾਨੂੰ ਆਪਣੇ ਸੰਸਾਰਿਕ ਫਰਜ਼ਾਂ ਨੂੰ ਪੂਰਾ ਕਰਦੇ ਹੋਏ ਨਿਰਲੇਪ (ਵਿਰਾਗ) ਰਹਿਣ, ਭੌਤਿਕ ਲਾਭਾਂ ਦੀ ਅਸਥਿਰਤਾ 'ਤੇ ਵਿਚਾਰ ਕਰਨ ਅਤੇ ਮੌਤ ਦੇ ਡਰ ਤੋਂ ਬਿਨਾਂ ਅਨਿਆਂ ਦਾ ਸਾਹਮਣਾ ਕਰਨ ਦੀ ਨੈਤਿਕ ਹਿੰਮਤ ਰੱਖਣ ਦੀ ਸਿੱਖਿਆ ਦਿੰਦੇ ਹਨ, ਜੋ ਕਿ ਅਟੱਲ ਹੈ।

ਇੱਕ ਵਾਰ ਜਦੋਂ ਅਸੀਂ ਇਹ ਪਛਾਣ ਲੈਂਦੇ ਹਾਂ ਕਿ ਇਹ ਅਟੱਲ ਹੈ, ਤਾਂ ਇਸ ਨਾਲ ਸਾਡਾ ਸਬੰਧ ਬਦਲ ਜਾਂਦਾ ਹੈ, ਅਤੇ ਅਸੀਂ ਏਕ ਓਂਕਾਰ ਅਤੇ ਉਸਦੀ ਰਚਨਾਵਾਂ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਾਂ। ਗੁਰੂ ਜੀ ਨੇ ਆਪਣੇ ਸਿੱਖਾਂ ਨਾਲ ਪੂਰਬ ਵੱਲ ਇੱਕ ਲੰਮੀ ਯਾਤਰਾ ਪੂਰੀ ਕੀਤੀ, ਸੰਗਤਾਂ ਨੂੰ ਮਿਲੇ। ਇਤਿਹਾਸਕ ਗੁਰਦੁਆਰੇ ਉਨ੍ਹਾਂ ਥਾਵਾਂ ਨੂੰ ਦਰਸਾਉਂਦੇ ਹਨ ਜਿੱਥੇ ਉਹ ਇਸ ਅੱਠ ਸਾਲਾਂ ਦੀ ਯਾਤਰਾ 'ਤੇ ਗਏ ਸਨ, ਜਿਸ ਤੋਂ ਬਾਅਦ ਉਹ 1673 ਵਿੱਚ ਚੱਕ ਨਾਨਕੀ ਵਾਪਸ ਆਏ। ਉਹ ਅਗਲੇ ਦੋ ਸਾਲ ਮਾਲਵੇ ਵਿੱਚ ਬਿਤਾਏ, ਪੰਜਾਬ ਵਿੱਚ ਸੰਗਤਾਂ ਨੂੰ ਪ੍ਰਚਾਰ ਅਤੇ ਇਕਜੁੱਟ ਕੀਤਾ।

1675 ਵਿੱਚ, ਕਸ਼ਮੀਰ ਤੋਂ ਇੱਕ ਵਫ਼ਦ ਚੱਕ ਨਾਨਕੀ ਪਹੁੰਚਿਆ। ਕਿਰਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਤ ਗੁਰੂ ਜੀ ਕੋਲ ਇਸ ਲਈ ਆਏ ਸਨ ਕਿਉਂਕਿ ਉਨ੍ਹਾਂ 'ਤੇ ਕਸ਼ਮੀਰ ਦੇ ਸ਼ਾਹੀ ਗਵਰਨਰ ਇਫਤਿਖਾਰ ਖਾਨ ਵੱਲੋਂ ਇਸਲਾਮ ਕਬੂਲ ਕਰਨ ਲਈ ਭਾਰੀ ਦਬਾਅ ਸੀ।

ਗੁਰੂ ਜੀ ਨੇ ਲੋਕਾਂ ਦੇ ਆਪਣੇ ਵਿਸ਼ਵਾਸਾਂ ਦੇ ਅਧਿਕਾਰ ਨੂੰ ਬਰਕਰਾਰ ਰੱਖਣ ਲਈ ਆਪਣੀ ਜਾਨ ਕੁਰਬਾਨ ਕਰਨ ਦਾ ਫੈਸਲਾ ਕੀਤਾ, ਅਤੇ ਉਨ੍ਹਾਂ ਨੇ ਵਫ਼ਦ ਨੂੰ ਕਿਹਾ ਕਿ ਉਹ ਮੁਗਲ ਬਾਦਸ਼ਾਹ ਨੂੰ ਦੱਸਣ ਕਿ ਜੇਕਰ ਉਹ (ਗੁਰੂ) ਇਸਲਾਮ ਕਬੂਲ ਕਰਦੇ ਹਨ, ਤਾਂ ਉਹ ਆਪਣੀ ਮਰਜ਼ੀ ਨਾਲ ਅਜਿਹਾ ਕਰਨਗੇ। ਸੰਦੇਸ਼ ਦਾ ਅਰਥ ਸਾਰਿਆਂ ਨੂੰ ਸਪੱਸ਼ਟ ਸੀ, ਅਤੇ ਗੁਰੂ ਜੀ ਦੀ ਦਿੱਲੀ ਦੀ ਆਉਣ ਵਾਲੀ ਯਾਤਰਾ 'ਤੇ ਨਿਰਾਸ਼ਾ ਸੀ।

ਗੁਰੂ ਤੇਗ ਬਹਾਦਰ ਜੀ ਦੀ ਮੌਜੂਦਗੀ ਵਿੱਚ, ਗੋਬਿੰਦ ਰਾਏ ਨੂੰ 10ਵੇਂ ਗੁਰੂ ਵਜੋਂ ਪਵਿੱਤਰ ਕਰਨ ਦੀਆਂ ਰਸਮਾਂ ਕੀਤੀਆਂ ਗਈਆਂ। ਫਿਰ, ਗੁਰੂ ਤੇਗ ਬਹਾਦਰ ਜੀ ਆਨੰਦਪੁਰ ਤੋਂ ਰਵਾਨਾ ਹੋਏ, ਅਕਾਲਪੁਰਖ ਨੂੰ ਅਰਦਾਸ ਕੀਤੀ, ਅਤੇ ਆਪਣੀ ਅੰਤਿਮ ਯਾਤਰਾ 'ਤੇ ਜਾਣ ਤੋਂ ਪਹਿਲਾਂ ਆਪਣੇ ਪਰਿਵਾਰ ਅਤੇ ਸਮਰਪਿਤ ਸਿੱਖਾਂ ਤੋਂ ਵਿਦਾਈ ਲਈ।

ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ, ਉਨ੍ਹਾਂ ਦੇ ਸਮਰਪਿਤ ਚੇਲੇ, ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੂੰ ਦਿੱਲੀ ਜਾਂਦੇ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬਹੁਤ ਮੁਸ਼ਕਲਾਂ ਅਤੇ ਤਸੀਹੇ ਦਿੱਤੇ ਗਏ ਕਿਉਂਕਿ ਉਨ੍ਹਾਂ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਦੇ ਸਾਥੀਆਂ ਨੂੰ ਧਰਮ ਪਰਿਵਰਤਨ ਜਾਂ ਮੌਤ ਦਾ ਵਿਕਲਪ ਵੀ ਦਿੱਤਾ ਗਿਆ ਸੀ - ਗੁਰੂ ਤੇਗ਼ ਬਹਾਦਰ 'ਤੇ ਹੋਰ ਵੀ ਦਬਾਅ ਪਾਉਣ ਦੀ ਕੋਸ਼ਿਸ਼ ਵਿੱਚ ਉਨ੍ਹਾਂ ਨੂੰ ਭਿਆਨਕ ਤਸੀਹੇ ਦਿੱਤੇ ਗਏ ਅਤੇ ਮਾਰ ਦਿੱਤਾ ਗਿਆ।

ਗੁਰੂ ਤੇਗ਼ ਬਹਾਦਰ ਨੇ ਨਵੰਬਰ 1675 ਵਿੱਚ ਚਾਂਦਨੀ ਚੌਕ ਵਿਖੇ ਸ਼ਹਾਦਤ ਪ੍ਰਾਪਤ ਕੀਤੀ। (ਸ਼ਹੀਦੀ ਦਿਵਸ 24 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ)। ਦਿੱਲੀ ਵਿੱਚ ਇੱਕ ਤੂਫ਼ਾਨ ਉੱਠਿਆ, ਅਤੇ ਇਸਦੀ ਆੜ ਵਿੱਚ, ਗੁਰੂ ਜੀ ਦੇ ਸਰੀਰ ਅਤੇ ਉਨ੍ਹਾਂ ਦੇ ਸਿਰ ਨੂੰ ਭਾਈ ਲੱਖੀ ਸ਼ਾਹ ਅਤੇ ਭਾਈ ਜੈਤਾ ਨੇ ਚੁੱਕ ਲਿਆ।

ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ (ਉੱਪਰ) ਉਸ ਸਥਾਨ 'ਤੇ ਬਣਿਆ ਹੈ ਜਿੱਥੇ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਲੇਖਕ ਦੁਆਰਾ ਫੋਟੋ

ਗੁਰਦੁਆਰਾ ਸੀਸ ਗੰਜ ਉਹ ਥਾਂ ਹੈ ਜਿੱਥੇ 54 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਧਰਮ, ਵਿਸ਼ਵਾਸ ਅਤੇ ਧਾਰਮਿਕਤਾ ਦੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ ਸੀ। ਗੁਰਦੁਆਰਾ ਰਕਾਬ ਗੰਜ ਉਹ ਥਾਂ ਹੈ ਜਿੱਥੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਸਾੜ ਕੇ ਸਰੀਰ ਦਾ ਸਸਕਾਰ ਕੀਤਾ ਸੀ, ਅਤੇ ਆਨੰਦਪੁਰ ਵਿੱਚ ਗੁਰਦੁਆਰਾ ਸੀਸ ਗੰਜ ਉਹ ਥਾਂ ਹੈ ਜਿੱਥੇ ਨੌਜਵਾਨ ਗੋਬਿੰਦ ਰਾਏ ਨੇ ਆਪਣੇ ਪਿਤਾ ਦੇ ਸਿਰ ਦਾ ਸਸਕਾਰ ਕੀਤਾ ਸੀ, ਜਦੋਂ ਭਾਈ ਜੈਤਾ ਇਸਨੂੰ ਦਿੱਲੀ ਤੋਂ ਲਿਆਇਆ ਸੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਮੂਲ ਸਿਧਾਂਤਾਂ ਨੂੰ ਬਦਲ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤੀ ਨੇ ਉਨ੍ਹਾਂ ਨੂੰ 'ਸ੍ਰਿਸ਼ਟੀ ਦੀ ਚਾਦਰ' (ਮਨੁੱਖਤਾ ਦਾ ਰਖਵਾਲਾ) ਕਿਹਾ। ਮਨੁੱਖਾਂ ਦੀ ਜ਼ਮੀਰ ਦੀ ਆਜ਼ਾਦੀ ਅਤੇ ਆਪਣੀ ਅਧਿਆਤਮਿਕ ਕਿਸਮਤ ਚੁਣਨ ਦਾ ਅਧਿਕਾਰ ਸਿੱਖ ਲੋਕਾਚਾਰ ਦਾ ਕੇਂਦਰ ਬਣ ਗਿਆ, ਜਿਵੇਂ ਕਿ ਅਸੀਂ ਹੁਣ ਮਨੁੱਖੀ ਅਧਿਕਾਰ ਕਹਿੰਦੇ ਹਾਂ।

## ਨਗਰ ਕੌਂਸਲ ਸਨੌਰ ਦੀ ਲਾਪਰਵਾਹੀ ਕਾਰਨ ਅਵਾਰਾ ਪਸ਼ੂਆਂ ਅਤੇ ਫੈਲੀ ਗੰਦਗੀ ਕਾਰਨ ਲੋਕ ਪ੍ਰੇਸ਼ਾਨ



**ਸਨੌਰ 9 ਨਵੰਬਰ (ਰਾਜਿੰਦਰ ਸਿੰਘ ਥਿੰਦ)** ਸਨੌਰ ਸ਼ਹਿਰ ਦੀਆਂ ਸੜਕਾਂ ਉੱਤੇ ਅਵਾਰਾ ਪਸ਼ੂਆਂ ਦਾ ਖੌਫ ਹਰ ਦਿਨ ਪਿਛਲੇ ਦਿਨ ਤੋਂ ਵੱਧ ਰਿਹਾ ਹੈ। ਬਜ਼ਾਰ, ਬੱਸ ਸਟੈਂਡ, ਘਨੌਰ ਰੋਡ ਅਤੇ ਡਕਾਲਾ ਰੋਡ ਵਰਗੇ ਇਲਾਕਿਆਂ ਵਿੱਚ ਕਈ ਵਾਰ ਇਹ ਪਸ਼ੂ ਅਚਾਨਕ ਸੜਕ ਦੇ ਵਿਚਕਾਰ ਆ ਖੜ੍ਹਦੇ ਹਨ, ਜਿਸ ਨਾਲ ਵਾਹਨ ਚਲਾਉਣ ਵਾਲਿਆਂ ਦੀ ਸੁਰੱਖਿਆ ਖਤਰੇ ਵਿੱਚ ਪੈ ਜਾਂਦੀ ਹੈ। ਦੋ-ਪਹੀਆ ਸਵਾਰੀਆਂ ਦੇ ਡਿੱਗਣ ਅਤੇ ਬਜ਼ੁਰਗਾਂ ਨੂੰ ਚੋਟਾਂ ਲੱਗਣ ਦੇ ਮਾਮਲੇ ਵੀ ਸਾਹਮਣੇ ਆ ਚੁੱਕੇ ਹਨ। ਇਸ ਵਿਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਤਰਾਂ ਤਰਾ ਦੇ ਟੈਕਸ ਲਿਆ ਜਾਣ ਦੇ ਬਾਵਜੂਦ ਅਵਾਰਾ ਪਸ਼ੂਆਂ ਉੱਤੇ ਕਾਬੂ ਕਿਉਂ ਨਹੀਂ ਪਾਇਆ ਜਾ ਸਕਿਆ? ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਵਲੋਂ ਘਰ-ਘਰ ਟੈਕਸ, ਸਾਫ ਸਫ਼ਾਈ ਫੀਸ, ਪਸ਼ੂ-ਸੰਬੰਧੀ ਫੀਸਾਂ, ਵਪਾਰਕ ਲਾਇਸੰਸ, ਅਤੇ ਹੋਰ ਬਹੁਤ ਸਾਰੀਆਂ ਵਸੂਲੀਆਂ ਹਰ ਸਾਲ ਕੀਤੀਆਂ ਜਾਂਦੀਆਂ ਹਨ, ਪਰ ਇਹ ਪੈਸਾ ਜਿੱਥੇ ਖਰਚ ਹੋਣਾ ਚਾਹੀਦਾ ਹੈ, ਉੱਥੇ ਕੋਈ ਵਧੀਆ ਨਤੀਜਾ ਨਹੀਂ ਦਿਖ ਰਿਹਾ। ਸ਼ਹਿਰ ਵਿੱਚ ਨਾ ਤਾਂ ਪਸ਼ੂਆਂ ਨੂੰ ਬੰਨ੍ਹਣ ਲਈ ਢੰਗ ਦੇ ਸੈਂਟਰ ਨਜ਼ਰ ਆਉਂਦੇ ਹਨ ਅਤੇ ਨਾ ਹੀ ਫੜਨ ਲਈ ਕਾਬਿਲ ਟੀਮਾਂ ਲੋਕਾਂ ਦਾ ਦਾਅਵਾ ਹੈ ਕਿ ਨਗਰ ਕੌਂਸਲ ਵਲੋਂ ਟੈਕਸ ਲੈ ਕੇ ਵੀ ਪਸ਼ੂਆਂ ਨੂੰ ਕਾਬੂ ਕਰਨ ਲਈ ਕੋਈ ਲੰਬੀ ਯੋਜਨਾ ਨਹੀਂ ਬਣਾਈ ਗਈ। ਪਸ਼ੂ-ਮਾਲਿਕਾਂ ਉੱਤੇ ਕਰਵਾਈ ਵੀ ਨਾ ਦੇ ਬਰਾਬਰ ਹੈ। ਕਈ ਵਾਰ ਪਸ਼ੂਆਂ ਨੂੰ ਫੜਨ ਦੀ ਕਾਰਵਾਈ ਦਿਖਾਵਾ ਸਾਬਤ ਹੁੰਦੀ ਹੈ ਕਿਉਂਕਿ ਕੁਝ ਘੰਟਿਆਂ ਬਾਅਦ ਉਹੀ ਪਸ਼ੂ ਸੜਕਾਂ 'ਤੇ ਮੁੜ ਵੇਖੇ ਜਾਂਦੇ ਹਨ। ਵਾਹਨ ਸਵਾਰਾਂ ਦਾ ਕਹਿਣਾ ਹੈ ਕਿ ਜੇ ਹਰ ਸਾਲ ਟੈਕਸਾਂ ਰਾਹੀਂ ਲੱਖਾਂ ਰੁਪਏ ਇਕੱਠੇ ਕੀਤੇ ਜਾਂਦੇ ਹਨ, ਤਾਂ ਅਵਾਰਾ ਪਸ਼ੂਆਂ ਦੀ ਸਮੱਸਿਆ ਤੇ ਕੰਟਰੋਲ ਲਿਆਉਣਾ ਮੁਸ਼ਕਲ ਨਹੀਂ।

ਲੋਕਾਂ ਨੇ ਸਵਾਲ ਚੁੱਕਿਆ ਹੈ ਕਿ ਉਹ ਪੈਸਾ ਅੰਤ ਕਿੱਥੇ ਵਰਤਿਆ ਜਾ ਰਿਹਾ ਹੈ ਅਤੇ ਸ਼ਹਿਰ ਦੀ ਸੁਰੱਖਿਆ ਕਿਉਂ ਨਜ਼ਰਅੰਦਾਜ਼ ਹੋ ਰਹੀ ਹੈ। ਸ਼ਹਿਰ ਵਾਸੀਆਂ ਨੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਟੈਕਸਾਂ ਦੀ ਆਮਦਨ ਦਾ ਹਿਸਾਬ ਜਨਤਕ ਕੀਤਾ ਜਾਵੇ, ਪਸ਼ੂ ਫੜਨ ਲਈ ਪੱਕੀ ਯੋਜਨਾ ਬਣਾਈ ਜਾਵੇ, ਜਰੂਰੀ ਸਟਾਫ ਤੇ ਸਾਧਨ ਵਧਾਏ ਜਾਣ ਅਤੇ ਸ਼ਹਿਰ ਦੀਆਂ ਸੜਕਾਂ ਨੂੰ ਅਵਾਰਾ ਪਸ਼ੂਆਂ ਦੇ ਖਤਰੇ ਤੋਂ ਮੁਕਤ ਕੀਤਾ ਜਾਵੇ ਲੋਕਾਂ ਦਾ ਕਹਿਣਾ ਹੈ ਕਿ ਜੇ ਸਮੇਂ 'ਤੇ ਕਰਵਾਈ ਨਾ ਹੋਈ, ਤਾਂ ਸਨੌਰ ਕਿਸੇ ਵੱਡੇ ਹਾਦਸੇ ਦੀ ਵਾਰਦਾਤ ਤੋਂ ਬਚ ਨਹੀਂ ਸਕੇਗਾ।

## ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਤੇ ਬਿਨਾਂ ਮੁਕੱਦਮਾ ਚਲਾਏ ਜੇਲ੍ਹੀਂ ਡੱਕੇ ਕਾਰਕੁੰਨਾਂ ਦੀ ਰਿਹਾਈ ਲਈ ਪ੍ਰਦਰਸ਼ਨ 13 ਨੂੰ



**ਚੰਡੀਗੜ੍ਹ 9 ਨਵੰਬਰ (ਰਾਜਿੰਦਰ ਸਿੰਘ ਥਿੰਦ )** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ 13 ਨਵੰਬਰ ਨੂੰ ਸੰਗਰੂਰ ਵਿਖੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਅਤੇ ਬਿਨਾਂ ਮੁਕੱਦਮਾ ਚਲਾਏ ਜੇਲ੍ਹੀਂ ਡੱਕੇ ਜਮਹੂਰੀ ਕਾਰਕੁੰਨਾਂ ਦੀ ਰਿਹਾਈ ਲਈ ਮੁਜ਼ਾਹਰਾ ਕੀਤਾ ਜਾਵੇਗਾ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਦੇਸ਼ ਭਰ ਅੰਦਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਦੀ ਬਹੁਤ ਵੱਡੀ ਗਿਣਤੀ ਹੈ ਜਿਨਾਂ ਨੂੰ ਅਜੇ ਤੱਕ ਵੀ ਜੇਲ੍ਹਾਂ ਵਿੱਚ ਕੈਦ ਰੱਖਿਆ ਹੋਇਆ ਹੈ। ਇਹਨਾਂ 'ਚ ਪੰਜਾਬ ਅੰਦਰ ਚੱਲੀ ਖਾਲਿਸਤਾਨੀ ਲਹਿਰ ਨਾਲ ਸੰਬੰਧਿਤ ਕੈਦੀ ਵੀ ਹਨ। ਇਹਨਾਂ 'ਚ ਵੱਡੀ ਗਿਣਤੀ ਮੁਸਲਿਮ ਭਾਈਚਾਰੇ ਅਤੇ ਆਦਿਵਾਸੀ ਲੋਕਾਂ ਦੀ ਹੈ। ਇਹ ਹਿੱਸੇ ਤਾਂ ਕਿਸੇ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਤੋਂ ਵੀ ਵਾਂਝੇ ਹਨ। ਇਹ ਸਿਲਸਿਲਾ ਲੋਕਾਂ ਦੇ ਮਨੁੱਖੀ ਤੇ ਕਾਨੂੰਨੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਇਸ ਤੋਂ ਬਿਨਾਂ ਦੇਸ਼ ਭਰ ਅੰਦਰ ਮੋਦੀ ਸਰਕਾਰ ਦੇ ਫਿਰਕੂ ਫਾਸ਼ੀ ਜਬਰ ਖ਼ ?ਲਾਫ਼ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਨੂੰ ਝੂਠੇ ਬਣਾਏ ਗਏ ਸੰਗੀਨ ਮੁਕੱਦਮਿਆਂ ਤਹਿਤ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਇਹਨਾਂ ਚੋਂ ਇੱਕ ਗਿਣਤੀ ਅਜਿਹੀ ਹੈ ਜਿੰਨਾਂ ਦੇ ਮੁਕੱਦਮਿਆਂ ਦਾ ਸਾਲਾਂ ਤੋਂ ਅਦਾਲਤਾਂ ਵਿੱਚ ਟਰਾਇਲ ਵੀ ਸ਼ੁਰੂ ਨਹੀਂ ਕੀਤਾ ਗਿਆ। ਤੇ ਨਾ ਇਹਨਾਂ ਨੂੰ ਅਦਾਲਤਾਂ ਵੱਲੋਂ ਜ਼ਮਾਨਤ ਦਿੱਤੀ ਜਾ ਰਹੀ ਹੈ। ਵਿਦਿਆਰਥੀ ਕਾਰਕੁੰਨ ਉਮਰ ਖਾਲਿਦ ਤੇ ਸ਼ਰਜੀਲ ਇਮਾਮ ਵਰਗੇ ਨੌਜਵਾਨ ਵੀ ਇਹਨਾਂ ਵਿੱਚ ਸ਼ਾਮਿਲ ਹਨ। ਇਹ ਲੋਕ ਬਿਨਾਂ ਮੁਕੱਦਮਾ ਚਲਾਇਆਂ ਹੀ ਸਜ਼ਾ ਭੁਗਤ ਰਹੇ ਹਨ। ਉਹਨਾਂ ਦੱਸਿਆ ਕਿ ਸੰਗਰੂਰ ਮੁਜ਼ਾਹਰੇ ਦੌਰਾਨ ਇਹ ਆਵਾਜ਼ ਉਠਾਈ ਜਾਵੇਗੀ ਕਿ ਪੰਜਾਬ ਦੇ ਖਾਲਿਸਤਾਨੀ ਕੈਦੀਆਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਭਨਾਂ ਕੈਦੀਆਂ ਨੂੰ ਫੌਰੀ ਰਿਹਾਅ ਕੀਤਾ ਜਾਵੇ, ਬੁੱਧੀਜੀਵੀਆਂ ਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ 'ਤੇ ਦਰਜ ਝੂਠੇ ਕੇਸ ਰੱਦ ਕੀਤੇ ਜਾਣ, ਬਿਨਾਂ ਮੁਕੱਦਮਾ ਚਲਾ ਕੇ ਸਾਲਾਂ ਤੋਂ ਜੇਲ੍ਹੀਂ ਡੱਕੇ ਕਾਰਕੁੰਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ। ਯੂ ਏ ਪੀ ਏ, ਐਨ ਐਸ ਏ ਤੇ ਅਫਸਪਾ ਵਰਗੇ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ।

## ਕਸਬਾ ਘੁਮਾਣ 'ਚ ਯੁੱਧ ਨਸ਼ਿਆਂ ਵਿਰੁੱਧ ਤਹਿਤ ਅਹਿਮ ਮੀਟਿੰਗ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਚਾਉਣ ਦਾ ਸੱਦਾ ਦਿੱਤਾ

**ਸ੍ਰੀ ਹਰਗੋਬਿੰਦਪੁਰ ਸਾਹਿਬ/ਬਟਾਲਾ, 9 ਨਵੰਬਰ (ਪ੍ਰਦੀਪ ਸਿੰਘ ਬੇਦੀ)**- ਬਾਬਾ ਨਾਮਦੇਵ ਜੀ ਭਵਨ ਕਸਬਾ ਘੁਮਾਣ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਮੀਟਿੰਗ ਹੋਈ। ਮੀਟਿੰਗ ਵਿੱਚ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਅਤੇ ਪੰਚਾਂ ਸਰਪੰਚਾਂ ਨੂੰ ਸਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਮੁੱਖ ਉਦੇਸ਼ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨਾ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਇਹ ਅਹਿਮ ਪ੍ਰੋਗਰਾਮ ਕਰਵਾਇਆ ਗਿਆ ਹੈ। ਉਨ੍ਹਾਂ ਪੰਚਾਂ ਸਰਪੰਚਾਂ ਅਤੇ ਪਿੰਡਾਂ ਦੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਇਸ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਵਿਚ ਅਹਿਮ ਯੋਗਦਾਨ ਪਾਇਆ ਜਾਵੇ ਤਾਂ ਨਸ਼ਿਆਂ ਲਪੇਟ ਵਿੱਚ ਆਈ ਨੌਜਵਾਨੀ ਨੂੰ ਬਚਾਇਆ ਜਾ ਸਕੇ।

ਇਸ ਮੌਕੇ ਹਰਪ੍ਰੀਤ ਸਿੰਘ ਡੀਡੀਪੀਓ ਗੁਰਦਾਸਪੁਰ, ਰਾਜਵਿੰਦਰ ਕੌਰ ਬੀਡੀਪੀਓ ਕਾਦੀਆਂ, ਬੀ ਡੀ ਪੀ ਓ ਸ੍ਰੀ ਹਰਗੋਬਿੰਦਪੁਰ ਸਾਹਿਬ ਨਰਿੰਦਰ ਸਿੰਘ,ਜਸਵੰਤ ਸਿੰਘ-ਪੰਚਾਇਤ ਅਫ਼ਸਰ ਸ੍ਰੀ ਹਰਗੋਬਿੰਦਪੁਰ ਸਾਹਿਬ, ਨਿਸ਼ਾਨ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਸਾਹਿਬ,ਹਰਦੇਵ ਸਿੰਘ ਪੰਚਾਇਤ ਅਫ਼ਸਰ ਕਾਦੀਆਂ, ਗੁਰਪਿੰਦਰ ਕੌਰ ਸੁਪਰਡੈਂਟ,ਹੰਸ ਰਾਜ ਸਿੰਘ ਪੰਚਾਇਤ ਸਕੱਤਰ, ਬਲਜਿੰਦਰ ਸਿੰਘ ਪੰਚਾਇਤ ਸਕੱਤਰ, ਪੀ ਏ ਰਾਜੂ ਭਿੰਡਰ,ਪੀ ਏ ਸੁਖਦੇਵ ਸਿੰਘ ਰੋਮੀ,ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਸੰਗਠਨ ਇੰਚਾਰਜ ਹਰਜਿੰਦਰ ਯਾਦਪੁਰ,ਜਸਕਰਨ ਸਰਪੰਚ,ਧਰਮਿੰਦਰ ਸਿੰਘ ਸਰਪੰਚ, ਜਰਨੈਲ



ਸਿੰਘ ਸਰਪੰਚ, ਗੁਰਮੀਤ ਸਿੰਘ ਪੰਨੂ,ਸੁਖ ਸਰਪੰਚ, ਹਲਕਾ ਮੀਡੀਆ ਕੋਆਰਡੀਨੇਟਰ ਸੂਬਾ ਜੁਆਇੰਟ ਸਕੱਤਰ ਮਹਿਲਾ ਵਿੰਗ ਮੈਡਮ ਨੀਲਮ ਘੁਮਾਣ, ਗੁਰਦਿਆਲ ਸਿੰਘ ਘੁਮਾਣ,ਹਲਕਾ ਕੋਆਰਡੀਨੇਟਰ ਨਸ਼ਾ ਮੁਕਤ ਮੋਰਚਾ ਰਾਜਵਿੰਦਰ ਸਿੰਘ ਬਬਲੂ ਟੀਵੀ ਐਸ ਘੁਮਾਣ, ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ ਘੁਮਾਣ, ਬਲਾਕ ਮੀਡੀਆ ਵਾਇਸ ਕੋਆਰਡੀਨੇਟਰ ਅਮ੍ਰਿਤਪਾਲ ਸਿੰਘ ਸੋਹੀ, ਪ੍ਰਧਾਨ ਤਰਸੇਮ ਸਿੰਘ ਬਾਵਾ,ਕਰਮਜੀਤ ਸਿੰਘ ਯੋਗੀ ਸਰਪੰਚ, ਸੁਲੱਖਣ ਸਿੰਘ ਖਹਿਰਾ, ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ,ਜਗਜੀਵਨ ਸਿੰਘ ਸਰਪੰਚ, ਹਰਪ੍ਰੀਤ ਸਿੰਘ ਸਰਪੰਚ, ਮਨਦੀਪ ਸਿੰਘ ਸਰਪੰਚ ਹਰਪੁਰਾ, ਸਾਬਕਾ ਸਰਪੰਚ ਮਨਜੀਤ ਸਿੰਘ ਹਰਦਾਨ, ਸਿਕੰਦਰ ਸਿੰਘ ਕਰਨਾਮਾ ਸਮੇਤ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਮੋਹਤਬਰ ਹਾਜ਼ਰ ਸਨ।

## ਪੰਜਾਬੀ ਯੂਨੀਵਰਸਿਟੀ ਵਿਖੇ 'ਸਲਾਮ ਮੇਰੇ ਸੂਰਜਾ' ਬਾਲ ਨਾਟਕ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਝੰਜੋੜਿਆ

**ਪਟਿਆਲਾ, 9 ਨਵੰਬਰ(ਦੇਸ਼ ਪ੍ਰਦੇਸ਼ ਬਿਊਰੋ )**-ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕਰਵਾਏ ਜਾ ਰਹੇ ਬਾਲ ਰੰਗਮੰਚ ਉਤਸਵ ਦਾ ਦੂਜਾ ਦਿਨ ਵਿਸ਼ੇਸ਼ ਜ਼ਰੂਰਤਾਂ ਵਾਲ਼ੇ ਬੱਚਿਆਂ ਲਈ ਰਾਖਵਾਂ ਸੀ। ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਅਤੇ ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਬਾਲ ਰੰਗਮੰਚ ਉਤਸਵ ਦੀਆਂ ਸਾਰੀਆਂ ਪੇਸ਼ਕਾਰੀਆਂ ਵਿਚ ਕੁਦਰਤੀ, ਸਮਾਜਿਕ ਅਤੇ ਆਰਥਿਕ ਤੌਰ ਤੇ ਹਾਸ਼ੀਆਗ੍ਰਸਤ ਬੱਚਿਆਂ ਨੂੰ ਸਮਰਪਿਤ ਸੀ।

ਇਸ ਦਿਨ ਦੀ ਪ੍ਰਧਾਨਗੀ ਡੈਫ ਐਂਡ ਬਲਾਈਂਡ ਸਕੂਲ ਸੈਫ਼ਦੀਪੁਰ ਦੇ ਪ੍ਰਿੰਸੀਪਲ ਰੇਨੂੰ ਬਾਲਾ, ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਨੇ ਕੀਤੀ ਅਤੇ ਮੁੱਖ ਮਹਿਮਾਨ ਦੇ ਰੂਪ ਵਿਚ ਪਟਿਆਲਾ ਦੇ ਰੰਗਕਰਮੀ ਜਗਜੀਤ ਸਰੀਨ ਸ਼ਾਮਿਲ ਹੋਏ।



ਇਸ ਦਿਨ ਖਚਾਖਚ ਭਰੇ ਕਲਾ ਭਵਨ ਵਿਚ ਪ੍ਰਸਤੁਤ ਬਾਲ ਨਾਟਕ 'ਸਲਾਮ ਮੇਰੇ ਸੂਰਜਾ' ਵਿਚ ਬਾਲ ਕਲਾਕਾਰ ਗਗਨ ਨੇ ਆਪਣੀ 35 ਮਿੰਟ ਦੀ ਸੋਲੋ ਪੇਸ਼ਕਾਰੀ ਰਾਹੀਂ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਅੱਜ ਦੇ ਇਸ ਮੇਲੇ ਵਿਚ ਵਿਸ਼ੇਸ਼ ਤੌਰ ਤੇ ਜਗਰੂਪ ਸਿੰਘ ਮਹਿਮਦਪੁਰ, ਇੰਜੀ. ਅਮਰਜੀਤ ਸਿੰਘ, ਸੀ ਐਚ ਟੀ ਪੂਰਨ ਸਿੰਘ, ਅਤੇ ਮਾਸਟਰ ਗੁਰਪ੍ਰਕਾਸ਼ ਸਿੰਘ, ਜ਼ਿਲ੍ਹਾ ਭਾਸ਼ਾ ਅਫਸਰ ਮਨਜਿੰਦਰ ਸਿੰਘ, ਰਾਜਵਿੰਦਰ ਕੌਰ ਜਟਾਣਾ, ਬਲਵਿੰਦਰ ਸਿੰਘ ਭੱਟੀ, ਡਾ. ਅਮਰੀਕ ਸਿੰਘ, ਜਸਪ੍ਰੀਤ ਜਗਰਾਓਂ, ਮਾਸਟਰ ਕੁਲਦੀਪ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਮੰਚ ਸਚਾਲਨ ਦੀ ਭੂਮਿਕਾ ਨੌਜਵਾਨ ਸ਼ਾਇਰ ਰੂਹੀ ਸਿੰਘ ਨੇ ਸ਼ਾਇਰਾਨਾ ਰੂਪ ਵਿਚ ਨਿਭਾਈ। ਮੇਲੇ ਦੀ ਪ੍ਰਬੰਧਕੀ ਟੀਮ ਵਿਚ ਸ਼ਾਮਿਲ ਜਗਜੀਤ ਵਾਲੀਆ, ਜਗਪਾਲ ਚਹਿਲ, ਕੁਲਦੀਪ ਸ਼ੇਰਖਾਂ, ਹਰਮਨ ਚੌਹਾਨ, ਗੁਰਦੀਪ ਆਲੀਕੇ, ਜਸ਼ਨਦੀਪ ਕੌਰ ਜਟਾਣਾ, ਇੰਦਰ ਕੌਰ ਤੇ ਗਗਨਦੀਪ ਨੇ ਬਹੁਤ ਹੀ ਮਿਹਨਤ ਨਾਲ ਇਸ ਦਿਨ ਦਾ ਸਫਲ ਆਯੋਜਨ ਕੀਤਾ।

## ਗੁਰੂ ਅਮਰਦਾਸ ਸੀ ਸੈ ਸਕੂਲ ਭਲਾਈਪੁਰ ਡੋਗਰਾਂ ਦੀ ਵਿਦਿਆਰਥਣ ਲੋਕ ਗੀਤ ਮੁਕਾਬਲੇ 'ਚ ਅਵੱਲ



**ਸ੍ਰੀ ਖਡੂਰ ਸਾਹਿਬ, 9 ਨਵੰਬਰ, (ਕੁਲਦੀਪ ਸਿੰਘ ਮਾਨ ਰਾਮਪੁਰ)** : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਅਮਰਦਾਸ ਸੀਨੀ. ਸੈਕੰ. ਸਕੂਲ ਭਲਾਈਪੁਰ ਡੋਗਰਾਂ ਦੀ ਵਿਦਿਆਰਥਣ ਨਵਪ੍ਰੀਤ ਕੌਰ ਨੇ ਅੰਮ੍ਰਿਤਸਰ ਗਰੁੱਪ ਆੱਫ਼ ਕਾਲਜਸ ਮਾਨਾਂਵਾਲ ਵੱਲੋਂ ਕਰਵਾਏ ਤਿੰਨ ਰੋਜ਼ਾ ਪ੍ਰੋਗਰਾਮ ਫਿਊਜ਼ਨ 2025 ਵਿੱਚ ਸੋਲੋ ਗਾਇਕੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਂਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਮੈਡਮ ਜਗਪ੍ਰੀਤ ਕੌਰ ਹੁਣਾ ਨੇ ਵਿਦਿਆਰਥਣ ਨਵਪ੍ਰੀਤ ਕੌਰ ਨੂੰ ਵਧਾਈ ਦਿੰਦਿਆਂ ਅਤੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਸੱਭਿਆਚਾਰ ਗਤੀਵਿਧੀਆਂ ਵਿੱਚ ਭਾਗ ਲੈਣਾ ਸ਼ਖਸੀਅਤ ਦੀ ਉਸਾਰੀ ਲਈ ਬਹੁਤ ਮਹੱਤਵਪੂਰਨ ਹੈ । ਅਤੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਸੱਭਿਆਚਾਰ ਗਤੀਵਿਧੀਆਂ ਭਾਗ ਲੈਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਨਵਪ੍ਰੀਤ ਕੌਰ ਵੱਲੋਂ ਗਾਇਕੀ ਮੁਕਾਬਲੇ ਵਿੱਚ ਹਿੱਸਾ ਲੈ ਕੇ ਪਹਿਲਾਂ ਸਥਾਨ ਹਾਸਲ ਕਰਨ ਲਈ ਇਸ ਦਾ ਸਾਰਾ ਸਿਹਰਾ ਅਧਿਆਪਕ ਕਰਨਬੀਰ ਸਿੰਘ ਨੂੰ ਜਾਂਦਾ ਹੈ।

## ਸੰਸਦ ਡਾਕਟਰ ਗਾਂਧੀ ਵਲੋਂ ਬਣਾਏ ਡਬਲ ਟਰੈਕ ਸਦਕਾ ਮਾਲਵਾ ਖੇਤਰ ਨੂੰ ਵੰਦੇ ਭਾਰਤ ਟਰੇਨ ਦਾ ਲਾਭ ਮਿਲਿਆ-ਨੰਨੜੇ

**ਨਾਭਾ 9 ਨਵੰਬਰ (ਰਾਕੇਸ਼ ਜਿੰਦਲ਼ ਸ਼ੁਭਮ ਜਿੰਦਲ)**-ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵਲੋਂ 2014 ਤੋਂ 2019 ਦੀ ਟਰਮ ਦੌਰਾਨ ਕੀਤੇ ਵਿਸ਼ੇਸ਼ ਉਪਰਾਲਿਆਂ ਸਦਕਾ ਪੰਜਾਬ ਵਿੱਚ ਕਈ ਡਬਲ ਰੇਲਵੇ ਟਰੈਕ ਮਨਜ਼ੂਰ ਕਰਵਾਕੇ ਗਏ ਸਨ ਜਿਨਾਂ ਦੇ ਮੁਕੰਮਲ ਹੋਣ ਸਦਕਾ ਹੁਣ ਉਨਾਂ ਦੀ ਦੂਜੀ ਟਰਮ ਵਿੱਚ ਦਿੱਲੀ ਤੋਂ ਫਿਰੋਜਪੁਰ ਤੱਕ ਵੰਦੇ ਭਾਰਤ ਐਕਸਪ੍ਰੈਸ ਟਰੇਨ ਚਾਲੂ ਹੋਣ ਨਾਲ ਮਾਲਵਾ ਖੇਤਰ ਦੇ ਲੋਕਾ ਖਾਸ ਕਰ ਵਪਾਰੀਆਂ ,ਨੌਕਰੀ ਪੇਸ਼ਾ ਵਿਅਕਤੀਆਂ ਨੂੰ ਵੱਡੀ ਰਾਹਤ ਮਿਲੇਗੀ ਇਸ ਲਈ ਡਾਕਟਰ ਗਾਂਧੀ ਦਾ ਧੰਨਵਾਦ ਕਰਦਿਆਂ ਸਾਬਕਾ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਵਤਾਰ ਸਿੰਘ ਨੰਨੜੇ ਕਿਹਾ ਕਿ ਡਾਕਟਰ ਗਾਂਧੀ ਨੇ ਅਪਣੇ ਸੰਸਦ ਕਾਰਜਕਾਲ ਦੌਰਾਨ ਅਪਣੇ ਨਿੱਜੀ ਹਿੱਤਾਂ ਦੀ ਬਜਾਏ ਹਮੇਸ਼ਾ ਲੋਕ ਹਿੱਤ ਪ੍ਰਾਜੈਕਟਾਂ ਨੂੰ ਪਹਿਲ ਦਿੱਤੀ ਹੈ ਤਾਂ ਜ਼ੋ ਸੂਬੇ ਦਾ ਵਿਕਾਸ ਹੋ ਸਕੇ ਤੇ ਆਮ ਲੋਕਾਂ ਨੂੰ ਸਹੂਲਤ ਮਿਲ ਸਕੇ ਉਨਾਂ ਕਿਹਾ ਇਹ ਟਰੇਨ ਬੁੱਧਵਾਰ ਤੋਂ ਬਿਨਾਂ ਬਾਕੀ ਹਫਤੇ ਦੇ ਛੇ ਦਿਨ ਚੱਲੇਗੀ ਜ਼ੋ ਫਿਰੋਜ਼ਪੁਰ, ਫਰੀਦਕੋਟ ,ਬਠਿੰਡਾ,ਧੂਰੀ,ਪਟਿਆਲਾ,ਅੰਬਾਲਾ ਕੈਂਟ,ਕੁਰਕਸ਼ੇਤਰ,ਪਾਣੀਪਤ ਤੋਂ ਹੁੰਦੀ ਹੋਈ ਦਿੱਲੀ ਪਾਹੁੰਚੇਗੀ ਜਿਸ ਨਾਲ ਪਟਿਆਲਾ ਵਾਸੀਆ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ ਜੋ ਦਿਨ ਵਿੱਚ ਦਿੱਲੀ ਪਟਿਆਲਾ ਅੱਪਡੋਨ ਕਰ ਸਕਣਗੇ।



## ਪਾਵਾ ਦੀ ਮੀਟਿੰਗ 'ਚ ਮਿਲਾਵਟਖੋਰੀ ਪ੍ਰਤੀ ਜਾਗਰੂਕ ਕਰਨਵਾਲੇ ਮੈਂਬਰ ਸਨਮਾਨਿਤ




**ਪਟਿਆਲਾ 9 ਨੰਵਬਰ (ਰਾਜਿੰਦਰ ਸਿੰਘ ਥਿੰਦ)**-ਪਾਵਾ ਦੀ ਪਹਿਲੀ ਜਨਰਲ ਮੀਟਿੰਗ ਪੰਜਾਬ ,ਹਰਿਆਣਾ ਅਤੇ ਚੰਡੀਗੜ੍ਹ ਦਾ ਆਯੋਜਨ ਲੁਧਿਆਣਾ ਕਲੱਬ ਲੁਧਿਆਣਾ ਵਿਖੇ ਜਸਟਿਸ ਜੋਰਾ ਸਿੰਘ ਸੇਵਾਮੁਕਤ ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਮੁੱਖ ਸਰਪ੍ਰਸਤ ਪਾਵਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ ਸੀ ਜਿਸ ਵਿੱਚ ਕੇਂਦਰੀ ਕਾਰਜਕਾਰੀ ਕਮੇਟੀ ਪਾਵਾ ਦੇ ਮੈਂਬਰ ਅਤੇ ਕਾਰਜਕਾਰੀ ਮੀਟਿੰਗ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਮੈਂਬਰ ਸ਼ਾਮਲ ਹੋਏ। ਜਿੱਥੇ ਪਾਵਾ ਕੇਂਦਰੀ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਮਿਲਾਵਟਖੋਰੀ ਪ੍ਰਤੀ ਜਾਗਰੂਕਤਾ ਸਬੰਧੀ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ,ਅਤੇ ਉਨ੍ਹਾਂ ਸਾਰਿਆਂ ਨੇ ਪਾਵਾ ਜ਼ਿਲ੍ਹਾ ਪਟਿਆਲਾ ਟੀਮ ਦੀ ਸ਼ਲਾਘਾ ਕੀਤੀ ਅਤੇ ਨੌਜਵਾਨਾਂ ਨੂੰ ਮਿਲਾਵਟਖੋਰੀ ਵਿਰੁੱਧ ਜਾਗਰੂਕ ਕਰਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਲਈ ਵਧਾਈ ਦਿੱਤੀ ਅਤੇ ਸਾਰੇ ਜ਼ਿਲ੍ਹਿਆਂ ਨੂੰ ਪਟਿਆਲਾ ਮਾਡਲ ਦੀ ਪਾਲਣਾ ਕਰਨ ਦਾ ਸੁਝਾਅ ਦਿੱਤਾ ਗਿਆ। ਪਾਵਾ ਕੇਂਦਰੀ ਕਾਰਜਕਾਰੀ ਕਮੇਟੀ ਵੱਲੋਂ ਪਟਿਆਲਾ ਟੀਮ ਨੂੰ ਮੋਮੈਂਟੋ ਅਤੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ।

# ਪੰਜਾਬੀ ਯੂਨੀਵਰਸਿਟੀ ਨੇ ਗੁਰੂ ਜੀ ਦੇ ਨਾਂ 'ਤੇ ਦਿੱਤੇ ਸੁਨਹਿਰੀ ਮੌਕੇ ਦੇ ਐਲਾਨ ਨਾਲ ਵਿਦਿਆਰਥੀਆਂ 'ਚ ਰੋਸ



**ਪਟਿਆਲਾ 9ਨੰਵਬਰ (ਰਾਜਿੰਦਰ ਸਿੰਘ ਥਿੰਦ):** ਪੰਜਾਬੀ ਯੂਨੀਵਰਸਿਟੀ ਨੇ ਆਪਣੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ 53 ਹਜ਼ਾਰ ਦਾ ਸੁਨਹਿਰੀ ਮੌਕਾ ਦੇਣ ਦਾ ਐਲਾਨ ਕੀਤਾ ਹੈ। ਗੁਰੂ ਸਾਹਿਬ ਦੇ ਨਾਂ 'ਤੇ ਮਹਿੰਗੀ ਫੀਸ ਵਾਲੇ ਮੌਕੇ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਵਿਦਿਆਰਥੀਆਂ ਵੱਲੋਂ ਇਸ ਫੀਸ ਦਾ ਵਿਰੋਧ ਕਰਦਿਆਂ ਸੰਘਰਸ਼ ਦੀ ਚਿਤਾਵਨੀ ਤੱਕ ਦੇ ਦਿੱਤੀ ਗਈ ਹੈ। ਦੂਸਰੇ ਯੂਨੀਵਰਸਿਟੀ ਦਾ ਤਰਕ ਹੈ ਕਿ ਇਸ ਸੁਨਹਿਰੀ ਮੌਕੇ ਦੀ ਫੀਸ ਕਈ ਸਾਲਾਂ ਤੋਂ ਚੱਲਦੀ ਆ ਰਹੀ ਹੈ ਤੇ ਇਸ ਵਿਚ ਕੋਈ ਵਾਧਾ ਕੀਤੇ ਬਿਨਾਂ ਸਿਰਫ ਮੌਕਾ ਖੋਲ੍ਹਿਆ ਗਿਆ ਹੈ। ਜਾਣਕਾਰੀ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਸੰਦਰਭ ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਆਪਣੇ ਉਨ੍ਹਾਂ ਪੁਰਾਣੇ ਵਿਦਿਆਰਥੀਆਂ ਨੂੰ ਜੋ ਆਪਣੀ ਡਿਗਰੀ ਰੀ-ਅਪੀਅਰ ਜਾਂ ਕਿਸੇ ਵਿਸ਼ੇ ਵਿਚੋਂ ਫੇਲ੍ਹ ਹੋਣ ਕਾਰਨ ਨਹੀਂ ਸਕੇ ਜਾਂ ਆਪਣੇ ਨੰਬਰਾਂ ਜਾਂ ਡਵੀਜ਼ਨ ਵਿਚ ਸੋਧ ਕਰਨ ਅਤੇ ਸਾਰੇ ਮੌਕੇ ਜਾਂ ਕੋਰਸ ਦੀ ਸਮਾਂ-ਸੀਮਾ ਖ਼ਤਮ ਹੋ ਚੁੱਕੀ ਹੈ, ਨੂੰ ਸੁਨਹਿਰੀ ਮੌਕਾ ਦਿੱਤਾ ਜਾ ਰਿਹਾ ਹੈ। ਇਸ ਸੁਨਹਿਰੀ ਮੌਕੇ ਦੀ ਪ੍ਰੀਖਿਆ ਫੀਸ 53 ਹਜ਼ਾਰ ਰੁਪਏ ਤੈਅ ਕੀਤੀ ਗਈ ਹੈ। ਇਸ ਲਈ ਫਾਰਮ ਭਰਨ ਦੀ ਆਖਰੀ ਤਰੀਕ 15 ਨਵੰਬਰ ਹੈ। ਸੁਨਹਿਰੀ ਮੌਕੇ ਲਈ ਓਡ ਸਮੈਸਟਰ ਭਾਵ 1,3 ਤੇ 5 ਆਦਿ ਦੇ ਵਿਸ਼ਿਆਂ ਦੇ ਪੇਪਰ ਦਸੰਬਰ 2025 ਵਿਚ ਅਤੇ ਈਵਨ ਸਮੈਸਟਰ ਭਾਵਨ 2,4 ਤੇ 6 ਆਦਿ ਦੇ ਵਿਸ਼ਿਆਂ ਦੇ ਪੇਪਰ ਮਈ 2026 ਵਿਚ ਕਰਵਾਏ ਜਾਣਗੇ।

### 'ਵਰਸਿਟੀ ਨੇ ਆਪਣੇ ਲਈ ਬਣਾਇਆ ਸੁਨਹਿਰੀ ਮੌਕਾ : ਵਿਦਿਆਰਥੀ

ਯੂਨਾਈਟਡ ਸਿੱਖ ਸਟੂਡੈਂਟਸ ਫੈਡਰੇਸ਼ਨ ਪੰਜਾਬੀ ਯੂਨੀਵਰਸਿਟੀ ਇਕਾਈ ਪ੍ਰਧਾਨ ਮਨਦੀਪ ਸਿੰਘ, ਪ੍ਰਦੀਪ ਸਿੰਘ, ਇੰਦਰ ਸਿੰਘ, ਅਮਰਿੰਦਰ ਸਿੰਘ ਅਤੇ ਨਿਰਮਲਜੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੇ ਨਾਂ 'ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ 'ਤੇ ਬੋਝ ਪਾਉਣ ਦਾ ਫੈਸਲਾ ਕੀਤਾ ਗਿਆ ਹੈ ਜੋ ਕਿ ਮੰਦਭਾਗਾ ਹੈ।

**ਰੀਫੰਡ ਨਹੀਂ ਹੋਵੇਗੀ ਭਰੀ ਗਈ ਫੀਸ**-ਯੂਨੀਵਰਸਿਟੀ ਅਨੁਸਾਰ ਇਸ ਸੁਨਹਿਰੀ ਮੌਕੇ ਲਈ ਵਿਦਿਆਰਥੀ ਇਕ ਕੋਰਸ ਦੇ ਵੱਧ ਤੋਂ ਵੱਧ ਤਿੰਨ ਵਿਸ਼ਿਆਂ ਦੇ ਪੇਪਰ ਹੀ ਦੇ ਸਕੇਗਾ। ਇਹ ਤਿੰਨ ਪੇਪਰ ਕਿਸੇ ਕੋਰਸ ਦੇ ਵੱਖ-ਵੱਖ ਸਮੈਸਟਰਾਂ ਵਿਚੋਂ ਹੀ ਹੋ ਸਕਦੇ ਹਨ। ਇਕ ਕੋਰਸ ਦੇ ਤਿੰਨ ਵਿਸ਼ਿਆਂ ਲਈ ਸੁਨਹਿਰੀ ਮੌਕੇ ਦੀ ਫੀਸ 53 ਹਜ਼ਾਰ ਰੁਪਏ ਰੁਪਏ ਹੋਵੇਗੀ।ਕਿਸੇ ਵੀ ਵਿਸ਼ੇ ਦੇ ਸਮੈਸਟਰ ਨੂੰ ਇਕ ਪੇਪਰ ਹੀ ਮੰਨਿਆ ਜਾਵੇਗਾ। ਇਹ ਮੌਕੇ ਮਈ 2011 ਜਾਂ ਇਸ ਤੋਂ ਬਾਅਦ ਦੇ ਸੈਸ਼ਨ ਦੇ ਸਿਰਫ ਸਮੈਸਟਰ ਪ੍ਰਣਾਲੀ ਤਹਿਤ ਆਉਂਦੇ ਕੋਰਸਾਂ ਲਈ ਦਿੱਤਾ ਜਾ ਰਿਹਾ ਹੈ। ਦਸੰਬਰ 2025 ਤੇ ਮਈ 2026 ਵਿਚ ਹੋਣ ਵਾਲੇ ਵਿਸ਼ੇਸ ਮੌਕੇ ਦੇ ਪੇਪਰ ਮੌਜੂਦਾ ਸਿਲੇਬਲ ਅਨੁਸਾਰ ਹੋਣਗੇ। ਇਹ ਸੁਨਹਿਰੀ ਮੌਕਾ ਸਿਰਫ ਉਨ੍ਹਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਵਿਦਿਆਰਥੀਆਂ ਦੇ ਸਾਰੇ ਮੌਕੇ ਖਤਮ ਹੋ ਚੁੱਕੇ ਹਨ ਤੇ ਕੋਰਸ ਦੀ ਸਮਾਂ-ਸੀਮਾ ਵੀ ਖਤਮ ਹੋ ਚੁੱਕੀ ਹੈ। ਇਸ ਲਈ ਭਰੀ ਹੋਈ ਫੀਸ ਕਿਸੇ ਵੀ ਹਾਲਤ ਵਿਚ ਰੀਫੰਡ ਨਹੀਂ ਹੋਵੇਗੀ।

### ਫੀਸ 'ਚ ਕਟੌਤੀ ਦੀ ਕਰਾਂਗੇ ਕੋਸ਼ਿਸ਼ : ਵੀਸੀ

ਪੰਜਾਬੀ ਯੂਨੀਵਰਸਿਟੀ ਉਪ ਕੁਲਪਤੀ ਡਾ. ਜਗਦੀਪ ਸਿੰਘ ਦਾ ਕਹਿਣਾ ਹੈ ਕਿ ਗੋਲਡਨ ਚਾਂਸ (ਸੁਨਹਿਰੀ ਮੌਕੇ) ਸਬੰਧੀ ਸਾਲ 2020 ਤੋਂ ਪਹਿਲਾਂ ਫੀਸ ਤੈਅ ਕੀਤੀ ਗਈ ਹੈ ਅਤੇ ਇਸ ਵਿਚ ਬਿਨਾਂ ਕਿਸੇ ਤਬਦੀਲੀ ਤੋਂ ਸਿਰਫ ਵਿਦਿਆਰਥੀਆਂ ਨੂੰ ਮੌਕਾ ਦੇਣ ਦੀ ਪਹਿਲ ਕੀਤੀ ਗਈ ਹੈ। ਵੱਧ ਫੀਸ ਦਾ ਵਿਰੋਧ ਹੋਣ ਦੇ ਸਵਾਲ 'ਤੇ ਉਪ ਕੁਲਪਤੀ ਨੇ ਦੱਸਿਆ ਕਿ 53 ਹਜ਼ਾਰ ਰੁਪਏ ਤਿੰਨ ਪੇਪਰਾਂ ਦੀ ਫੀਸ ਹੈ ਜਦੋਂਕਿ ਹੋਰ ਯੂਨੀਵਰਸਿਟੀ ਵਿਚ ਗੋਲਡਨ ਚਾਂਸ ਦੀ ਪ੍ਰਤੀ ਪੇਪਰ ਫੀਸ 25 ਹਜ਼ਾਰ ਰੁਪਏ ਹੈ।

# ਸ਼ੰਭੂ /ਖਨੌਰੀ ਮੋਰਚੇ ਦੇ ਮਾਲੀ ਨੁਕਸਾਨ ਦੀ ਭਰਪਾਈ ਲਈ ਅਤੇ ਬਿਜਲੀ ਬਿੱਲ ਖ਼ਿਲਾਫ਼ 17,18 ਦਸੰਬਰ ਨੂੰ ਪੰਜਾਬ ਭਰ ਦੇ ਡੀਸੀ ਦਫ਼ਤਰਾਂ ਤੇ ਧਰਨੇ, ਮਸਲਾ ਹੱਲ ਨਾ ਹੋਣ ਤੇ 19 ਨੂੰ ਰੇਲ ਰੋਕੋ ਮੋਰਚਾ




ਅੰਮ੍ਰਿਤਸਰ 9 ਨਵੰਬਰ (ਰਾਜੇਸ਼ ਡੈਨੀ) ਕਿਸਾਨ ਮਜਦੂਰ ਮੋਰਚਾ ਵੱਲੋਂ ਅੰਮ੍ਰਿਤਸਰ ਵਿੱਚ ਅਹਿਮ ਕਾਨਫਰੰਸ ਕਰਕੇ ਸੀਨੀਅਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਵੱਲੋਂ ਜਾਣਕਾਰੀ ਦਿੱਤੀ ਗਈ ਕਿ 7 ਨਵੰਬਰ ਨੂੰ ਕੇ ਐਮ ਐਮ ਦੀ ਮੀਟਿੰਗ ਵਿੱਚ ਅਜੋਕੇ ਦੌਰ ਦੀਆਂ ਅਤੇ ਕਿਸਾਨਾਂ ਮਜਦੂਰਾਂ ਦੀਆਂ ਅਹਿਮ ਮੰਗਾਂ ਦੀ ਅਹਿਮੀਅਤ ਨੂੰ ਦੇਖਦੇ ਜ਼ਰੂਰੀ ਪ੍ਰੋਗਰਾਮ ਦਿੱਤੇ ਗਏ ਹਨ। ਉਹਨਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਕੋਲੋ ਖੋਹਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸਦੇ ਖਿਲਾਫ ਵਿਦਿਆਰਥੀਆ ਵੱਲੋਂ ਦਿੱਤੇ ਸੱਦੇ ਤੇ 10 ਨਵੰਬਰ ਨੂੰ ਪੀ.ਯੂ. ਦੇ ਇੱਕਠ ਵਿੱਚ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ। ਉਹਨਾਂ ਕਿਹਾ ਕਿ 14 ਨਵੰਬਰ ਨੂੰ ਕੌਮੀ ਇਨਸਾਫ਼ ਦੇ ਦਿੱਲੀ ਵਿੱਚ ਇਨਸਾਫ਼ ਮਾਰਚ ਦੇ ਸੱਦੇ ਦਾ ਸਮਰਥਨ ਕੀਤਾ ਜਾਵੇਗਾ ਅਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਉਹਨਾਂ ਜਾਣਕਾਰੀ ਦਿੱਤੀ ਕਿ ਬਿਜਲੀ ਸੋਧ ਬਿੱਲ ਖ਼ਿਲਾਫ਼ 15, 16, 17 ਨੂੰ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਪੰਜਾਬ ਭਰ ਵਿੱਚ ਪਿੰਡ ਪੱਧਰੀ ਪੁਤਲਾ ਫੂਕ ਮੁਜ਼ਾਹਰੇ ਕੀਤੇ ਜਾਣਗੇ। ਉਹਨਾਂ ਕਿਹਾ ਕਿ 18 ਨਵੰਬਰ ਨੂੰ ਗੰਨੇ ਦੇ ਕਰੋੜਾਂ ਰੁਪਏ ਦੇ ਬਕਾਏ ਤੇ ਡੀਸੀ ਜਲੰਧਰ ਅੱਗੇ ਮੋਰਚਾ ਸ਼ੁਰੂ ਕੀਤਾ ਜਾਵੇਗਾ ਅਗਰ ਮਸਲੇ ਦਾ ਹੱਲ ਨਹੀਂ ਹੁੰਦਾ ਤਾਂ 21 ਨਵੰਬਰ ਨੂੰ ਜਲੰਧਰ-ਦਿੱਲੀ ਹਾਈਵੇ ਜਾਮ ਕੀਤਾ ਜਾਵੇਗਾ। ਅੱਗੇ ਉਹਨਾਂ ਦੱਸਿਆ ਕਿ 10 ਦਸੰਬਰ ਨੂੰ ਪ੍ਰੀਪੇਡ ਮੀਟਰ ਉਖਾੜ ਕੇ ਬਿਜਲੀ ਵਿਭਾਗ ਦਫਤਰਾਂ ਵਿੱਚ ਜਮ੍ਹਾਂ ਕਰਵਾਏ ਜਾਣਗੇ, ਦਸੰਬਰ 17, 18 ਨੂੰ ਸ਼ੰਭੂ/ਖਨੌਰੀ ਮੋਰਚੇ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਨੁਕਸਾਨ ਦੀ ਭਰਪਾਈ ਅਤੇ ਬਿਜਲੀ ਸੋਧ ਬਿੱਲ 2025 ਨੂੰ ਵਾਪਿਸ ਕਰਵਾਉਣ ਸਮੇਤ ਹੋਰ ਜ਼ਰੂਰੀ ਮਸਲਿਆਂ ਨੂੰ ਲੈ ਕੇ ਪੰਜਾਬ ਭਰ ਦੇ ਡੀਸੀ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਅਗਰ ਮਸਲਾ ਹੱਲ ਨਹੀਂ ਕੀਤਾ ਜਾਂਦਾ ਤਾਂ 19 ਦਸੰਬਰ ਨੂੰ ਰੇਲ ਰੋਕੋ ਮੋਰਚਾ ਲਗਾਇਆ ਜਾਵੇਗਾ। ਉਹਨਾਂ ਦੱਸਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਅੱਜ ਤਰਨ ਤਾਰਨ ਵਿੱਚ ਬਿਜਲੀ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਵੱਡੇ ਪੱਧਰ ਤੇ ਸ਼ਮੂਲੀਅਤ ਕੀਤੀ ਗਈ। ਉਹਨਾਂ ਕਿਹਾ ਕਿ ਪਰਾਲੀ ਸਾੜਨ ਨੂੰ ਲੈ ਕੇ ਕਿਸਾਨਾਂ ਤੇ ਰੈਡ ਇੰਟਰੀਆਂ, ਭਾਰੀ ਜੁਰਮਾਨੇ,ਪਰਚੇ ਕੀਤੇ ਜਾ ਰਹੇ ਹਨ ਜਦਕਿ ਉਹਨਾਂ ਨੂੰ ਪੂਰੀ ਗਿਣਤੀ ਬੇਲਰ ਆਦਿ ਸੁਵਿਧਾ ਮੁਹੱਈਆ ਕਰਨ ਵਿਚ ਸਰਕਾਰ ਅਸਫਲ ਰਹੀ ਹੈ ਜਿਸ ਕਾਰਨ ਮਜਬੂਰਨ ਸਾਨੂੰ ਇਹਨਾਂ ਖਿਲਾਫ ਸੰਘਰਸ਼ ਕਰਨਾ ਪਵੇਗਾ। ਪ੍ਰੈਸ ਕਾਨਫਰੰਸ ਤੋਂ ਬਾਅਦ ਜੰਡਿਆਲਾ ਨਜ਼ਦੀਕ 5 ਜ਼ੋਨਾ ਦੀ ਕਨਵੈਨਸ਼ਨ ਪਿੰਡ ਦੇਵੀਦਾਸਪੁਰਾ ਵਿੱਚ ਕੀਤੀ ਜਿੱਥੇ ਸੈਕੜੇ ਕਿਸਾਨ ਮਜ਼ਦੂਰ ਅਤੇ ਔਰਤਾਂ ਹਾਜ਼ਿਰ ਹੋਏ। ਇਸ ਮੌਕੇ ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ ਅਤੇ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਡੀ.ਏ.ਪੀ. ਖਾਦ ਦਾ ਸੰਕਟ ਹੱਲ ਕਰਾਓਣ, ਕਰਜ਼ਾ ਮੁਕਤੀ, ਐਮਐਸਪੀ ਲੀਗਲ ਗਰੰਟੀ ਕਾਨੂੰਨ ਦੀ ਮੰਗ ਪੂਰੀ ਕਰਾਉਣ ਦੇ ਸੰਘਰਸ਼ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕਨਵੈਨਸ਼ਨ ਤੋਂ ਬਾਅਦ ਬਿਜਲੀ ਸੋਧ ਬਿੱਲ ਖਿਲਾਫ ਕੇਂਦਰ ਅਤੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਇਸ ਮੌਕੇ ਜਿਲ੍ਹਾ ਆਗੂ ਕੰਧਾਰ ਸਿੰਘ ਭੋਏਵਾਲ, ਸੁਖਦੇਵ ਸਿੰਘ ਚਾਟੀਵਿੰਡ, ਰਣਜੀਤ ਸਿੰਘ ਚਾਟੀਵਿੰਡ, ਅਮਰਿੰਦਰ ਸਿੰਘ ਮਾਲੋਵਾਲ, ਸੂਬੇਦਾਰ ਨਿਰੰਜਨ ਸਿੰਘ, ਬਲਦੇਵ ਸਿੰਘ ਭੰਗੂ, ਚਰਨਜੀਤ ਸਿੰਘ ਸਫੀਪੁਰ, ਮਨਜੀਤ ਸਿੰਘ ਵਡਾਲਾ, ਬਲਜੀਤ ਸਿੰਘ ਵੇਰਕਾ, ਦਵਿੰਦਰ ਸਿੰਘ ਚਾਟੀਵਿੰਡ, ਬਲਿਹਾਰ ਸਿੰਘ ਛੀਨਾ, ਬਲਜਿੰਦਰ ਸਿੰਘ ਸਭਰਾ, ਦਲਬੀਰ ਸਿੰਘ ਬਾਸਰਕੇ, ਬੀਬੀ ਕੁਲਵਿੰਦਰ ਕੌਰ ਕੋਟ ਖਹਿਰਾ, ਬੀਬੀ ਬਲਜੀਤ ਕੌਰ ਤਰਸਿੱਕਾ ਸਮੇਤ ਸੈਕੜੇ ਕਿਸਾਨ ਮਜ਼ਦੂਰ ਅਤੇ ਔਰਤਾਂ ਹਾਜ਼ਿਰ ਰਹੇ।

# ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਲਈ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਟੀਮਾਂ ਸੰਗਰੂਰ ਲਈ ਰਵਾਨਾ



ਅੰਮ੍ਰਿਤਸਰ, 9 ਨਵੰਬਰ (ਰਾਜੇਸ਼ ਡੈਨੀ) ਸਿੱਖਿਆ ਵਿਭਾਗ ਪੰਜਾਬ ਵਲੋਂ ਮੁਢਲੇ ਪੱਧਰ ਤੋਂ ਸਕੂਲੀ ਵਿਦਆਰਥੀਆਂ ਨੂੰ ਖੇਡਾਂ ਨਾਲ ਜੋੜਨ ਹਿੱਤ ਕੀਤੇ ਜਾਂਦੇ ਉਪਰਾਲਿਆਂ ਤਹਿਤ ਸੰਗਰੂਰ ਵਿਖੇ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਜਿੰਨਾਂ ਵਿੱਚ ਸੂਬੇ ਦੇ ਸਮੂਹ ਜਿਲਿਆਂ ਦੇ ਪ੍ਰਾਇਮਰੀ ਖਿਡਾਰੀਆਂ ਵਲੋਂ ਹਿੱਸਾ ਲਿਆ ਜਾਵੇਗਾ। ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਹਿੱਸਾ ਲੈਣ ਲਈ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਟੀਮਾਂ ਅੱਜ ਬਲਾਕ ਐਲੀਮੈਂਟਰੀ ਸਿੱਖਿਆ ਦਫਤਰ ਅੰਮ੍ਰਿਤਸਰ-1 ਤੋਂ ਸੰਗਰੂਰ ਲਈ ਰਵਾਨਾ ਹੋਈਆਂ ਜਿੰਨ੍ਹਾਂ ਨੂੰ ਅੱਜ ਸ. ਕੰਵਲਜੀਤ ਸਿੰਘ ਸੰਧੂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਅੰਮ੍ਰਿਤਸਰ ਵਲੋਂ ਹਰੀ ਝੰਡੀ ਦੇ ਕੇ ਰਸਮੀ ਤੌਰ ਤੇ ਰਵਾਨਾ ਕੀਤਾ ਗਿਆ। ਇਸ ਤੋਂ ਪਹਿਲਾਂ ਸੰਗਰੂਰ ਦੇ ਵਾਰ ਹੀਰੋਜ਼ ਮੈਮੋਰੀਅਲ ਖੇਡ ਸਟੇਡੀਅਮ ਵਿਖੇ 10 ਨਵੰਬਰ ਤੋਂ 13 ਨਵੰਬਰ ਤੱਕ ਹੋਣ ਵਾਲੀਆਂ ਖੇਡਾਂ ਜਿੰਨ੍ਹਾਂ ਵਿੱਚ ਕਬੱਡੀ ਸਰਕਲ (ਮੁੰਡੇ), ਰੱਸਾਕੱਸੀ (ਮੁੰਡੇ), ਯੋਗਾ (ਮੁੰਡੇ - ਕੁੜੀਆਂ) ਲਈ ਜ਼ਿਲ੍ਹਾ ਟੀਮ ਲਈ ਚੁਣੇ ਗਏ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪੁੱਜੇ ਸ. ਕੰਵਲਜੀਤ ਸਿੰਘ ਸੰਧੂ ਡੀ.ਈ.ਓ. (ਐ. ਸਿੱ) ਅੰਮ੍ਰਿਤਸਰ, ਸ. ਗੁਰਦੇਵ ਸਿੰਘ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਅੰਮ੍ਰਿਤਸਰ - 1, ਬਲਕਾਰ ਸਿੰਘ ਜ਼ਿਲ੍ਹਾ ਖੇਡ ਕੋਆਰਡੀਨੇਟਰ (ਪ੍ਰਾਇਮਰੀ) ਅਤੇ ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਵਲੋਂ ਖਿਡਾਰੀਆਂ ਨੂੰ ਫਲ ਅਤੇ ਹੋਰ ਖਾਣ ਪੀਣ ਦਾ ਸਮਾਨ ਵੰਡਿਆ ਗਿਆ। ਇਸ ਸਮੇਂ ਸੰਬੋਧਨ ਦੌਰਾਨ ਸਿੱਖਿਆ ਅਧਿਕਾਰੀ ਸ. ਸੰਧੂ ਨੇ ਰਵਾਨਾ ਹੋਣ ਵਾਲੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿਤੀਆਂ ਅਤੇ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਉੱਤਮ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ। ਇਸ ਸਮੇਂ ਉਨ੍ਹਾਂ ਨਾਲ ਟੀਮ ਇੰਚਾਰਜ ਰਵੀਕਾਂਤ ਮੱਝੂਪੁਰਾ, ਹਰਪ੍ਰੀਤ ਸਿੰਘ ਅਠਵਾਲ, ਗੁਰਜੀਤ ਸਿੰਘ ਨਾਗ ਖੁਰਦ, ਮਨਪ੍ਰੀਤ ਕੌਰ ਡੀ.ਪੀ.ਈ. ਸੇਂਟ ਸੋਲਜ਼ਰ, ਰੁਪਿੰਦਰ ਕੌਰ ਡੀ.ਪੀ.ਈ. ਸੇਂਟ ਸੋਲਜ਼ਰ, ਮੁਨੀਸ਼ ਐਕਸੈਲਸਮ ਹਾਈ ਸਕੂਲ, ਮੋਹਿਤ ਕੁਮਾਰ ਰਾਮ ਆਸ਼ਰਮ ਅੰਮ੍ਰਿਤਸਰ ਸਮੇਤ ਹੋਰ ਹਾਜਰ ਸਨ।

# ਗੰਨੇ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ ਅਤੇ ਗੰਨੇ ਦਾ ਮੁੱਲ 500 ਰੁਪਏ ਕੀਤਾ ਜਾਵੇ: ਨਿਸ਼ਾਨ ਸਿੰਘ ਪੰਨੂ



ਸ਼੍ਰੀ ਹਰਗੋਬਿੰਦਪੁਰ 9 ਨਵੰਬਰ (ਅਗਮ ਬੇਦੀ): ਪੰਜਾਬ ਸਰਕਾਰ ਵੱਲੋਂ ਮਿੱਲਾ ਚੱਲਣ ਦਾ ਨੋਟੀਫਿਕੇਸ਼ਨ ਅਜੇ ਤੱਕ ਜ਼ਾਰੀ ਨਹੀਂ ਕੀਤਾ ਗਿਆ ਹੈ ਅਤੇ ਹੜ੍ਹਾ ਕਾਰਨ ਪਹਿਲਾਂ ਹੀ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਮਾਝਾ ਕਿਸਾਨ ਸੰਘਰਸ਼ ਕਮੇਟੀ ਦੀ ਸੀਨੀਅਰ ਆਗੂ ਨਿਸ਼ਾਨ ਸਿੰਘ ਪੰਨੂ ਨੇ ਕੀਤਾ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਗੰਨਾ ਦਾ ਮੁੱਲ 500 ਰੁਪਏ ਕਰੇ ਅਤੇ ਗੰਨਾ ਮਿੱਲਾਂ ਨੂੰ ਤਰੁੰਤ ਚਾਲੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰੇ ਤਾਂ ਜ਼ੋ ਕਿਸਾਨ ਗੰਨੇ ਦੇ ਫ਼ਸਲ ਨੂੰ ਮਿਲ ਚ ਦੇਕੇ ਕਣਕ ਦੀ ਫ਼ਸਲ ਨੂੰ ਬੀਜ ਸਕਣ। ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਗੰਨੇ ਦੇ 61 ਰੁਪਏ ਬਕਾਏ ਨੂੰ ਵੀ ਤੁਰੰਤ ਕਿਸਾਨਾਂ ਦੇ ਖਾਤਿਆਂ ਚ ਪਿਆ ਜਾਵੇ ਤਾਂ ਜ਼ੋ ਕਿਸਾਨ ਆਪਣੀ ਲੋੜਾ ਪੂਰੀਆਂ ਕਰ ਸਕਣ। ਇਸ ਮੌਕੇ ਗੁਰਪ੍ਰੀਤ ਸਿੰਘ ਬੋਪਾਰਾਏ ਜਰਨਲ ਸਕੱਤਰ, ਬਲਕਾਰ ਸਿੰਘ ਫੁੱਲੜਾ ਸਰਪੰਚ, ਸੋਨੂੰ ਚੱਡਾ ਜ਼ਿਲ੍ਹਾ ਪ੍ਰਧਾਨ, ਅਮਨ ਤੁਗਲਵਾਲ, ਲੱਵ ਹਰਚੋਵਾਲ, ਕਸ਼ਮੀਰ ਸਿੰਘ ਤੁਗਲਵਾਲ ਸਰਪ੍ਰਸਤ, ਆਦਿ ਹਾਜ਼ਰ ਸਨ

# ਸੰਘਣੀ ਆਬਾਦੀ ਵਾਲਾ ਇਲਾਕੇ ਡੇਰਾ ਬਾਬਾ ਨਾਨਕ ਰੋਡ ਤੇ ਚਲੀ ਗੋਲੀਆਂ, ਦੁਕਾਨਦਾਰਾਂ 'ਚ ਰੋਸ



ਬਟਾਲਾ (ਸੰਜੀਵ ਨਈਅਰ, ਐਸ ਕੇ ਮਹਾਜਨ) ਬਟਾਲਾ ਸ਼ਹਿਰ ਦੀ ਡੀ.ਬੀ. ਐਨ. ਰੋਡ ਸੁਕਰਪੁਰਾ 'ਚ ਰਾਤ ਕਰੀਬ 8 ਵਜੇ ਗੋਲੀਆਂ ਚੱਲਣ ਨਾਲ ਇਲਾਕੇ 'ਚ ਭਾਰੀ ਦਹਿਸ਼ਤ ਫੈਲ ਗਈ। ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਮੂੰਹ ਢੱਕੇ ਵਿਅਕਤੀ ਨੇ ਬੈਗ ਵਿੱਚੋਂ ਹਥਿਆਰ ਕੱਢ ਕੇ ਫਾਇਰਿੰਗ ਕੀਤੀ, ਜਿਸ ਦੌਰਾਨ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਹਾਲਾਂਕਿ ਦੁਕਾਨਦਾਰ ਦੇ ਬੇਟੇ ਨੇ ਬੇਮਿਸਾਲ ਹਿੰਮਤ ਦਿਖਾਉਂਦਿਆਂ ਹਥਿਆਰਬੰਦ ਵਿਅਕਤੀ ਨੂੰ ਕਾਬੂ ਕਰ ਲਿਆ, ਜਿਸ ਕਾਰਨ ਵੱਡਾ ਹਾਦਸਾ ਟਲ ਗਿਆ। ਦੁਕਾਨਦਾਰ ਦੇ ਬੇਟੇ ਨੇ ਦੱਸਿਆ ਕਿ, ਮੈਂ ਦੁਕਾਨ ਤੇ ਸਮਾਨ ਲਾ ਰਿਹਾ ਸੀ ਕਿ ਮੂੰਹ ਢੱਕਿਆ ਇਕ ਵਿਅਕਤੀ ਆਇਆ। ਉਸਨੇ ਜਿਵੇਂ ਹੀ ਬੈਗ ਵਿਚੋਂ ਹਥਿਆਰ ਕੱਢਿਆ, ਮੈਂ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ। ਉਸਨੇ ਤਿੰਨ ਫਾਇਰ ਕੀਤੇ, ਜਿਹਨਾਂ ਵਿੱਚੋਂ ਦੋ ਮੇਰੇ ਨੇੜੇ ਲੰਘ ਗਏ। ਪਰ ਮੈਂ ਹਿੰਮਤ ਨਹੀਂ ਹਾਰੀ ਤੇ ਉਸਨੂੰ ਜਫਾ ਪਾ ਕੇ ਸੁੱਟ ਦਿੱਤਾ। ਉਸਨੇ ਅੱਗੇ ਕਿਹਾ, ਮੈਂ ਵੀ ਡਰਿਆ ਸੀ, ਪਰ ਸੋਚਿਆ ਕਿ ਜੇ ਪਿੱਛੇ ਹਟ ਗਿਆ ਤਾਂ ਬੇਗੁਨਾਹ ਮਰ ਜਾਣਗੇ। ਮੈਨੂੰ ਆਪਣੀ ਜਾਨ ਤੋਂ ਵੱਧ ਲੋਕਾਂ ਦੀ ਸੁਰੱਖਿਆ ਦੀ ਚਿੰਤਾ ਸੀ। ਦੁਕਾਨ ਮਾਲਕ ਨੇ ਕਿਹਾ ਕਿ, ਮੇਰੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ। ਮੇਰਾ ਬੇਟਾ ਸਿਰਫ ਪੁੱਛ ਰਿਹਾ ਸੀ ਕਿ ਤੁਹਾਨੂੰ ਕੀ ਚਾਹੀਦਾ ਹੈ, ਤੇ ਅਚਾਨਕ ਉਸ ਵਿਅਕਤੀ ਨੇ ਗੋਲੀ ਚਲਾਣੀ ਸ਼ੁਰੂ ਕਰ ਦਿੱਤੀ। ਮੇਰੇ ਬੇਟੇ ਦੀ ਸ਼ਰਟ ਨੂੰ ਗੋਲੀ ਛੂਹ ਕੇ ਨਿਕਲੀ, ਪਰ ਉਹ ਫਿਰ ਵੀ ਨਹੀਂ ਡਰਿਆ ਤੇ ਹਥਿਆਰਬੰਦ ਬੰਦੇ ਨੂੰ ਕਾਬੂ ਕਰ ਲਿਆ।' ਦੁਕਾਨਦਾਰ ਨੇ ਪੁਲਿਸ ਪ੍ਰਸ਼ਾਸਨ ਪ੍ਰਤੀ ਨਿਰਾਸ਼ਾ ਜਤਾਈ ਤੇ ਕਿਹਾ ਕਿ, ਇਹ ਇਲਾਕੇ ਵਿੱਚ ਕੁਝ ਹੀ ਦਿਨਾਂ ਵਿੱਚ ਤੀਜੀ ਗੋਲੀਬਾਰੀ ਦੀ ਘਟਨਾ ਹੈ। ਲੋਕਾਂ ਦੇ ਦਿਲਾਂ ਵਿਚ ਪਹਿਲੀ ਘਟਨਾ ਦੀ ਦਹਿਸ਼ਤ ਵੀ ਖਤਮ ਨਹੀਂ ਹੋਈ ਸੀ ਕਿ ਫਿਰ ਗੋਲੀ ਚੱਲ ਗਈ। ਪੁਲਿਸ ਨੂੰ ਇਸ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਸੁਰੱਖਿਆ ਦੇ ਪੱਕੇ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਮਾਮਲੇ 'ਤੇ ਐੱਸ ਐਚ ਓ ਸਿਵਲ ਲਾਈਨ ਹਰਜਿੰਦਰ ਸਿੰਘ ਦਿਓਲ ਮੌਕੇ ਤੇ ਪੁਲੀਸ ਪਾਰਟੀ ਸਮੇਤ ਪਹੁੰਚੇ ਅਤੇ ਕਿਹਾ ਕਿ, ਇਸ ਘਟਨਾ ਦੀ ਗੰਭੀਰ ਜਾਂਚ ਕੀਤੀ ਜਾ ਰਹੀ ਹੈ। ਦੋਸ਼ੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਜੋ ਵੀ ਇਸ ਵਿੱਚ ਸ਼ਾਮਲ ਹੋਵੇਗਾ, ਉਸ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿਚ ਗਿਰਫ਼ਤਾਰ ਵਿਅਕਤੀ ਨੂੰ ਸੀ ਆਈ ਏ ਸਟਾਫ ਵਿਚ ਪੁੱਛ ਗਿੱਛ ਕੀਤੀ ਜਾ ਰਹੀ ਹੈ ਅਤੇ ਜੋਂ ਵੀ ਤੱਥ ਸਾਹਮਣੇ ਆਉਣਗੇ ਉਸ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।ਲੋਕਾਂ ਨੇ ਵੀ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਤ ਸਮੇਂ ਵਧੇਰੇ ਪੈਟਰੋਲਿੰਗ ਕੀਤੀ ਜਾਵੇ, ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# BSF ਜਵਾਨ ਦੀ ਡਿਊਟੀ ਦੌਰਾਣ ਮੌਤ, ਸਰਕਾਰੀ ਸਨਮਾਨਾਂ ਨਾਲ ਦਿੱਤੀ ਅੰਤਿਮ ਵਿਦਾਇਗੀ



ਗੁਰਦਾਸਪੁਰ (ਗੁਲਸ਼ਨ ਕੁਮਾਰ): ਬੀ ਐਸ ਐਫ ਦੇ ਜਵਾਨ ਜਤਿੰਦਰ ਸਿੰਘ ਦੀ ਡਿਊਟੀ ਦੌਰਾਣ ਲੱਖਨੋਰ ਕੈਂਪ ਸੈਕਟਰ 91 ਐਸ ਏ ਐਸ ਨਗਰ ਮੋਹਾਲੀ ਵਿਖੇ ਮੌਤ ਹੋਣ ਦੀ ਖਬਰ ਹੈ ।ਜਤਿੰਦਰ ਸਿੰਘ ਪਿੰਡ ਪਾਰੋਵਾਲ ਦੇ ਰਹਿਣ ਵਾਲਾ ਸੀ। ਦੇਰ ਸ਼ਾਮ ਜਤਿੰਦਰ ਸਿੰਘ ਦੀ ਮ੍ਰਿਤਕ ਦੇਹ ਉਨਾਂ ਦੇ ਜੱਦੀ ਪਿੰਡ ਪਾਰੋਵਾਲ ਪਹੁੰਚੀ ਗਈ ਜਿੱਥੇ ਬੀ ਐਸ ਐਫ ਦੇ ਜਵਾਨਾਂ ਵੱਲੋਂ ਸਲਾਮੀ ਦਿੰਦੇ ਹੋਏ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੋਕੇ ਵੱਡੀ ਗਿੱਣਤੀ'ਚ ਬੀ ਐਸ ਐਫ ਦੇ ਅਧਿਕਾਰੀਆਂ ਤੋਂ ਇਲਾਵਾ ਪ੍ਰਸ਼ਾਨਿਕ ਅਧਿਕਾਰੀ ਰਿਸ਼ਤੇਦਾਰ ਅਤੇ ਸਕੇ ਸਬੰਧੀ ਮੌਜੂਦ ਸਨ ਅਤੇ ਹਰ ਅੱਖ ਨਮ ਦਿਖਾਈ ਦੇ ਰਹੀ ਸੀ। ਜਤਿੰਦਰ ਸਿੰਘ ਆਪਣੇ ਪਿੱਛੇ ਪਿਤਾ ਤੋਂ ਇਲਾਵਾ ਪਤਨੀ ਅਤੇ ਬੇਟੀ ਤੇ ਬੇਟਾ ਛੱਡ ਗਿਆ ਹੈ।ਇਸ ਸਬੰਧੀ ਸ਼ੋਕ'ਚ ਡੁੱਬੇ ਪਰਿਵਾਰਕ ਮੈਂਬਰਾਂ ਜਿੰਨਾਂ'ਚ ਪਤਨੀ ਸੁਖਬੀਰ ਕੌਰ, ਪਿਤਾ ਮੰਗਲ ਸਿੰਘ ਅਤੇ ਭਰਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਜਤਿੰਦਰ ਸਿੰਘ ਜੋ ਕਿ ਲੱਖਨੋਰ ਕੈਂਪ ਸੈਕਟਰ 91 ਐਸ ਏ ਐਸ ਮੋਹਾਲੀ ਵਿਖੇ ਤਾਇਨਾਤ ਸੀ ਜਿਸ ਦੀ ਡਿਊਟੀ ਦੌਰਾਣ ਮੌਤ ਹੋ ਗਈ ਹੈ। ਉਨਾਂ ਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਮੰਗ ਕਰਦੇ ਹੋਏ ਕਿਹਾ ਕਿ ਉਨਾਂ ਨੂੰ ਪੰਜਾਬ ਸਰਕਾਰ ਵੱਲੋਂ ਬਣਦੀ ਹਰ ਤਰਾਂ ਦੀ ਸਹਾਇਤਾ ਦਿੱਤੀ ਜਾਵੇ।

# ਅਕਸ਼ੈ ਸ਼ਰਮਾ ਦੀ ਸੇਵਾ ਸਭਾ ਦੇ ਦੂਜੇ ਐਤਵਾਰ ਨੂੰ ਉਮੜਿਆ ਜਨਸੈਲਾਬ, ਸੈਂਕੜਿਆਂ ਲੋਕਾਂ ਨੇ ਸਾਂਝੀਆਂ ਕੀਤੀਆਂ ਆਪਣੀਆਂ ਸਮੱਸਿਆਵਾਂ




ਅੰਮ੍ਰਿਤਸਰ, 9 ਨਵੰਬਰ (ਰਾਜੇਸ਼ ਡੈਨੀ): ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਖੇਤਰ ਵਿੱਚ ਭਾਜਪਾ ਨੇਤਾ ਅਕਸ਼ੈ ਸ਼ਰਮਾ ਵੱਲੋਂ ਸ਼ੁਰੂ ਕੀਤੀ ਗਈ ਸੇਵਾ ਸਭਾ ਦੇ ਦੂਜੇ ਐਤਵਾਰ ਨੂੰ ਲੋਕਾਂ ਦਾ ਵੱਡਾ ਜਮਾਵੜਾ ਦੇਖਣ ਨੂੰ ਮਿਲਿਆ। ਇਸ ਦੌਰਾਨ ਸੈਂਕੜੇ ਲੋਕ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਨ ਪਹੁੰਚੇ ਅਤੇ ਖੇਤਰ ਨਾਲ ਸੰਬੰਧਤ ਕਈ ਮੁੱਦਿਆਂ 'ਤੇ ਗੱਲਬਾਤ ਕੀਤੀ। ਇਸ ਮੌਕੇ 'ਤੇ ਜ਼ਿਆਦਾਤਰ ਲੋਕਾਂ ਨੇ ਸਿਹਤ, ਸਿੱਖਿਆ ਅਤੇ ਰਹਾਇਸ਼ ਨਾਲ ਸੰਬੰਧਿਤ ਮੁੱਦੇ ਉਠਾਏ। ਕਈ ਪਰਿਵਾਰਾਂ ਨੇ ਇਲਾਕੇ ਵਿੱਚ ਸਿਹਤ ਸਹੂਲਤਾਂ ਦੀ ਕਮੀ, ਸਕੂਲਾਂ ਦੀ ਹਾਲਤ ਅਤੇ ਘਰਾਂ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਗੱਲ ਕੀਤੀ। ਭਾਜਪਾ ਨੇਤਾ ਅਕਸ਼ੈ ਸ਼ਰਮਾ ਨੇ ਲੋਕਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਹਰ ਸਮੱਸਿਆ ਦੇ ਹੱਲ ਦਾ ਭਰੋਸਾ ਦਿੱਤਾ। ਉਹਨਾਂ ਨੇ ਕਿਹਾ ਕਿ ਸੇਵਾ ਸਭਾ ਦਾ ਮਕਸਦ ਖੇਤਰ ਦੇ ਨਿਵਾਸੀਆਂ ਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਪੱਧਰ 'ਤੇ ਸੁਣਨਾ ਤੇ ਉਨ੍ਹਾਂ ਦਾ ਤੁਰੰਤ ਹੱਲ ਕਰਵਾਉਣਾ ਹੈ। ਅਕਸ਼ੈ ਸ਼ਰਮਾ ਨੇ ਸਪਸ਼ਟ ਕਿਹਾ ਕਿ ਜਿਹੜੀਆਂ ਸਮੱਸਿਆਵਾਂ ਸਥਾਨਕ ਪੱਧਰ 'ਤੇ ਹੱਲ ਹੋ ਸਕਦੀਆਂ ਹਨ, ਉਹ ਮੈਂ ਖੁਦ ਹੱਲ ਕਰਾਂਗਾ, ਅਤੇ ਜਿਹੜੀਆਂ ਪ੍ਰਸ਼ਾਸਨਿਕ ਪੱਧਰ ਦੀਆਂ ਹੋਣਗੀਆਂ, ਉਹਨਾਂ ਨੂੰ ਸੰਬੰਧਿਤ ਵਿਭਾਗਾਂ ਤੱਕ ਪਹੁੰਚਾਇਆ ਜਾਵੇਗਾ ਪਰ ਹਰ ਸਮੱਸਿਆ ਦਾ ਹੱਲ ਜ਼ਰੂਰ ਕੀਤਾ ਜਾਵੇਗਾ। ਸਿੱਖਿਆ ਦੇ ਮੁੱਦੇ 'ਤੇ ਗੱਲ ਕਰਦਿਆਂ ਉਹਨਾਂ ਨੇ ਕਿਹਾ ਕਿ ਸਾਡੇ ਖੇਤਰ ਵਿੱਚ ਸਿੱਖਿਆ ਦਾ ਮਿਆਰ ਵਧੀਆ ਹੋਣਾ ਚਾਹੀਦਾ ਹੈ। ਜਦ ਤਕ ਇਹ ਸੁਧਾਰ ਨਹੀਂ ਹੁੰਦਾ, ਮੈਂ ਆਪਣੇ ਪੱਧਰ 'ਤੇ ਬੱਚਿਆਂ ਦੇ ਦਾਖਲੇ ਕਰਵਾ ਰਿਹਾ ਹਾਂ, ਤਾਂ ਜੋ ਕੋਈ ਵੀ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹੇ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ, ਬਜ਼ੁਰਗ ਤੇ ਨੌਜਵਾਨ ਹਾਜ਼ਰ ਸਨ। ਲੋਕਾਂ ਨੇ ਇਸ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਸੇਵਾ ਸਭਾ ਲੋਕਾਂ ਦੀ ਆਵਾਜ਼ ਨੂੰ ਉਨ੍ਹਾਂ ਦੇ ਪ੍ਰਤਿਨਿਧੀ ਤੱਕ ਸਿੱਧਾ ਪਹੁੰਚਾਉਣ ਦਾ ਪ੍ਰਭਾਵਸ਼ਾਲੀ ਸਾਧਨ ਬਣ ਚੁੱਕੀ ਹੈ। ਅਕਸ਼ੈ ਸ਼ਰਮਾ ਨੇ ਕਿਹਾ ਕਿ ਲੋਕਾਂ ਦਾ ਭਰੋਸਾ ਹੀ ਉਹਨਾਂ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਉਹ ਹਰ ਵੇਲੇ ਲੋਕਾਂ ਦੀ ਸੇਵਾ ਲਈ ਤਿਆਰ ਰਹਿਣਗੇ।

# ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਡੇਰਾ ਬਾਬਾ ਨਾਨਕ ਤੋਂ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਲਈ ਹੋਇਆ ਰਵਾਨਾ



ਅੰਮ੍ਰਿਤਸਰ, 9 ਨਵੰਬਰ (ਮੋਹਕਮ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਅਗਲੇ ਪੜਾਅ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਲਈ ਰਵਾਨਾ ਹੋਇਆ। ਇਸ ਮੌਕੇ ਸਜੇ ਧਾਰਮਿਕ ਦੀਵਾਨ ਮੌਕੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਇਤਿਹਾਸ ਦੀ ਸਾਂਝ ਪਾਈ। ਉਨ੍ਹਾਂ ਕਿਹਾ ਕਿ ਸ਼ਤਾਬਦੀ ਨੂੰ ਸਮਰਪਿਤ ਆਰੰਭ ਹੋਏ ਸ਼ਹੀਦੀ ਨਗਰ ਕੀਰਤਨ ਪ੍ਰਤੀ ਸੰਗਤਾਂ ਦਾ ਉਤਸ਼ਾਹ ਗੁਰੂ ਸਾਹਿਬ ਪ੍ਰਤੀ ਸਮਰਪਣ ਭਾਵਨਾ ਦਾ ਪ੍ਰਤੀਕ ਹੈ। ਸ਼ਤਾਬਦੀ ਦਿਹਾੜੇ ਸਿੱਖ ਕੌਮ ਲਈ ਅਹਿਮ ਮਹੱਤਤਾ ਰੱਖਦੇ ਹਨ ਅਤੇ ਇਸ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰਨਾ ਹਰ ਸਿੱਖ ਦਾ ਫਰਜ ਹੈ।ਨਗਰ ਕੀਰਤਨ ਦੀ ਰਵਾਨਗੀ ਮੌਕੇ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼ੁਸ਼ੋਭਿਤ ਕਰਨ ਦੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਨਿਭਾਈ। ਰਸਤੇ ਵਿਚ ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸ. ਸੁੱਚਾ ਸਿੰਘ ਲੰਗਾਹ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜੋਗਿੰਦਰ ਕੌਰ, ਵਧੀਕ ਸਕੱਤਰ ਸ. ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ, ਇੰਚਾਰਜ ਸ. ਸੁਖਦੀਪ ਸਿੰਘ, ਚੀਫ਼ ਸ. ਜਗਦੀਸ਼ ਸਿੰਘ ਬੁੱਟਰ, ਮੈਨੇਜਰ ਸ. ਸਤਨਾਮ ਸਿੰਘ ਗੋਸਲ, ਸ. ਰਣਜੀਤ ਸਿੰਘ ਕਲਿਆਣਪੁਰ, ਸ. ਸਰਬਜੀਤ ਸਿੰਘ, ਸ. ਗੁਰਦੇਵ ਸਿੰਘ ਧਾਰੋਵਾਲੀ, ਸ. ਹਰਸਿਮਰਨ ਸਿੰਘ, ਸ. ਰਜਿੰਦਰ ਸਿੰਘ ਵੈਰੋਕੇ, ਸ. ਧਰਮਪਾਲ ਸਿੰਘ, ਸ. ਬਲਵਿੰਦਰ ਸਿੰਘ ਢਿੱਲਵਾਂ, ਸ. ਜੋਗਾ ਸਿੰਘ, ਪ੍ਰਚਾਰਕ ਭਾਈ ਹਰਪਾਲ ਸਿੰਘ, ਭਾਈ ਹਿੰਮਤਬੀਰ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਬੰਬੇ ਨਗਰ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ



ਜਲੰਧਰ, 09 ਨਵੰਬਰ (ਕੰਵਲਜੀਤ ਸਿੰਘ ਮੱਕੜ) ਅੱਜ ਮਿਤੀ 09 ਨਵੰਬਰ 2025 (ਐਤਵਾਰ) ਨੂੰ ਗੁਰਦੁਆਰਾ ਸਾਹਿਬ ਬੰਬੇ ਨਗਰ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਪਵਿੱਤਰ ਅਵਸਰ ਉੱਤੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਏ ਗਏ, ਜਿਸ ਤੋਂ ਬਾਅਦ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ। ਕੀਰਤਨ ਦਰਬਾਰ ਦੀ ਰੌਹਾਨੀ ਛੋ ਪ੍ਰਾਪਤ ਹੋਈ ਜਿਸ ਨਾਲ ਕੀਰਤਨ ਦਰਬਾਰ ਦੌਰਾਨ ਸੰਗਤ ਨੇ ਬੜੇ ਉਤਸਾਹ ਨਾਲ ਗੁਰੂ ਕੀ ਬਾਣੀ ਦਾ ਰਸ ਪਿਆ ਅਨੰਦ ਮਾਣਿਆ। ਭਾਈ ਸਾਹਿਬ ਸੋਹਣ ਸਿੰਘ ਜੀ ਅਤੇ ਜੱਥੇ ਨੇ ਸਵੇਰੇ 10:00 ਤੋਂ 11:00 ਵਜੇ ਤੱਕ ਕੀਰਤਨ ਸੇਵਾ ਨਿਭਾਈ ਅਤੇ ਭਾਈ ਪ੍ਰੀਤ ਸਿੰਘ ਜੀ ਅਤੇ ਜੱਥੇ ਨੇ 11:00 ਤੋਂ 12:00 ਵਜੇ ਤੱਕ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਫਿਰ ਇਸ ਤੋਂ ਬਾਅਦ ਭਾਈ ਬ੍ਰਹਮਜੋਤ ਸਿੰਘ ਜੀ ਅਤੇ ਜੱਥੇ ਨੇ 12:00 ਤੋਂ 01:00 ਵਜੇ ਤੱਕ ਸੁਰੀਲੀ ਬਾਣੀ ਰਾਹੀਂ ਰਸ ਪਿਆ ਕੀਰਤਨ ਨਾਲ ਸਮਾਗਮ ਨੂੰ ਚਰਮ ਤੇ ਪਹੁੰਚਾਇਆ। ਕੀਰਤਨ ਉਪਰੰਤ ਅਰਦਾਸ ਤੇ ਸਮਾਪਤੀ ਹੋਈ, ਜਿਸ ਤੋਂ ਬਾਅਦ ਗੁਰੂ ਕਾ ਲੰਗਰ ਸੰਗਤ ਨੂੰ ਵਰਤਾਇਆ ਗਿਆ। ਇਸ ਪਵਿੱਤਰ ਸਮਾਗਮ ਵਿੱਚ ਇਲਾਕੇ ਦੀ ਸਾਧ ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਗੁਰਬਾਣੀ ਦਾ ਅਨੰਦ ਮਾਣਿਆ।

# ਹਲਕਾ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਜਸਬੀਰ ਸਿੰਘ ਗੜ੍ਹੀ ਚੇਅਰਮੈਨ ਜੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ



ਬਲਾਚੌਰ, 9 ਅਕਤੂਬਰ (ਤਜਿੰਦਰ ਜੋਤ) ਪੰਜਾਬ ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਜੀ ਦੇ ਜਨਮਦਿਨ ਦੇ ਖੁਸ਼ੀ ਦੇ ਮੌਕੇ ਤੇ, ਬਲਾਚੌਰ ਹਲਕੇ ਦੇ ਐਮਐਲਏ ਬੀਬੀ ਸੰਤੋਸ਼ ਕਟਾਰੀਆ ਜੀ ਨੇ ਆਪਣੇ ਸਮੂਹ ਸਾਥੀਆਂ ਨਾਲ ਮਿਲ ਕੇ ਉਹਨਾਂ ਨੂੰ ਐਮਐਲਏ ਦਫ਼ਤਰ ਵਿਖੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਖਾਸ ਸਮਾਗਮ ਵਿੱਚ ਬੀਬੀ ਕਟਾਰੀਆ ਜੀ ਨੇ ਜਸਵੀਰ ਸਿੰਘ ਗੜ੍ਹੀ ਦੀ ਲੰਬੀ ਉਮਰ ਦੀ ਕਾਮਨਾ ਕਰਦਿਆਂ ਕੇਕ ਕੱਟਿਆ ਅਤੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਬੋਲਦਿਆਂ ਐਮਐਲਏ ਬੀਬੀ ਸੰਤੋਸ਼ ਕਟਾਰੀਆ ਨੇ ਜਸਵੀਰ ਸਿੰਘ ਗੜ੍ਹੀ ਜੀ ਦੀ ਕਾਰਜਸ਼ੈਲੀ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ: 'ਪੰਜਾਬ ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਜੀ ਦਾ ਜਨਮਦਿਨ ਅੱਜ ਸਾਡੇ ਸਾਰਿਆਂ ਲਈ ਖੁਸ਼ੀ ਦਾ ਮੌਕਾ ਹੈ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਉਮਰ, ਬਲ, ਬੁੱਧੀ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਦੇ ਵੇਗ ਵਿੱਚ ਹੋਰ ਵਾਧਾ ਕਰੇ।' ਜਸਵੀਰ ਸਿੰਘ ਗੜ੍ਹੀ ਨੇ ਹਮੇਸ਼ਾ ਦੱਬੇ-ਕੁਚਲੇ ਅਤੇ ਗਰੀਬ ਵਰਗ ਦੇ ਹੱਕਾਂ ਦੀ ਲੜਾਈ ਲੜੀ ਹੈ ਅਤੇ ਉਹਨਾਂ ਲਈ ਇਨਸਾਫ਼ ਦੀ ਆਵਾਜ਼ ਬਣ ਕੇ ਖੜ੍ਹੇ ਹੋਏ ਹਨ। ਉਹਨਾਂ ਦਾ ਇਹ ਸਮਰਪਣ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਅਸੀਂ ਅੱਜ ਉਹਨਾਂ ਦੇ ਸਿਹਤਮੰਦ ਜੀਵਨ ਅਤੇ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।ਸਮੂਹ ਸਾਥੀਆਂ ਨੇ ਵੀ ਜਸਵੀਰ ਸਿੰਘ ਗੜ੍ਹੀ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਹਨਾਂ ਦੇ ਜਨਮਦਿਨ ਦੀ ਵਧਾਈ ਦਿੱਤੀ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਜਸਵੀਰ ਗੜ੍ਹੀ ਦੇ ਨਾਲ ਆਏ ਸਾਥੀਆਂ ਨੂੰ ਵੀ ਸਿਰੋਪਾ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਜਸਵੀਰ ਸਿੰਘ ਗੜ੍ਹੀ ਨੇ ਸਾਰਿਆਂ ਹੀ ਸਾਥੀਆਂ ਦਾ ਇੰਨਾ ਮਾਣ ਸਤਿਕਾਰ ਬਖਸ਼ਣ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਮੌਕੇ ਸਮੂਹ ਐਮ ਸੀ ਸਹਿਬਾਨ ਅਤੇ ਸਮੂਹ ਵਲੰਟੀਅਰ ਹਾਜਰ ਸਨ

# ਅੰਮ੍ਰਿਤਸਰ ਵਿੱਚ ਚੋਰੀ ਚਕਾਰੀ ਦੀਆਂ ਵਾਰਦਾਤਾਂ ਚਰਮ ਤੇ, ਪੁਲਿਸ ਸੁਸਤ, ਚੋਰਾਂ ਦੀ ਚੜ੍ਹਾਈ



ਅੰਮ੍ਰਿਤਸਰ, 9 ਨਵੰਬਰ (ਰਾਜੇਸ਼ ਡੈਨੀ) ਸ਼ਹਿਰ ਅੰਮ੍ਰਿਤਸਰ 'ਚ ਲੁੱਟਾਂ, ਚੋਰੀ ਚਕਾਰੀ ਤੇ ਗੁੰਡਾਗਰਦੀ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ, ਜਦਕਿ ਪੁਲਿਸ ਸੁਸਤ ਨਜ਼ਰ ਆ ਰਹੀ ਹੈ। ਸ਼ਹਿਰ ਵਾਸੀਆਂ ਵਿੱਚ ਖੌਫ ਦਾ ਮਾਹੌਲ ਬਣਿਆ ਹੋਇਆ ਹੈ ਕਿਉਂਕਿ ਚੋਰਾਂ ਦੀ ਚੜ੍ਹਾਈ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ। ਤਾਜ਼ਾ ਮਾਮਲੇ 'ਚ, ਚੋਰਾਂ ਨੇ ਸ਼ਹਿਰ ਦੇ ਇਕ ਇਲਾਕੇ 'ਚੋਂ ਇੱਕ ਬੈਟਰੀ ਰਿਕਸ਼ਾ ਚੋਰੀ ਕਰ ਲਿਆ। ਚੋਰੀ ਤੋਂ ਬਾਅਦ, ਚੋਰਾਂ ਨੇ ਉਸ ਰਿਕਸ਼ੇ ਨੂੰ ਪਿੰਡ ਇਬਣ ਕਲਾਂ ਵੱਲ ਲਿਜਾ ਕੇ ਖੋਲ੍ਹ ਦਿੱਤਾ। ਉੱਥੇ ਜਾ ਕੇ ਉਨ੍ਹਾਂ ਨੇ ਰਿਕਸ਼ੇ ਦੀ ਬੈਟਰੀ ਕੱਢ ਲਈ ਤੇ ਟਾਇਰ ਵੀ ਉਤਾਰ ਲਏ, ਜਿਸ ਤੋਂ ਬਾਅਦ ਪੂਰਾ ਰਿਕਸ਼ਾ ਥਾਂ ਤੇ ਹੀ ਛੱਡ ਦਿੱਤਾ ਗਿਆ। ਇਹ ਵਾਰਦਾਤ ਨਾ ਸਿਰਫ਼ ਚੋਰਾਂ ਦੇ ਹੌਸਲੇ ਬੁਲੰਦ ਹੋਣ ਦੀ ਨਿਸ਼ਾਨੀ ਹੈ, ਸਗੋਂ ਪੁਲਿਸ ਦੀ ਲਾਪਰਵਾਹੀ ਵੀ ਸਾਫ਼ ਦਰਸਾਉਂਦੀ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਲਾਕੇ 'ਚ ਰਾਤ ਦੇ ਸਮੇਂ ਪੁਲਿਸ ਪਹਿਰੇਦਾਰੀ ਨਾ ਦੇ ਬਰਾਬਰ ਹੈ, ਜਿਸ ਕਰਕੇ ਚੋਰ ਬੇਖੌਫ਼ੀ ਨਾਲ ਘੁੰਮ ਰਹੇ ਹਨ। ਨਗਰ ਨਿਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚ ਰਾਤਰੀ ਪਹਿਰੇਦਾਰੀ ਨੂੰ ਮਜ਼ਬੂਤ ਕੀਤਾ ਜਾਵੇ ਤੇ ਚੋਰਾਂ ਨੂੰ ਜਲਦ ਕਾਬੂ ਕੀਤਾ ਜਾਵੇ, ਤਾਂ ਜੋ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

# ਦਸੂਹਾ ਦੇ ਪ੍ਰਜਾਪਤ ਭਾਈਚਾਰੇ ਦੀ ਮੀਟਿੰਗ ਹੋਈ



ਦਸੂਹਾ 09 ਨਵੰਬਰ (ਰਜਿੰਦਰ ਸਿੰਘ) ਇਥੇ ਹਲਕਾ ਦਸੂਹਾ ਦੇ ਪ੍ਰਜਾਪਤ ਭਾਈਚਾਰੇ ਦੀ ਜੱਥੇਬੰਦੀ ਸ੍ਰੀ ਦਕਸ਼ ਪ੍ਰਜਾਪਤੀ ਵੈਲਫੇਅਰ ਸੁਸਾਇਟੀ ਦੀ ਬੈਠਕ ਪ੍ਰਧਾਨ ਜਸਵੰਤ ਸਿੰਘ ਪੱਪੂ ਸੋਹਲ ਤੇ ਚੇਅਰਮੈਨ ਸੁੱਚਾ ਸਿੰਘ ਲੂਫਾ ਦੀ ਅਗਵਾਈ ਹੇਠ ਹੋਈ। ਬੈਠਕ ਵਿੱਚ ਇਲਾਕੇ ਅੰਦਰ ਦਿਨੋ ਦਿਨ ਵੱਧ ਰਹੀ ਅਣਪਛਾਤੇ ਪ੍ਰਵਾਸੀਆਂ ਦੀਆਂ ਨਫਰੀ 'ਤੇ ਚਿੰਤਾ ਜ਼ਾਹਰ ਕਰਦਿਆ ਆਗੂਆਂ ਨੇ ਕਿਹਾ ਕਿ ਬਾਹਰਲੇ ਸੂਬਿਆਂ ਤੋਂ ਪ੍ਰਵਾਸੀ ਵੱਡੀ ਗਿਣਤੀ 'ਚ ਦਸੂਹਾ ਇਲਾਕੇ 'ਚ ਸਥਾਪਿਤ ਹੋ ਰਹੇ ਹਨ। ਜਿਨਾਂ ਵਿੱਚੋਂ ਕਈਆਂ ਦਾ ਅਪਰਾਧਿਕ ਪਿਛਕੋੜ ਹੁੰਦਾ ਹੈ ਅਤੇ ਪੁਲੀਸ ਤਸਦੀਕ ਨਾ ਹੋਣ ਕਾਰਨ ਉਹ ਕਤਲ, ਬਲਾਤਕਾਰ, ਲੁੱਟਾਂ-ਖੋਹਾਂ ਤੇ ਗੈਰਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਸਕੱਤਰ ਜੇ.ਐਸ ਮੱਲੀ ਤੇ ਪ੍ਰਜਾਪਤ ਸਭਾ ਦੇ ਪ੍ਰਧਾਨ ਚਮਨ ਲਾਲ ਜੰਬਾ ਨੇ ਕਿਹਾ ਕਿ ਬਿਨਾ ਪੁਲੀਸ ਪੜਤਾਲ ਤੋਂ ਅਣਪਛਾਤੇ ਪ੍ਰਵਾਸੀਆਂ ਦੀ ਆਮਦ ਇਕ ਅਜਿਹੇ ਸੰਭਵਿਤ ਖਤਰੇ ਦੀ ਘੰਟੀ ਹੈ। ਜਿਸ ਦਾ ਖਾਮਿਆਜ਼ਾ ਸਮੁੱਚੇ ਇਲਾਕੇ ਨੂੰ ਭੁਗਤਣਾ ਪੈ ਸਕਦਾ ਹੈ।ਇਸ ਮੌਕੇ ਅੰਗਰੇਜ਼ ਸਿੰਘ, ਕਾਕਾ ਜੋਹਰ, ਗੋਪਾਲ ਸਿੰਘ, ਬਾਊ ਰਾਮ, ਗੁਰਮੀਤ ਸਿੰਘ ਕਾਲਾ, ਕਸ਼ਮੀਰੀ ਲਾਲ, ਸੂਰਤੀ ਲਾਲ ਮੌਜੂਦ ਸਨ।

# ਸ੍ਰੀ ਸ਼ਿਵ-ਦੁਰਗਾ ਮੰਦਰ ਵਿੱਚ ਸ੍ਰੀਮਦ ਭਗਵਤ ਮਹਾ ਪ੍ਰਾਣ ਕਥਾ ਦੀ ਸ਼ੋਭਾ ਯਾਤਰਾ ਕੱਢੀ ਗਈ



ਬਟਾਲਾ, 9 ਨਵੰਬਰ (ਸੰਜੀਵ ਨਈਅਰ, ਐਸ ਕੇ ਮਹਾਜਨ): ਅੱਜ ਸ੍ਰੀ ਸ਼ਿਵ ਦੁਰਗਾ ਮੰਦਰ ਵਿਖੇ ਸ੍ਰੀਮਦ ਭਗਵਤ ਮਹਾ ਪ੍ਰਾਣ ਕਥਾ ਦੇ ਆਰੰਭ ਉੱਤੇ ਇੱਕ ਵਿਸ਼ਾਲ ਅਤੇ ਭਾਵੁਕ ਸ਼ੋਭਾ ਯਾਤਰਾ ਕੱਢੀ ਗਈ, ਜਿਸ ਨੇ ਪੂਰੇ ਇਲਾਕੇ ਦਾ ਧਾਰਮਿਕ ਮਾਹੌਲ ਰੌਸ਼ਨ ਕਰ ਦਿੱਤਾ। ਇਸ ਮੌਕੇ ਮਹਿਲਾਵਾਂ ਨੇ ਪਰੰਪਰਿਕ ਪੋਸ਼ਾਕਾਂ ਪਾ ਕੇ ਕਲਸ਼ ਸਿਰ ਉੱਤੇ ਧਾਰ ਕਰ ਭਗਵਾਨ ਪ੍ਰਤੀ ਆਪਣੀ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸੰਕੀਰਤਨ, ਭਜਨ ਅਤੇ ਆਰਤੀ ਦੇ ਸੁਰਾਂ ਨਾਲ ਗੂੰਜਦਾ ਇਹ ਸਮਾਗਮ ਸਨਾਤਨ ਸੰਸਕ੍ਰਿਤ ਅਤੇ ਆਸਥਾ ਦਾ ਪ੍ਰਤੀਕ ਬਣ ਗਿਆ। ਸ਼ੋਭਾ ਯਾਤਰਾ ਦੀ ਅਗਵਾਈ ਪੂਜਨਯ ਬਿਆਸੀ ਸ੍ਰੀ ਓਮ ਪ੍ਰਕਾਸ਼ ਸ਼ਾਸਤ੍ਰੀ ਜੀ ਵੱਲੋਂ ਕੀਤੀ ਗਈ, ਜਦਕਿ ਸ੍ਰੀ ਸ਼ਿਵ ਦੁਰਗਾ ਮੰਦਰ ਕਮੇਟੀ ਅਤੇ ਸਮੂਹ ਮਾਲਾ ਨਿਵਾਸੀਆਂ ਨੇ ਇਸ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਮਾਤਾ ਸ਼ਕਤੀ ਦੀ ਬੇਹਦ ਗਿਣਤੀ ਅਤੇ ਉਨ੍ਹਾਂ ਦੇ ਭਾਵਨਾਤਮਕ ਭਜਨ-ਸਮੂਹ ਨੇ ਇਸ ਯਾਤਰਾ ਦੀ ਸ਼ੋਭਾ ਹੋਰ ਵਧਾ ਦਿੱਤੀ।

ਸ੍ਰੀ ਓਮ ਪ੍ਰਕਾਸ਼ ਸ਼ਾਸਤ੍ਰੀ ਜੀ ਨੇ ਇਸ ਮੌਕੇ ਕਿਹਾ ਕਿ ਸ੍ਰੀਮਦ ਭਗਵਤ ਮਹਾ ਪ੍ਰਾਣ ਕਥਾ ਮਨੁੱਖ ਨੂੰ ਭਗਵਾਨ ਨਾਲ ਜੋੜਦੀ ਹੈ ਅਤੇ ਸੱਚੇ ਜੀਵਨ ਦੇ ਮਾਰਗ 'ਤੇ ਚਲਣ ਦੀ ਪ੍ਰੇਰਣਾ ਦਿੰਦੀ ਹੈ। ਭਗਵਾਨ ਸ੍ਰੀ ਕ੍ਰਿਸ਼ਣ ਦੀ ਕਥਾ ਸੁਣਨਾ ਸਿਰਫ਼ ਧਾਰਮਿਕ ਨਹੀਂ, ਬਲਕਿ ਆਤਮਿਕ ਜਾਗਰੂਕਤਾ ਦਾ ਮਾਧਿਅਮ ਹੈ। ਯਾਤਰਾ ਮਗਰੋਂ ਭਗਤਾਂ ਨੂੰ ਆਉਣ ਵਾਲੇ ਕਥਾ ਪ੍ਰੋਗਰਾਮਾਂ ਦੇ ਸਮਾਂ-ਸੂਚੀ ਦੀ ਜਾਣਕਾਰੀ ਦਿੱਤੀ ਗਈ ਸ੍ਰੀਮਦ ਭਗਵਤ ਮਹਾ ਪ੍ਰਾਣ ਕਥਾ 9 ਨਵੰਬਰ ਤੋਂ 15 ਨਵੰਬਰ ਤੱਕ ਰੋਜ਼ਾਨਾ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ। ਹਰ ਰੋਜ਼ ਕਥਾ ਵਿੱਚ ਸ੍ਰੀ ਓਮ ਪ੍ਰਕਾਸ਼ ਸ਼ਾਸਤ੍ਰੀ ਜੀ ਸ੍ਰੀਮਦ ਭਗਵਤ ਦੇ ਵੱਖ-ਵੱਖ ਸਕੰਧਾਂ ਦਾ ਵਿਵਰਣ ਕਰਕੇ ਜੀਵਨ ਦੇ ਆਧਿਆਤਮਿਕ ਪੱਖ ਨੂੰ ਉਜਾਗਰ ਕਰਨਗੇ। ਸਥਾਨਕ ਨਿਵਾਸੀਆਂ ਵੱਲੋਂ ਮੰਦਰ ਪ੍ਰਬੰਧਨ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਭਗਤਾਂ ਲਈ ਸਫਾਈ, ਪ੍ਰਸਾਦ ਅਤੇ ਬੈਠਕ ਦੀਆਂ ਵਿਵਸਥਾਵਾਂ ਦੀ ਵਡਿਆਈ ਕੀਤੀ ਗਈ। ਬੱਚਿਆਂ ਅਤੇ ਨੌਜਵਾਨਾਂ ਨੇ ਵੀ ਭਗਤੀਮਈ ਕੀਰਤਨ ਨਾਲ ਸਮਾਗਮ ਵਿੱਚ ਉਤਸ਼ਾਹ ਭਰਿਆ। ਮਹਿਲਾਵਾਂ ਦੇ ਰੰਗੀਨ ਵੇਸ਼, ਫੁੱਲਾਂ ਨਾਲ ਸਜਾਏ ਕਲਸ਼ ਅਤੇ ਮੰਗਲ ਗੀਤਾਂ ਨਾਲ ਗੂੰਜਦਾ ਇਹ ਦ੍ਰਿਸ਼ ਮਾਨੋ ਸਨਾਤਨ ਸੰਸਕ੍ਰਿਤੀ ਦਾ ਜੀਵੰਤ ਪ੍ਰਤੀਕ ਸੀ। ਕਈ ਸਥਾਨਕ ਲੋਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਮਾਜ ਨੂੰ ਇੱਕਤਾ ਦੇ ਧਾਗੇ ਵਿੱਚ ਜੋੜਦੇ ਹਨ ਅਤੇ ਭਗਵਾਨ ਪ੍ਰਤੀ ਆਸਥਾ ਨੂੰ ਹੋਰ ਮਜ਼ਬੂਤ ਕਰਦੇ ਹਨ। ਸ੍ਰੀ ਸ਼ਿਵ ਦੁਰਗਾ ਮੰਦਰ ਵਿਖੇ ਚੱਲ ਰਹੀ ਇਹ ਭਗਵਤ ਕਥਾ ਅਗਲੇ ਇੱਕ ਹਫ਼ਤੇ ਤੱਕ ਭਗਤੀਮਈ ਮਹੌਲ ਬਣਾਈ ਰੱਖੇਗੀ ਜਿੱਥੇ ਹਰ ਦਿਨ ਸ਼ਾਮ ਨੂੰ ਭਗਤ ਰੂਹਾਨੀ ਆਨੰਦ ਦਾ ਅਨੁਭਵ ਕਰਨਗੇ।

# ਸੰਗਤਾਂ ਵੱਲੋਂ ਕੀਤੇ 25 ਹਜਾਰ ਸਹਿਜ ਪਾਠਾਂ ਦੇ ਸਮੂਹਿਕ ਰੂਪ 'ਚ ਪਾਏ ਭੋਗ



ਅੰਮ੍ਰਿਤਸਰ, 9 ਨਵੰਬਰ (ਮੋਹਕਮ ਸਿੰਘ) ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁੱਖੀ ਬਾਬਾ ਜੋਗਾ ਸਿੰਘ ਸਮੇਤ ਪ੍ਰਮੁੱਖ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਖੁੱਲੇ ਪੰਡਾਲ ਵਿੱਚ ਸਜੇ ਧਾਰਮਿਕ ਦੀਵਾਨ ਦੌਰਾਨ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਅਤੇ ਆਸਟ੍ਰੇਲੀਆ ਦੀ ਸਹਿਜ ਪਾਠ ਸੇਵਾ ਸੰਸਥਾ ਵੱਲੋਂ ਸੰਗਤ ਦੇ ਸਹਿਯੋਗ ਨਾਲ ਦੇਸ਼ ਦੁਨੀਆ ਅੰਦਰ ਆਰੰਭ ਕਰਵਾਏ ਗਏ 25 ਹਜ਼ਾਰ ਦੇ ਕਰੀਬ ਸਾਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕਰਕੇ ਪਾਵਨ ਗੁਰਬਾਣੀ ਦੇ ਪਾਠ ਕੀਤੇ ਤੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ।

ਸਮਾਗਮ ਦੌਰਾਨ ਰਾਗੀ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਨੇ ਵੀ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਇਸ ਦੌਰਾਨ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਿਰਫ ਸਿੱਖ ਇਤਿਹਾਸ ਦਾ ਹੀ ਨਹੀਂ, ਸਗੋਂ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਮਾਨਵੀ ਕਦਰਾਂ-ਕੀਮਤਾਂ ਦੀ ਰਖਵਾਲੀ ਲਈ ਇਕ ਅਦੁੱਤੀ ਘਟਨਾ ਵਜੋਂ ਦਰਜ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ 21 ਨਵੰਬਰ ਤੋਂ 29 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਿਥੇ ਵਿਸੇਸ਼ ਸਮਾਗਮ ਕੀਤੇ ਜਾਣੇ ਹਨ ਉਥੇ ਹੀ ਇਸ ਇਤਿਹਾਸਕ ਮੌਕੇ ਨਾਲ ਸੰਗਤਾਂ ਨੂੰ ਜੋੜਨ ਵਾਸਤੇ ਘਰ ਘਰ ਅੰਦਰ ਸਹਿਜ ਪਾਠ ਕਰਨ ਦੀ ਮੁਹਿੰਮ ਵਿੱਢੀ ਗਈ ਸੀ। ਜਿਸ ਤਹਿਤ ਅੱਜ 25 ਹਜਾਰ ਦੇ ਕਰੀਬ ਸੰਗਤਾਂ ਵੱਲੋਂ ਕੀਤੇ ਗਏ ਸਹਿਜ ਪਾਠਾਂ ਦੇ ਸਮੂਹਿਕ ਰੂਪ ਵਿਚ ਭੋਗ ਪਾ ਕੇ ਸੰਪੂਰਨਤਾ ਕੀਤੀ ਗਈ ਹੈ। ਇਸ ਦੇ ਦੂਜੇ ਪੜਾਅ ਤਹਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ 16 ਨਵੰਬਰ ਨੂੰ 35 ਹਜ਼ਾਰ ਦੇ ਕਰੀਬ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਉਨ੍ਹਾਂ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸਾਰੇ ਸ਼ਤਾਬਦੀ ਸਮਾਗਮਾਂ ਸਮੇਂ ਪਰਿਵਾਰਾਂ ਸਮੇਤ ਹਾਜ਼ਰ ਹੋਣ ਦੀ ਪ੍ਰੇਰਨਾ ਵੀ ਕੀਤੀ। ਇਕ ਸਵਾਲ ਦੇ ਜਵਾਬ ਵਿੱਚ ਐਡਵੋਕੇਟ ਧਾਮੀ ਨੇ ਕੇਂਦਰ ਸਰਕਾਰ ਨੂੰ ਆਪਣਾ 2019 ਦਾ ਬੰਦੀ ਸਿੰਘਾਂ ਦੀ ਰਿਹਾਈ ਦਾ ਫੈਸਲਾ ਤੁਰੰਤ ਲਾਗੂ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ 350 ਸਾਲਾ ਦਿਹਾੜਾ ਇਕ ਅਹਿਮ ਮੌਕਾ ਹੈ ਜਿਸ ਨੂੰ ਸਮਰਪਿਤ ਹੁੰਦਿਆਂ ਸਰਕਾਰ ਨੂੰ ਵੱਡਾ ਦਿਲ ਦਿਖਾਉਂਦਿਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨਾ ਚਾਹੀਦਾ ਹੈ।

ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਸਬੰਧੀ ਸਵਾਲ ਦਾ ਜਵਾਬ ਦਿੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਸਮੇਂ ਸਾਰਿਆਂ ਨੂੰ ਖੁੱਲਾ ਸੱਦਾ ਹੈ ਅਤੇ ਸਰਕਾਰ ਨੂੰ ਵੱਖਰੇ ਧਾਰਮਿਕ ਸਮਾਗਮਾਂ ਦੀ ਥਾਂ ਵਿਕਾਸ ਕਾਰਜਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਤਰਨਾਂ ਦਲ ਬਾਬਾ ਬਕਾਲਾ ਦੇ ਮੁੱਖੀ ਬਾਬਾ ਜੋਗਾ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੈਂਬਰ ਸ. ਬਲਜੀਤ ਸਿੰਘ ਜਲਾਲਉਸਮਾ, ਭਾਈ ਰਜਿੰਦਰ ਸਿੰਘ ਮਹਿਤਾ, ਸ. ਅਮਰਜੀਤ ਸਿੰਘ ਭਲਾਈਪੁਰ, ਭਾਈ ਅਜੈਬ ਸਿੰਘ ਅਭਿਆਸੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ, ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਖੰਡੂਰ ਸਾਹਿਬ, ਮੈਨੇਜਰ ਸ. ਸਤਿੰਦਰ ਸਿੰਘ, ਵਧੀਕ ਮੈਨੇਜਰ ਸ. ਬਲਜੀਤ ਸਿੰਘ, ਸੁਪਰਵਾਈਜ਼ਰ ਸ. ਪ੍ਰਗਟ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਸਹਿਜ ਪਾਠ ਸੇਵਾ ਸੰਸਥਾ ਤੋਂ ਭਾਈ ਰਾਜਪਾਲ ਸਿੰਘ, ਭਾਈ ਦਿਲਬਾਗ ਸਿੰਘ, ਪ੍ਰਚਾਰਕ ਭਾਈ ਜੱਜ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਜਸਪਾਲ ਸਿੰਘ, ਭਾਈ ਗੁਰਭੇਜ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ 'ਚ ਸੜਕਾਂ ਦੇ ਨਿਰਮਾਣ ਕਾਰਜ ਦਾ ਕੀਤਾ ਨਿਰੀਖਣ



ਹੁਸ਼ਿਆਰਪੁਰ, 9 ਨਵੰਬਰ (ਦੀਪਕ ਅਗਨੀਹੋਤਰੀ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿਚ ਚੱਲ ਰਹੇ ਸੜਕ ਨਿਰਮਾਣ ਅਤੇ ਮੁਰੰਮਤ ਕੰਮਾਂ ਦਾ ਵਿਸਥਾਰ ਨਾਲ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਨਿਰੀਖਣ ਦੌਰਾਨ ਡਿਪਟੀ ਕਮਿਸ਼ਨਰ ਨੇ ਬਹਾਦਰਪੁਰ ਹਲਕੇ ਵਿਚ ਨਗਰ ਨਿਗਮ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਨਿਰਮਾਣ ਸਮੱਗਰੀ ਦੀ ਗੁਣਵੱਤਾ, ਪਾਣੀ ਨਿਕਾਸੀ ਪ੍ਰਬੰਧ ਅਤੇ ਸੜਕ ਦੇ ਪੱਧਰ ਦਾ ਬਾਰੀਕੀ ਨਾਲ ਮੁਆਇਨਾ ਕੀਤਾ। ਇਸ ਉਪਰੰਤ ਉਨ੍ਹਾਂ ਨੇ ਦਸੂਹਾ ਹਲਕੇ ਦੀਆਂ ਸੜਕਾਂ ਦਾ ਵੀ ਦੌਰਾ ਕੀਤਾ ਅਤੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਜਨਤਾ ਨੂੰ ਬਿਹਤਰ ਅਤੇ ਸੁਰੱਖਿਅਤ ਸੜਕ ਸੰਪਰਕ ਉਪਲਬੱਧ ਕਰਵਾਉਣਾ ਹੈ। ਇਸ ਉਦੇਸ਼ ਨਾਲ ਪੀ.ਡਬਲਯੂ.ਡੀ, ਪੰਜਾਬ ਮੰਡੀ ਬੋਰਡ ਅਤੇ ਨਗਰ ਨਿਗਮ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰ 'ਤੇ ਸੜਕ ਵਿਕਾਸ ਕੰਮ ਜੰਗੀ ਪੱਧਰ 'ਤੇ ਚਲਾਏ ਜਾ ਰਹੇ ਹਨ। ਉਨ੍ਹਾਂ ਅਧਿਕਾਰੀਆ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਨਿਰਮਾਣ ਕੰਮਾਂ ਦੀ ਗੁਣਵੱਤਾ, ਮਜ਼ਬੂਤੀ ਅਤੇ ਸਮਾਂਬੱਧਤਾ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕਾਂ ਵਿਕਾਸ ਦੀ ਧੁਰੀ ਹਨ ਅਤੇ ਇਨ੍ਹਾਂ ਦੀ ਗੁਣਵੱਤਾ 'ਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਜ਼ਿਲ੍ਹੇ ਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੇ ਨਿਰਮਾਣ ਕਾਰਜ ਸਰਕਾਰੀ ਮਾਪਦੰਡਾਂ ਅਤੇ ਵਿਭਾਗੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਪੂਰੇ ਕੀਤਾ ਜਾਣ। ਆਸ਼ਿਕਾ ਜੈਨ ਨੇ ਦੱਸਿਆ ਕਿ ਉਪ-ਮੰਡਲ ਪੱਧਰ 'ਤੇ ਨਿਗਰਾਨ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਕੰਮਾਂ ਦੀ ਨਿਯਮਿਤ ਸਮੀਖਿਆ ਕਰਨਗੀਆਂ। ਪੇਂਡੂ ਹਲਕਿਆਂ ਵਿਚ ਇਨ੍ਹਾਂ ਕਮੇਟੀਆਂ ਦੀ ਪ੍ਰਧਾਨਗੀ ਸਬੰਧਤ ਐਸ.ਡੀ.ਐਮ ਕਰਨਗੇ, ਜਦਕਿ ਸ਼ਹਿਰੀ ਹਲਕੇ ਵਿਚ ਇਹ ਜ਼ਿੰਮੇਵਾਰੀ ਨਗਰ ਨਿਗਮ ਕਮਿਸ਼ਨਰ ਅਤੇ ਨਗਰ ਕੌਂਸਲਾਂ ਦੇ ਕਾਰਜਕਾਰੀ ਅਧਿਕਾਰੀ ਨਿਭਾਉਣਗੇ। ਇਨ੍ਹਾਂ ਕਮੇਟੀਆਂ ਨੂੰ ਨਿਯਮਿਤ ਤੌਰ ਤੇ ਪ੍ਰਗਤੀ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਵਿਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾ ਸਕੇ

# ਗੰਨੇ ਦਾ ਬਕਾਇਆ 61 ਰੁਪਏ ਅਤੇ ਮਿੱਲਾ ਚੱਲਣ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ: ਗੁਰਪ੍ਰੀਤ ਸਿੰਘ ਬੋਪਾਰਾਏ



ਸ਼੍ਰੀ ਹਰਗੋਬਿੰਦਪੁਰ 9 ਨਵੰਬਰ (ਪ੍ਰਦੀਪ ਸਿੰਘ ਬੇਦੀ, ਅਗਮ ਬੇਦੀ) ਗੰਨੇ ਦੇ 61 ਰੁਪਏ ਬਕਾਏ ਨੂੰ ਲੈਕੇ ਅਤੇ ਮਿੱਲਾ ਚੱਲਣ ਦੇ ਨੋਟੀਫਿਕੇਸ਼ਨ ਅਤੇ ਗੰਨੇ ਦੇ ਮੁੱਲ ਚ ਵਾਧੇ ਨੂੰ ਲੈ ਕੇ ਗੁਰਪ੍ਰੀਤ ਸਿੰਘ ਬੋਪਾਰਾਏ ਵੱਲੋਂ ਬਿਆਨ ਜ਼ਾਰੀ ਕੀਤਾ ਗਿਆ ਇਸ ਮੌਕੇ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਬੋਪਾਰਾਏ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਗੰਨੇ ਦਾ ਬਕਾਇਆ 61 ਰੁਪਏ ਜਾਰੀ ਨਹੀਂ ਕਰ ਰਹੀ ਹੈ ਜਿਸ ਨਾਲ ਕਿਸਾਨਾਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਗੰਨੇ ਦੇ ਬਕਾਇਆ, ਮਿੱਲਾ ਚੱਲਣ ਦਾ ਨੋਟੀਫਿਕੇਸ਼ਨ ਅਤੇ ਗੰਨੇ ਦੇ ਮੁੱਲ ਨੂੰ 500 ਰੁਪਏ ਕਰਨ ਦੀ ਮੰਗ ਰੱਖੀ ਗਈ ਹੈ ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਜੇਕਰ 2,4 ਦਿਨ ਤੱਕ ਪੰਜਾਬ ਸਰਕਾਰ ਨੇ ਇਸ ਮਸਲੇ ਦਾ ਹੱਲ ਨਾ ਕੀਤਾ ਤਾਂ ਪੰਜਾਬ ਦੀਆਂ ਸਾਰਿਆਂ ਜਥੇਬੰਦੀ ਪੰਜਾਬ ਪੱਧਰ ਤੇ ਵੱਡਾ ਪ੍ਰਦਰਸ਼ਨ ਕਰਨਗੀਆਂ ਅਤੇ ਨੈਸ਼ਨਲ ਹਾਈਵੇ ਨੂੰ ਜ਼ਾਮ ਕਰਕੇ ਧਰਨਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਬਲਵਿੰਦਰ ਸਿੰਘ ਰਾਜੂ ਔਲਖ ਪੰਜਾਬ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਸੋਨੂੰ ਚੱਡਾ, ਨਿਸ਼ਾਨ ਸਿੰਘ ਪੰਨੂ, ਬਲਜਿੰਦਰ ਸਿੰਘ ਬਲਾਕ ਪ੍ਰਧਾਨ, ਲੱਵ ਹਰਚੋਵਾਲ ਆਦਿ ਹਾਜ਼ਰ ਸਨ।

# ਕੌਮੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜ਼ਿਲ੍ਹੇ ਭਰ ਚ ਕਰਵਾਏ ਜਾਗਰੂਕਤਾ ਸੈਮੀਨਾਰ



ਹੁਸ਼ਿਆਰਪੁਰ, 9 ਨਵੰਬਰ (ਦੀਪਕ ਅਗਨੀਹੋਤਰੀ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾ ਦੀ ਪਾਲਣਾ ਕਰਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜਨਾਂ ਦੇ ਵੱਖ-ਵੱਖ ਪਿੰਡਾਂ ਵਿਚ ਅੱਜ ਕੌਮੀ ਕਾਨੂੰਨੀ ਸੇਵਾਵਾਂ ਦਿਵਸ ਦੇ ਮੌਕੇ ਤੇ ਆਮ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕ ਕਰਨ ਦੇ ਮਨੋਰਥ ਨਾਲ ਸੈਮੀਨਾਰ ਕਰਵਾਏ ਗਏ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਜਨਤਾ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਦੇ ਅਧੀਨ ਮੁਫ਼ਤ ਕਾਨੂੰਨੀ ਸਹਾਇਤਾ ਲੈਣ ਦੇ ਹੱਕਦਾਰ ਉਹ ਲੋਕ ਹਨ, ਜਿਵੇ ਕਿ ਹਰ ਉਹ ਵਿਅਕਤੀ ਜਿਹੜਾ ਕਿ ਅਨੁਸ਼ੂਚਿਤ ਜਾਤੀ/ਅਨੁਸ਼ੂਚਿਤ ਕਬੀਲੇ ਦਾ ਮੈਂਬਰ, ਵੱਡੀ ਮੁਸੀਬਤ/ਕੁਦਰਤੀ ਆਫ਼ਤਾਂ ਦੇ ਮਾਰੇ, ਬੇਗਾਰ ਦੇ ਮਾਰੇ, ਉਦਯੋਗਿਕ ਕਾਮੇ, ਇਸਤਰੀ/ਬੱਚਾ, ਹਿਰਾਸਤ ਵਿਚ, ਮਾਨਸਿਕ ਰੋਗੀ/ਅਪੰਗ ਅਤੇ ਕੋਈ ਐਸਾ ਵਿਅਕਤੀ ਜਿਸ ਦੀ ਸਾਲਾਨਾ ਆਮਦਨ 300000 ਰੁਪਏ ਤੋਂ ਵੱਧ ਨਾ ਹੋਵੇ। ਇਸ ਮੌਕੇ ਵਿਸ਼ਾਲ ਕੁਮਾਰ, ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਰੁਪੀਕਾ ਠਾਕੁਰ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਤੋਂ ਇਲਾਵਾ ਪੈਨਲ ਐਡਵੋਕੇਟਾਂ ਕੁਲਵੀਰ ਸਿੰਘ, ਅਸ਼ੀਸ਼ ਜੋਤੀ, ਤਰੁਨਵੀਰ, ਬਿਕਰਮ ਭੱਲਾ, ਦਲਵੀਰ ਕੁਮਾਰ, ਨਮਰਤਾ ਮਿਨਹਾਸ, ਬ੍ਰਿਜ ਬਾਲਾ, ਮਨਪ੍ਰੀਤ ਕੌਰ ਮੁਕੇਰੀਆਂ, ਹਰਕਮਲ ਸਿੰਘ, ਹਰਪ੍ਰੀਤ ਸਿੰਘ ਹੁੰਦਲ ਤੇ ਰਕੇਸ਼ ਕੁਮਾਰ ਦਸੂਹਾ ਅਤੇ ਰਿਟੇਨਰ ਐਡਵੋਕੇਟ ਸੰਜੀਵ ਕਾਲੀਆ ਤੇ ਮਿਸ ਸਰਿਤਾ ਕਨਵਰ ਗੜ੍ਹਸ਼ੰਕਰ ਵੱਲੋ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਇਹ ਸੈਮੀਨਾਰ ਵਰਧਮਾਨ ਮਿੱਲ, ਫਗਵਾੜ੍ਹਾ ਰੋਡ, ਹੁਸ਼ਿਆਰਪੁਰ, ਗ੍ਰਾਮ ਪੰਚਾਇਤ ਮੋਨਾ ਕਲ੍ਹਾਂ, ਗ੍ਰਾਮ ਪੰਚਾਇਤ ਭਾਗਪੁਰ, ਗ੍ਰਾਮ ਪੰਚਾਇਤ ਭਾਗੋਵਾਲ, ਗ੍ਰਾਮ ਪੰਚਾਇਤ ਫੰਬੀਆਂ, ਗ੍ਰਾਮ ਪੰਚਾਇਤ ਚੰਡਿਆਲ, ਹੁਸ਼ਿਆਰਪੁਰ ਅਤੇ ਗ੍ਰਾਮ ਪੰਚਾਇਤ ਢੱਫਰ, ਦਸੂਹਾ, ਗ੍ਰਾਮ ਪੰਚਾਇਤ ਕਹਿਰਵਾਲੀ, ਦਸੂਹਾ ਅਤੇ ਐਮੋਨੀਸ਼ਨ ਡਿਪੋਟ, ਉੱਚੀ ਬੱਸੀ, ਮੁਕੇਰੀਆਂ, ਗ੍ਰਾਮ ਪੰਚਾਇਤ ਪੋਹਾਰੀ, ਮੁਕੇਰੀਆਂ, ਗ੍ਰਾਮ ਪੰਚਾਇਤ ਟਾਂਡਾ ਚੁੜੀਆਂ, ਮੁਕੇਰੀਆਂ, ਗ੍ਰਾਮ ਪੰਚਾਇਤ ਖੁਸ਼ੀ ਪੱਧੀ, ਗੜ੍ਹਸ਼ੰਕਰ, ਗ੍ਰਾਮ ਪੰਚਾਇਤ ਦਾਇਨਸੀਵਾਲ, ਗੜ੍ਹਸ਼ੰਕਰ ਵਿਖੇ ਲਗਾਏ ਗਏ ਅਤੇ ਸੈਮੀਨਾਰ ਦੌਰਾਨ ਲੋਕਾ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦੇ ਨਾਲ-ਨਾਲ ਅਥਾਰਟੀ ਵੱਲੋਂ ਚਲਾਈਆਂ ਗਈਆਂ ਨਾਲਸਾ ਸਕੀਮਾਂ ਅਤੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ। ਇਹ ਸੈਮੀਨਾਰ ਪਿੰਡਾਂ ਨਾਲ ਸਬੰਧਤ ਬਲਾਕ ਪੰਚਾਇਤ ਅਫ਼ਸਰਾਂ ਦੇ ਸਹਿਯੋਗ ਨਾਲ ਕੀਤੇ ਗਏ। ਇਸ ਮੌਕੇ ਪਿੰਡਾਂ ਦੇ ਪੰਚ-ਸਰਪੰਚ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਨ੍ਹਾਂ ਸੈਮੀਨਾਰਾਂ ਦੇ ਆਯੋਜਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹਾ ਪੱਧਰ ਅਤੇ ਸਬ-ਡਵੀਜ਼ਨ ਪੱਧਰ ਤੇ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਭਾਗ ਲਿਆ ਗਿਆ।

# ਨਜਾਇਜ ਪਿਸਟਲ ਜਿੰਦਾ ਰੌਂਦ ਸਮੇਤ ਮੈਗਜੀਨ ਰਾਜੀਵ ਕਾਲੌਨੀ ਧਾਰੀਵਾਲ ਦਾ ਨੌਜਵਾਨ ਆਪਣੇ ਹੋਰ ਸਾਥੀ ਸਮੇਤ ਚੜ੍ਹਿਆ ਪੁਲਿਸ ਅੜਿੱਕੇ



ਗੁਰਦਾਸਪੁਰ/ਧਾਰੀਵਾਲ, 9 ਨਵੰਬਰ (ਗੁਲਸ਼ਨ ਕੁਮਾਰ) ਥਾਣਾ ਧਾਰੀਵਾਲ ਦੀ ਪੁਲਿਸ ਨੇ ਇੱਕ ਨਜਾਇਜ ਪਿਸਟਲ ਬਿਨ੍ਹਾ ਮਾਰਕਾ ਸਮੇਤ ਮੈਗਜੀਨ ਅਤੇ 02 ਜਿੰਦਾ ਰੌਂਦ ਸਮੇਤ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ । ਐਸ.ਐਚ.ਓ. ਦਲਜੀਤ ਸਿੰਘ ਨੇ ਦੱਸਿਆ ਕਿ ਏ.ਐਸ. ਆਈ. ਬਲਬੀਰ ਸਿੰਘ ਸਮੇਤ ਪੁਲਿਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ ਬਾ ਗਸ਼ਤ ਦੌਰਾਨ ਤਰੀਜਾ ਨਗਰ ਮੌੜ ਬਾਈਪਾਸ ਧਾਰੀਵਾਲ ਤੇ ਮੌਜੂਦ ਸੀ ਕਿ ਮੁਖਬਰ ਖਾਸ ਦੀ ਇਤਲਾਹ ਤੇ 2 ਨੌਜਵਾਨਾਂ ਨੂੰ ਰੋਕ ਦੇ ਤਲਾਸੀ ਲਈ ਦਾ ਦੋਸ਼ੀ ਦੇਬੂ ਦੀ ਪੈਂਟ ਦੀ ਖੱਬੀ ਡੱਬ ਵਿੱਚੋਂ ਇੱਕ ਪਿਸਟਲ ਬਿਨ੍ਹਾ ਮਾਰਕਾ ਸਮੇਤ ਮੈਗਜੀਨ ਅਤੇ 02 ਰੌਂਦ ਜਿੰਦਾ ਬਰਾਮਦ ਹੋਏ । ਪੁੱਛ-ਗਿੱਛ ਦੌਰਾਨ ਦੋਸ਼ੀਆਂ ਨੇ ਆਪਣੀ ਪਹਿਚਾਣ ਦੇਬੂ ਪੁੱਤਰ ਲਕਸ਼ਮੀ ਨਰੈਣ ਵਾਸੀ ਰਾਜੀਵ ਕਾਲੌਨੀ ਧਾਰੀਵਾਲ ਅਤੇ ਰਾਹੁਲ ਪੁੱਤਰ ਵੀਨਾ ਵਾਸੀ ਪੁਰਾਣੇ ਲਿੱਤਰ ਥਾਣਾ ਸਿਟੀ ਗੁਰਦਾਸਪੁਰ ਵੱਜੋਂ ਹੋਈ । ਦੋਸ਼ੀਆਂ ਨੇ ਕਾਬੂਲ ਕੀਤਾ ਕਿ ਇਹ ਪਿਸਟਲ ਉਨ੍ਹਾਂ ਦੌਨ੍ਹਾਂ ਵੱਲੋਂ ਕਿਸੇ ਨਾਮਲੂਮ ਵਿਅਕਤੀ ਕੋਲੋ ਖਰੀਦ ਕੇ ਸਾਂਝਾ ਰੱਖਿਆ ਹੋਇਆ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੇਬੂ ਆਪਣੇ ਦੋ ਹੋਰ ਰਾਜੀਵ ਕਾਲੌਨੀ ਧਾਰੀਵਾਲ ਵਾਸੀ ਸਾਥੀਆਂ ਸਮੇਤ ਚੋਰੀ ਦੇ ਮੋਟਰ ਸਾਇਕਲ ਅਤੇ ਨਜਾਇਜ ਪਿਸ਼ਟਲ ਸਮੇਤ 26 ਜੁਲਾਈ 2023 ਨੂੰ ਥਾਣਾ ਧਾਰੀਵਾਲ ਦੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ ਜਿਨ੍ਹਾਂ ਵਿਰੁੱਧ ਥਾਣਾ ਧਾਰੀਵਾਲ ਵਿਖੇ ਐਫ.ਆਰ.ਆਈ. 78/2023 ਦਰਜ ਕਰਕੇ ਕਾਬੂ ਕੀਤੇ ਗਏ ਸਨ । ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਦੇਬੂ ਪੁੱਤਰ ਲਕਸ਼ਮੀ ਨਰੈਣ ਵਾਸੀ ਰਾਜੀਵ ਕਾਲੌਨੀ ਧਾਰੀਵਾਲ ਅਤੇ ਰਾਹੁਲ ਪੁੱਤਰ ਵੀਨਾ ਵਾਸੀ ਪੁਰਾਣੇ ਲਿੱਤਰ ਨੂੰ ਨਜਾਇਜ ਪਿਸਟਲ,ਮੈਗਜੀਨ ਅਤੇ ਜਿੰਦਾ ਕਾਰਤੂਸ ਸਮੇਤ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਲਿਆ ਅਤੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਰਿਮਾਂਡ ਲੈ ਕੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ ।

# ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਮੰਤਰੀ ਬਣ ਸੰਜੀਵ ਅਰੋੜਾ ਨੇ ਹਲਕੇ ਦੇ ਲੋਕਾਂ ਨੂੰ ਮਿਲਣਾ ਨਹੀਂ ਸਮਝਿਆ ਮੁਨਾਸਬ



ਲੁਧਿਆਣਾ (ਸੂਰਜ) ਵਿਧਾਨ ਹਲਕਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਮ ਦਾਮ ਦੰਡ ਭੇਦ ਦਾ ਫਾਰਮੂਲਾ ਵਰਤਦੇ ਹੋਏ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਰਾਜ ਸਭਾ ਮੈਂਬਰ ਰਹੇ ਸੰਜੀਵ ਅਰੋੜਾ ਨੂੰ ਲਗਭਗ ਦਸ ਹਜਾਰ ਦੇ ਫਰਕ ਨਾਲ ਜਿਤਾਕੇ ਕੇ ਪੰਜਾਬ ਵਿਧਾਨ ਸਭਾ ਭੇਜਦੇ ਹੋਏ ਮੰਤਰੀ ਬਣਾਇਆ। ਹਲਕਾ ਪੱਛਮੀ ਦੇ ਲੋਕਾਂ ਨੇ ਸੰਜੀਵ ਅਰੋੜਾ ਨੂੰ ਜਿਤਾਇਆ ਵੀ ਪਰ ਜਿੱਤਣ ਤੋਂ ਬਾਅਦ ਮੰਤਰੀ ਬਣੇ ਸੰਜੀਵ ਅਰੋੜਾ ਨੇ ਹਲਕਾ ਵਾਸੀਆਂ ਦਾ ਧਨਵਾਦ ਕਰਨਾ ਤਾਂ ਇੱਕ ਪਾਸੇ ਲੋਕਾਂ ਨੂੰ ਮਿਲਣਾ ਵੀ ਮੁਨਾਸਿਬ ਨਹੀਂ ਸਮਝਿਆ। ਚੋਣਾਂ ਦੌਰਾਨ ਸੰਜੀਵ ਅਰੋੜਾ ਨੇ ਹਲਕੇ ਦੇ ਲੋਕਾਂ ਦੇ ਕੰਮ ਫ਼ਿਲਮੀ ਹੀਰੋ ਵਾਂਗ ਮੌਕੇ ਤੇ ਕੀਤੇ ਅਤੇ ਲੋਕਾਂ ਨੂੰ ਯਕੀਨ ਦਵਾਇਆ ਕਿ ਤੁਹਾਡੇ ਕੰਮ ਮੇਰੇ ਜਿੱਤਣ ਤੋਂ ਬਾਅਦ ਵੀ ਇਸੇ ਤਰਾਂ ਹੀ ਹੁੰਦੇ ਰਹਿਣਗੇ, ਪਰ ਜਿੱਤਣ ਤੋਂ ਬਾਅਦ ਫਿਲਮ ਮਿਸਟਰ ਇੰਡਿਆ ਦੇ ਹੀਰੋ ਅਨਿਲ ਕਪੂਰ ਵਾਂਗ ਘੜੀ ਦਾ ਬਟਣ ਦਬਾਕੇ ਗਾਇਬ ਹੋ ਗਏ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਉਮੀਦਵਾਰ ਜੌਂ ਕਿ ਦੋ ਵਾਰ ਵਿਧਾਇਕ ਅਤੇ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ ਹਲਕੇ ਦੇ ਲੋਕਾਂ ਨਾਲ ਮਿਲਦੇ ਹੋਏ ਉਨ੍ਹਾਂ ਨਾਲ ਹਰ ਦੁੱਖ ਸੁੱਖ ਵਿੱਚ ਸਾਥ ਦਿੰਦੇ ਨਜਰ ਆ ਰਹੇ ਹਨ ਅਤੇ ਸਰਕਾਰੇ ਦਰਬਾਰੇ ਉਨ੍ਹਾਂ ਦੇ ਕੰਮ ਵੀ ਕਰਵਾ ਰਹੇ ਹਨ। ਇਥੋਂ ਤੱਕ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਉਨ੍ਹਾਂ ਦੀ ਧਰਮਪਤਨੀ ਅਤੇ ਸਾਬਕਾ ਕੌਂਸਲਰ ਮਮਤਾ ਆਸ਼ੂ ਲੋਕਾਂ ਨੂੰ ਮਿਲਦੀ ਹੋਈ ਭਾਰਤ ਭੂਸ਼ਣ ਆਸ਼ੂ ਦੀ ਘਾਟ ਨੂੰ ਪੂਰਾ ਕਰਦੀ ਹੋਈ ਦਿਖਾਈ ਦਿੰਦੀ ਹੈ। ਹਲਕੇ ਦੇ ਲੋਕਾਂ ਵਿੱਚ ਆਮ ਚਰਚਾ ਹੈ ਕੀ 2027 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਸ਼੍ਰੀ ਭਾਰਤ ਭੂਸ਼ਣ ਆਸ਼ੂ ਨੂੰ ਜਿਤਾਕੇ ਪੰਜਾਬ ਵਿਧਾਨ ਸਭਾ ਵਿੱਚ ਭੇਜਿਆ ਜਾਵੇਗਾ ਤਾਂ ਜੋ ਹਲਕੇ ਦਾ ਸਰਵਪੱਖੀ ਵਿਕਾਸ ਅਤੇ ਹਲਕਾ ਨਿਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕੇ।

# ਸ਼੍ਰੀ ਸ਼ਿਵ ਦੁਰਗਾ ਮੰਦਰ ਪ੍ਰੇਮਨਗਰ ਦਾਰਾ ਸਲਾਮ ਬਟਾਲਾ ਵਿੱਚ ਸ਼੍ਰੀਮਦ ਭਾਗਵਤ ਕਥਾ ਦਾ ਸ਼ੁਭ ਆਰੰਭ

## ਪੂਜਯ ਓਮ ਪ੍ਰਕਾਸ਼ ਸ਼ਾਸਤਰੀ ਜੀ ਨੇ ਸੁਣਾਈ ਆਤਮਦੇਵ ਤੇ ਧੁੰਧੁਕਾਰੀ ਦੀ ਪ੍ਰੇਰਣਾਦਾਇਕ ਕਥਾ



ਬਟਾਲਾ, 9 ਨਵੰਬਰ (ਅਵਿਨਾਸ਼ ਸ਼ਰਮਾ): ਸ਼੍ਰੀ ਸ਼ਿਵ ਦੁਰਗਾ ਮੰਦਰ, ਪ੍ਰੇਮਨਗਰ ਦਾਰਾ ਸਲਾਮ ਬਟਾਲਾ ਵਿੱਚ ਅੱਜ ਤੋਂ ਸ਼੍ਰੀਮਦ ਭਾਗਵਤ ਕਥਾ ਦਾ ਸ਼ੁਭ ਆਰੰਭ ਹੋਇਆ। ਪ੍ਰਸਿੱਧ ਕਥਾਵਾਚਕ ਪੂਜਯ ਓਮ ਪ੍ਰਕਾਸ਼ ਸ਼ਾਸਤਰੀ ਜੀ ਨੇ ਪਹਿਲੇ ਦਿਨ ਦੀ ਕਥਾ ਵਿੱਚ ਆਤਮਦੇਵ ਬ੍ਰਾਹਮਣ ਅਤੇ ਉਸਦੇ ਪੁੱਤਰ ਧੁੰਧੁਕਾਰੀ ਦੀ ਪ੍ਰੇਰਣਾਦਾਇਕ ਕਹਾਣੀ ਸੰਤ ਸਮੂਹ ਅਤੇ ਸ਼ਰਧਾਲੂਆਂ ਨੂੰ ਸੁਣਾਈ। ਸ਼ਾਸਤਰੀ ਜੀ ਨੇ ਕਿਹਾ ਕਿ ਪ੍ਰਾਚੀਨ ਸਮੇਂ ਵਿੱਚ ਤੁੰਗਭਦ੍ਰਾ ਨਦੀ ਦੇ ਕਿਨਾਰੇ ਆਤਮਦੇਵ ਨਾਂਕ ਬ੍ਰਾਹਮਣ ਆਪਣੀ ਪਤਨੀ ਧੁੰਧੁਲੀ ਦੇ ਨਾਲ ਰਹਿੰਦਾ ਸੀ। ਉਹ ਧਰਮਨਿਸ਼ਠ ਸੀ ਪਰ ਸੰਤਾਨਹੀਨ ਹੋਣ ਕਾਰਨ ਦੁਖੀ ਰਹਿੰਦਾ ਸੀ। ਇੱਕ ਦਿਨ ਜਦੋਂ ਉਹ ਜੰਗਲ ਗਿਆ ਤਾਂ ਇੱਕ ਸਨਿਆਸੀ ਨੇ ਉਸਨੂੰ ਆਸ਼ੀਰਵਾਦ ਵਜੋਂ ਇੱਕ ਫਲ ਦਿੱਤਾ ਜਿਸਨੂੰ ਖਾਣ ਨਾਲ ਪੁੱਤਰ ਪ੍ਰਾਪਤੀ ਹੋਣੀ ਸੀ। ਪਰ ਧੁੰਧੁਲੀ ਨੇ ਚਲਾਕੀ ਨਾਲ ਉਹ ਫਲ ਗਾਂ ਨੂੰ ਖਵਾ ਦਿੱਤਾ ਅਤੇ ਆਪਣੀ ਭੈਣ ਤੋਂ ਜੰਮੇ ਬੱਚੇ ਨੂੰ ਆਪਣਾ ਦੱਸ ਦਿੱਤਾ। ਗਾਂ ਤੋਂ ਜੰਮੇ ਗੋਕਰਣ ਬਹੁਤ ਗਿਆਨੀ ਅਤੇ ਭਗਤ ਬਣਿਆ, ਜਦਕਿ ਧੁੰਧੁਲੀ ਤੋਂ ਮਿਲਿਆ ਧੁੰਧੁਕਾਰੀ ਦੁਸਟ ਅਤੇ ਪਾਪੀ ਨਿਕਲਿਆ। ਉਸ ਨੇ ਆਪਣੇ ਮਾਤਾ-ਪਿਤਾ ਨੂੰ ਤੰਗ ਕਰਕੇ ਸਾਰੀ ਸੰਪਤੀ ਨਸ਼ਟ ਕਰ ਦਿੱਤੀ। ਆਖ਼ਿਰਕਾਰ ਉਸ ਦੀ ਮੌਤ ਹੋ ਗਈ ਅਤੇ ਉਹ ਪ੍ਰੇਤ ਯੋਨੀ ਵਿੱਚ ਭਟਕਣ ਲੱਗ ਪਿਆ। ਸ਼ਾਸਤਰੀ ਜੀ ਨੇ ਅੱਗੇ ਕਿਹਾ ਕਿ ਗੋਕਰਣ ਨੇ ਆਪਣੇ ਭਰਾ ਦੇ ਉਧਾਰ ਲਈ ਸ਼੍ਰੀਮਦ ਭਾਗਵਤ ਸਪਤਾਹ ਦਾ ਆਯੋਜਨ ਕੀਤਾ। ਸੱਤ ਦਿਨਾਂ ਤੱਕ ਚੱਲੀ ਕਥਾ ਦੇ ਸਮਾਪਤ ਹੋਣ 'ਤੇ ਜਦੋਂ ਬਾਂਸ ਦੀਆਂ ਸੱਤ ਗੰਢਾਂ ਫੱਟੀਆਂ, ਤਦ ਧੁੰਧੁਕਾਰੀ ਨੂੰ ਪ੍ਰੇਤ ਯੋਨੀ ਤੋਂ ਮੁਕਤੀ ਮਿਲ ਗਈ ਅਤੇ ਉਹ ਦਿਵਯ ਰੂਪ ਵਿੱਚ ਪ੍ਰਗਟ ਹੋ ਕੇ ਭਗਵਾਨ ਦੇ ਧਾਮ ਚਲਾ ਗਿਆ। ਸ਼ਾਸਤਰੀ ਜੀ ਨੇ ਕਿਹਾ ਭਾਗਵਤ ਕਥਾ ਸੁਣਨ ਨਾਲ ਮਨੁੱਖ ਦੇ ਸਾਰੇ ਪਾਪ ਭਸਮ ਹੋ ਜਾਂਦੇ ਹਨ। ਜੇਹੜਾ ਮਨੁੱਖ ਸੱਚੇ ਮਨ, ਸ਼ਰਧਾ ਅਤੇ ਮਨਨ ਨਾਲ ਇਸ ਕਥਾ ਦਾ ਸ਼੍ਰਵਣ ਕਰਦਾ ਹੈ, ਉਸ ਨੂੰ ਭਗਵਤ ਪ੍ਰਾਪਤੀ ਹੁੰਦੀ ਹੈ।' ਕਥਾ ਦੌਰਾਨ ਭਾਰੀ ਸੰਖਿਆ ਵਿੱਚ ਸ਼ਰਧਾਲੂ ਹਾਜ਼ਰ ਰਹੇ। ਮੰਦਰ ਪਰਿਸਰ 'ਹਰੀ ਬੋਲ', 'ਜੈ ਸ਼੍ਰੀ ਕ੍ਰਿਸ਼ਣ' ਦੇ ਜੈਘੋਸ਼ ਨਾਲ ਗੂੰਜ ਉਠਿਆ। ਕਥਾ ਦਾ ਆਯੋਜਨ 15 ਨਵੰਬਰ ਤੱਕ ਹਰ ਰੋਜ਼ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਕੀਤਾ ਜਾਵੇਗਾ।

# ਥਾਣਾ ਸਿਵਲ ਲਾਈਨ ਵੱਲੋਂ ਇੱਕ ਕਾਰ ਚ ਸਵਾਰ ਚਾਰ ਨੌਜਵਾਨਾਂ ਵੱਲੋਂ ਇੱਕ ਰਾਹਗੀਰ ਪਾਸੋਂ ਖੋਹ ਕੀਤੀ ਐਕਟਵਾ ਸਕੂਟੀ ਕੀਤੀ ਬਰਾਮਦ ਅਤੇ ਦੋ ਦੋਸ਼ੀ ਕੀਤੇ ਕਾਬੂ




ਅੰਮ੍ਰਿਤਸਰ 9 ਨਵੰਬਰ (ਰਾਜੇਸ਼ ਡੈਨੀ) ਮਾਣਯੋਗ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਆਈ.ਪੀ.ਐਸ ਜੀ ਦੀਆ ਹਦਾਇਤਾ ਪਰ ਪੁਲਿਸ ਕਮਿਸ਼ਨਰੇਟ, ਅੰਮ੍ਰਿਤਸਵ ਦੇ ਏਰੀਆ ਵਿਚ ਲੁੱਟਾ/ਖੋਹਾ ਕਰਨ ਅਤੇ ਸੰਗੀਨ ਜੁਰਮਾ ਵਿਚ ਲੋੜੀਂਦੇ ਅਪਰਾਧੀਆ ਖਿਲਾਫ ਚਲਾਈ ਤਹਿਤ ਸ੍ਰੀ ਆਲਮ ਵਿਜੈ ਸਿੰਘ ਡੀਸੀਪੀ ਲਾਅ ਐਂਡ ਆਰਡਰ ਅੰਮ੍ਰਿਤਸਰ, ਸ੍ਰੀ ਸਿਰੀਵੇਨੇਲਾ ਏਡੀਸੀਪੀ ਸਿਟੀ 2, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਰਿਸ਼ਭ ਭੋਲਾ ਏਸੀਪੀ ਨੌਰਥ, ਦੀ ਨਿਗਰਾਨੀ ਹੇਠ ਇਸ: ਗੁਰਪ੍ਰੀਤ ਸਿੰਘ, ਮੁੱਖ ਅਫਸਰ, ਥਾਣਾ ਸਿਵਲ ਲਾਈਨਜ ਅੰਮ੍ਰਿਤਸਰ ਦੀ ਅਗਵਾਈ ਹੇਠ ਏ.ਐਸ.ਆਈ ਹਰਜਿੰਦਰ ਸਿੰਘ, ਸਮੇਤ ਪੁਲਿਸ ਪਾਰਟੀ ਵਲੋ ਮੁਕਦਮਾ ਨੂੰ ਟਰੇਸ ਕਰਨ ਵਿੱਚ ਸਫਲਤਾ ਹਾਸਲ ਕੀਤੀ। ਮਿਤੀ 29-10-2025 ਸਵੇਰੇ ਕਰੀਬ ਸਮਾਂ 06:00AM ਮੁਦਈ ਮੁਕਦਮਾ ਰਾਮ ਨਰਾਇਣ ਸਰਮਾ ਪੁੱਤਰ ਕਰਤਾਰ ਚੰਦ ਵਾਸੀ ਮਜੀਠਾ ਰੋਡ ਅੰਮ੍ਰਿਤਸਰ ਆਪਣੀ ਐਕਟਿਦਾ ਤੇ ਸਵਾਰ ਹੋ ਕੇ ਜਾ ਰਿਹਾ। ਬਾਈ ਤੇ ਆਦਾ ਤਾਂ ਨਾਮ ਲਓ ਵਿਅਕਤੀਆਂ ਵੱਲੋਂ ਮੁੱਦਈ ਦੀ E-ATHER ACTIVA ਨੂੰ ਕਾਰ ਨਾਲ ਹਿਟ ਕੀਤਾ ਤੇ ਉਸ ਪਰ ਹਮਲਾ ਕੀਤਾ। ਜੌ ਕਾਰ ਵਿੱਚ ਚਾਰ ਲੋਕ ਸਵਾਰ ਸੀ ਅਤੇ ਕਾਰ ਵਿੱਚ ਸਵਾਰ ਨੌਜਵਾਨ ਮੁੱਦਈ ਮੁਕੰਦਮਾ ਦੀ ਐਕਟੀਦਾ ਖੋਹ ਕੇ ਫਰਾਰ ਹੋ ਗਏ। ਪੁਲਿਸ ਪਾਰਟੀ ਵਲੋ ਖੁਫੀਆ ਅਤੇ ਤਕਨੀਕੀ ਜਾਂਚ ਨਾਲ ਮਿਤੀ 03-11-2025 ਨੂੰ ਦੋਸ਼ੀ ਸੁਮਿਤ ਹੰਸ ਪੁੱਤਰ ਤੀਰਥ ਰਾਮ ਵਾਸੀ ਮਕਾਨ ਨੰਬਰ 305 ਗਲੀ ਨੰਬਰ 07 ਨਵੀਂ ਅਬਾਦੀ ਕਰਮਪੁਰਾ ਰਤਨ ਸਿੰਘ ਚੌਕ ਅੰਮ੍ਰਿਤਸਰ ਨੂੰ ਉਸ ਦੇ ਘਰ ਦੇ ਨੇੜੇ ਤੋਂ ਅਤੇ ਪਰਥਮ ਸੱਚਦੇਵਾ ਪੁੱਤਰ ਸਤੀਸ਼ ਸੱਚਦੇਦਾ ਵਾਸੀ ਮਕਾਨ ਨੰਬਰ 25 ਕੀਰਤੀ ਨਗਰ ਫਿਰੋਜਪੁਰ ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ। ਜੇ ਦੋਸ਼ੀਆਨ ਉਕਤ ਪਾਸੇ ਵਾਰਦਾਤ ਵਿੱਚ ਵਰਤੀ ਗਈ ਕਾਰ ਅਤੇ ਖੋਹਲੁਦਾ ਐਕਟੀਵਾ ਦੀ ਬਾਮਦ ਕੀਤੀ ਗਈ। ਜੇ ਦੋਸ਼ੀ ਉਕਤ ਦੇ ਇੰਕਸਾਫ ਮੁਤਾਬਿਕ ਉਹਨਾ ਦੇ ਸਾਥੀ ਜੇਹਨ ਵਿਲੀਅਮ ਅਤੇ ਧੋਨੀ ਵੀ ਵਾਰਦਾਤ ਵਿੱਚ ਸ਼ਾਮਲ ਸੀ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋ ਲੀਗਲ ਸਰਵਿਸਿਜ਼ ਡੇ ਮੌਕੇ ਜਾਗਰੂਕਤਾ ਸੈਮੀਨਾਰਾਂ ਦਾ ਕੀਤਾ ਆਯੋਜਨ




ਲੁਧਿਆਣਾ, 9 ਨਵੰਬਰ (ਝੱਜ ਉਮੈਦਪੁਰ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਵੱਲੋ ਜਾਰੀ ਹਦਾਇਤਾ ਅਨੁਸਾਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋ ਜਿਲ੍ਹਾ ਲੁਧਿਆਣਾ, ਸਬ ਡਵੀਜ਼ਨ ਖੰਨਾ, ਪਾਇਲ, ਜਗਰਾਓ ਅਤੇ ਸਮਰਾਲਾ ਦੇ ਵੱਖ ਵੱਖ ਪਿੰਡਾਂ ਵਿਖੇ ਜਾਗਰੂਕਤਾ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਮੈਡਮ ਸੁਮਿਤ ਸੱਭਰਵਾਲ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੈਡਮ ਹਰਪ੍ਰੀਤ ਕੌਰ ਰੰਧਾਵਾਂ, ਮਾਨਯੋਗ ਜਿਲ੍ਹਾ ਅਤੇ ਸੈਸ਼ਨਜ਼ ਜੱਜ - ਸਹਿਤ - ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਇਨ੍ਹਾਂ ਜਾਗਰੂਕਤਾ ਸੈਮੀਨਾਰਾਂ ਲਈ ਪੈਨਲ ਵਕੀਲਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਅਤੇ ਮੋਬਾਇਲ ਵੈਨ ਰਾਹੀਂ ਵੱਖ ਵੱਖ ਪਿੰਡਾਂ ਜਿਵੇਂ ਕਿਰਾਮਗੜ੍ਹ ਭੁੱਲਰ, ਮਲਸੀਆਂ, ਨਾਗਰਾ, ਭੱਠਲ, ਇੱਕਲਾਹਾ ਆਦਿ ਦੇ ਵਸਨੀਕਾ ਨੂੰ ਲੀਗਲ ਸਰਵਿਸਿਜ਼ ਐਕਟ, ਮੁਫ਼ਤ ਕਾਨੂੰਨੀ ਸਹਾਇਤਾ ਸਕੀਮ, ਕੌਮੀ ਲੋਕ ਅਦਾਲਤ, ਸਥਾਈ ਲੋਕ ਅਦਾਲਤ, ਟੋਲ ਫਰੀ ਹੈਲਪਲਾਈਨ 15100 ਆਦਿ ਦੀ ਜਾਣਕਾਰੀ ਦਿੱਤੀ ਗਈ ਅਤੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸਕੀਮ ਨਾਲ ਸਬੰਧਤ ਪ੍ਰਚਾਰ ਸਮੱਗਰੀ ਵੀ ਵੰਡੀ ਗਈ। ਇਸਤੋਂ ਇਲਾਵਾਂ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋ ਸਰਕਾਰੀ ਸਕੂਲਾਂ ਦੇ ਲੀਗਲ ਲਿਟਰੇਸੀ ਕਲੱਬਾਂ ਦੇ ਇੰਚਾਰਜ਼ਾ ਲਈ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਸ਼੍ਰੀ ਰਾਜੇਸ਼ ਸ਼ਰਮਾ, ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ, ਲੁਧਿਆਣਾ ਵੱਲੋ ਇੰਚਾਰਜ਼ ਅਧਿਆਪਕਾਂ ਨੂੰ ਲੀਗਲ ਸਰਵਿਸਿਜ਼ ਐਕਟ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ।

# ਜਰੂਰਤਮੰਦਾਂ ਨੂੰ ਦਿੱਤੀ ਗਈ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ



ਪਠਾਨਕੋਟ 9, ਨਵੰਬਰ (ਤਰੁਣ ਸਨਹੋਤਰਾ) ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਜ਼ਿਲਾ ਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਅਤੇ ਸੀਜੇਐਮ ਰੁਪਿੰਦਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਜ਼ਿਲਾ ਪਠਾਨਕੋਟ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਕੇ ਐਡਵੋਕੇਟ ਅਤੇ ਪੀਐਲਵੀ ਵੱਲੋਂ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਐਡਵੋਕੇਟ ਮਮਤਾ ਸਮਖਾੜੀਆ, ਐਡਵੋਕੇਟ ਵਿਨੋਦ ਮਹਾਜਨ, ਪੀਐਲਵੀ ਵਿਨੋਦ ਕੁਮਾਰ, ਪੀਐਲਵੀ ਰੇਖਾ ਦੇਵੀ, ਪੀਐਲਵੀ ਕੁਲਵਿੰਦਰ ਕੌਰ, ਪੀਐਲਵੀ ਸੰਨੀ, ਪੀਐਲਵੀ ਜਗੀਰ ਸਿੰਘ ਅਤੇ ਪੀਐਲਵੀ ਬਲਵਾਨ ਸਿੰਘ ਦੀ ਟੀਮ ਵੱਲੋਂ ਜਰੂਰਤਮੰਦ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਬੁਲਾਹੇ ਨੇ ਦੱਸਿਆ ਕਿ ਜਿਨਾਂ ਲੋਕਾਂ ਦੀ ਆਮਦਨ ਸਲਾਨਾ 3 ਲੱਖ ਤੋਂ ਘੱਟ ਹੈ, ਜਿਹੜੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀ ਨਾਲ ਸੰਬੰਧਿਤ ਹਨ, ਮਹਿਲਾਵਾਂ, ਮਜ਼ਦੂਰ, ਬੱਚੇ, ਦਿਵਿਆਂਗ, ਜੇਲਾਂ ਵਿੱਚ ਬੰਦ ਲੋਕਾਂ ਨੂੰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ, ਜਿਸ ਵਿੱਚ ਉਹਨਾਂ ਨੂੰ ਮੁਫਤ ਵਿੱਚ ਵਕੀਲ ਦੇ ਅੱਗੇ ਵਕੀਲ ਦਾ ਸਾਰਾ ਖਰਚਾ ਅਥਾਰਟੀ ਵੱਲੋਂ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਸਮੇਂ-ਸਮੇਂ ਤੇ ਲੋਕ ਅਦਾਲਤਾਂ ਦਾ ਅਯੋਜਨ ਕੀਤਾ ਜਾਂਦਾ ਹੈ ਜਿਸ ਵਿੱਚ ਅਸੀਂ ਆਪਣਾ ਕੇਸ ਲਵਾ ਕੇ ਸਸਤਾ ਅਤੇ ਸਰਲ ਨਿਆ ਪ੍ਰਾਪਤ ਕਰ ਸਕਦੇ ਹਾਂ, ਉਹਨਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਦੇ ਖਿਲਾਫ ਫਿਰ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਅਪੀਲ ਨਹੀਂ ਕੀਤੀ ਜਾ ਸਕਦੀ, ਇਸ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਹੈ, ਉਹਨਾਂ ਦੱਸਿਆ ਕਿ ਮੀਡੀਏਸ਼ਨ ਦੁਆਰਾ ਵੀ ਅਸੀਂ ਆਪਣੇ ਝਗੜੇ ਮੁਕਾ ਸਕਦੇ ਹਾਂ, ਉਹਨਾਂ ਦੱਸਿਆ ਕਿ ਟੋਲ ਫਰੀ ਨੰਬਰ 15100 ਤੇ ਵੀ ਅਸੀਂ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

# ਤਰਨ ਤਾਰਨ ਜਿਮਨੀ ਚੋਣਾਂ ਦੇ ਪ੍ਰਚਾਰ ਲਈ ਮੀਡੀਆ ਸਕੱਤਰ, ਮੀਡੀਆ ਇੰਚਾਰਜ, ਹਲਕਾ ਇੰਚਾਰਜ ਦੀ ਲਗਾਈ ਡਿਊਟੀ



ਕਰਤਾਰਪੁਰ 9 ਨਵੰਬਰ (ਦਿਨੇਸ਼ ਕੁਮਾਰ) ਤਰਨ ਤਾਰਨ ਜਿਮਨੀ ਚੋਣਾਂ ਦੇ ਪ੍ਰਚਾਰ ਲਈ ਵਿਧਾਇਕ ਸਰਦਾਰ ਬਲਕਾਰ ਸਿੰਘ ਦੀ ਅਗਵਾਈ ਵਿੱਚ ਆਪ ਦੇ ਜ਼ਿਲ੍ਹਾ ਮੀਡੀਆ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਮੀਡੀਆ ਇੰਚਾਰਜ ਹਲਕਾ ਇੰਚਾਰਜ ਲੱਕੀ ਅਟਵਾਲ ਨੇ ਆਪ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਲੱਕੀ ਅਟਵਾਲ ਨੇ ਦਸਿਆ ਕਿ ਅੱਜ ਚੋਣ ਪ੍ਰਚਾਰ ਦੇ ਅਖੀਰ ਦੇ ਦਿਨ ਵੀ ਤਰਨ ਤਾਰਨ ਦੇ ਆਮ ਲੋਕਾਂ ਵਿਚ ਭਾਰੀ ਉਤਸ਼ਾਹ ਦੀਖਿਆ ਤਰਨ ਤਾਰਨ ਦੇ ਲੋਕਾਂ ਨੇ ਸਰਦਾਰ ਭਗਵੰਤ ਸਿੰਘ ਮਾਨ ਦੀ ਇਮਾਨਦਾਰ ਸਰਕਾਰ ਦੀ ਅੱਜ ਤੱਕ ਦੀ ਕਾਰਗੁਜਾਰੀ ਨੂੰ ਦੇਖਦੇ ਹੋਏ ਪੂਰਾ ਮਨ ਬਣਾ ਲਿਆ ਹੈ ਕਿ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਭਾਰੀ ਮਾਰਜਨ ਦੇ ਨਾਲ ਜਿਤਾ ਕੇ ਵਿਧਾਨ ਸਭਾ ਵਿਚ ਭੇਜਿਆ ਜਾਵੇ ਗਾ ਤਾਂ ਜੋ ਤਰਨ ਤਾਰਨ ਦੇ ਵਿਕਾਸ ਦੇ ਕੰਮ ਹੋਰ ਰਫ਼ਤਾਰ ਫੜ੍ਹ ਸਕਣ ਅੱਜ ਦਾ ਮਹੌਲ ਦੇਖ ਕੇ ਇਹ ਲੱਗ ਰਿਹਾ ਹੈ ਕਿ ਹਰਮੀਤ ਸਿੰਘ ਸੰਧੂ ਦੀ ਜਿੱਤ ਪੱਕੀ ਹੈ 11 ਤਰੀਕ ਨੂੰ ਲੋਕ ਆਪਣਾ ਫੈਸਲਾ ਦੇਣ ਗੇ ਅਤੇ ਆਪ ਦੇ ਉਮੀਦਵਾਰ ਨੂੰ ਵਿਧਾਨ ਸਭਾ ਤੱਕ ਪਹੁੰਚਾ ਕੇ ਹੀ ਸਾਹ ਲੈਣਗੇ

# ਬਲਾਚੌਰ ਸ਼ਹਿਰ ਚ ਅੱਜ ਬਿਜਲੀ ਬੰਦ ਰਹੇਗੀ

PSPCL

ਬਲਾਚੌਰ, 10 ਨਵੰਬਰ (ਤੇਜਿੰਦਰ ਜੋਤ) ਉਪ ਮੰਡਲ ਇੰਜੀਨੀਅਰ ਜਸਵਿੰਦਰ ਪਾਲ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ 11 ਕੇ ਬੀ ਤਹਿਸੀਲ ਕੰਪਲੈਕਸ ਫੀਡਰ ਬਲਾਚੌਰ ਵਿਖੇ ਜਰੂਰੀ ਮੁਰੰਮਤ ਕਰਕੇ ਬਲਾਚੌਰ ਸ਼ਹਿਰ ਦੇ ਕਈ ਇਲਾਕੇ ਬਲਾਚੌਰ ਮੇਨ ਚੌਂਕ ਗਹੂੰਣ ਰੋਡ, ਟਿੱਕਾ ਮਾਰਕੀਟ, ਸੂਰੀ ਹਸਪਤਾਲ, ਸ੍ਰੀ ਗੁਰੂ ਰਵਿਦਾਸ ਮਹੱਲਾ ,ਪੁਰੀ ਮੁੱਹਲਾ ਘਈ ਮਾਰਕੀਟ, ਚੌਧਰੀ ਮਾਰਕੀਟ, ਦੀ ਬਿਜਲੀ ਸਪਲਾਈ ਸਵੇਰੇ 10 ਤੋਂ 2 ਵਜੇ ਤੱਕ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ ਸਮੇਂ ਨੂੰ ਵਧਾਇਆ ਜਾ ਘਟਾਇਆ ਵੀ ਜਾ ਸਕਦਾ ਹੈ।

# ਸਫ਼ਾ ਇੱਕ ਦੀਆਂ ਬਾਕੀ....

## ਭਗਵਾਨ ਬੁੱਧ ਦੀਆਂ....

ਪਵਿੱਤਰ ਕੜੀ ਵਾਂਗ ਹਨ। ਭਾਰਤ ਤੋਂ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ਾਂ ਦਾ ਇੱਕ ਹਿੱਸਾ ਸ਼ਨੀਵਾਰ ਨੂੰ ਭੂਟਾਨ ਦੀ ਰਾਜਧਾਨੀ ਥਿੰਫੂ ਵਿੱਚ ਮੁੱਖ ਮੱਠ, ਤਾਸ਼ੀਚੋ-ਜ਼ੋਂਗ ਵਿਖੇ ਸਥਾਪਿਤ ਕੀਤਾ ਗਿਆ ਸੀ। ਇਸਨੂੰ ਭੂਟਾਨ ਦੀਆਂ ਸਭ ਤੋਂ ਉੱਚੀਆਂ ਅਧਿਆਤਮਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਕੇਂਦਰ ਮੰਨਿਆ ਜਾਂਦਾ ਹੈ। ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਟੋਬਗੇ, ਮੰਤਰੀਆਂ ਅਤੇ ਕੇਂਦਰੀ ਧਾਰਮਿਕ ਸੰਸਥਾਵਾਂ ਦੇ ਸੀਨੀਅਰ ਪਤਵੰਤਿਆਂ ਨੇ ਭਾਰਤ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਵੀਰੇਂਦਰ ਕੁਮਾਰ ਦੇ ਨਾਲ ਸਥਾਪਨਾ ਸਮਾਰੋਹ ਵਿੱਚ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਟਵਿੱਟਰ 'ਤੇ ਲਿਖਿਆ, ÷ਭਾਰਤ ਤੋਂ ਲਿਆਂਦੇ ਗਏ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ਾਂ ਦਾ ਸਤਿਕਾਰ ਨਾਲ ਸਵਾਗਤ ਕਰਨ ਲਈ ਭੂਟਾਨ ਦੇ ਲੋਕਾਂ ਅਤੇ ਲੀਡਰਸ਼ਿਪ ਦਾ ਦਿਲੋਂ ਧੰਨਵਾਦ।÷ ਉਨ੍ਹਾਂ ਇਹ ਵੀ ਕਿਹਾ ਕਿ ਇਹ ਅਵਸ਼ੇਸ਼ ਸ਼ਾਂਤੀ, ਦਇਆ ਅਤੇ ਸਦਭਾਵਨਾ ਦਾ ਸਦੀਵੀ ਸੰਦੇਸ਼ ਦਿੰਦੇ ਹਨ। ਮੋਦੀ ਨੇ ਕਿਹਾ ਕਿ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਭਾਰਤ ਅਤੇ ਭੂਟਾਨ ਦੀ ਸਾਂਝੀ ਅਧਿਆਤਮਿਕ ਵਿਰਾਸਤ ਵਿਚਕਾਰ ਇੱਕ ਪਵਿੱਤਰ ਕੜੀ ਹਨ। ਥਿੰਫੂ ਵਿੱਚ ਭਾਰਤੀ ਦੂਤਾਵਾਸ ਦੇ ਅਨੁਸਾਰ, ਭਗਵਾਨ ਬੁੱਧ ਦੇ ਇਹ ਪਵਿੱਤਰ ਅਵਸ਼ੇਸ਼ ਤਾਸ਼ੀਚੋ ਡਜ਼ੋਂਗ ਦੇ ਗ੍ਰੈਂਡ ਕੁਏਨਰੀ ਹਾਲ ਵਿੱਚ ਇੱਕ ਰਵਾਇਤੀ ਚਿਪਡਰਲ ਜਲੂਸ, ਪ੍ਰਾਰਥਨਾਵਾਂ, ਧਾਰਮਿਕ ਰਸਮਾਂ ਅਤੇ ਗਾਰਡ ਆਫ਼ ਆਨਰ ਦੇ ਨਾਲ ਸਥਾਪਿਤ ਕੀਤੇ ਗਏ ਸਨ। ਸੱਭਿਆਚਾਰ ਮੰਤਰਾਲੇ ਦੇ ਅਨੁਸਾਰ, ਇਹਨਾਂ ਅਵਸ਼ੇਸ਼ਾਂ ਨੂੰ 8 ਤੋਂ 18 ਨਵੰਬਰ ਤੱਕ ਤਾਸ਼ੀਚੋ ਡਜ਼ੋਂਗ ਦੇ ਕੁਏਨਰੀ ਹਾਲ ਵਿੱਚ ਜਨਤਕ ਦਰਸ਼ਨ ਲਈ ਰੱਖਿਆ ਜਾਵੇਗਾ, ਜੋ ਭਾਰਤ ਅਤੇ ਭੂਟਾਨ ਵਿਚਕਾਰ ਡੂੰਘੀ ਅਧਿਆਤਮਿਕ ਏਕਤਾ ਦਾ ਪ੍ਰਤੀਕ ਹੈ। ਤਾਸ਼ੀਛੋ-ਜ਼ੋਂਗ ਦੇ ਅੰਦਰ ਸਥਿਤ ਗ੍ਰੈਂਡ ਕੁਏਨਰੇ ਹਾਲ, ਜੋ ਕਿ ਇੱਕ ਕਿਲ੍ਹਾ ਅਤੇ ਇੱਕ ਮੱਠ ਦੋਵੇਂ ਹੈ, ਸਭ ਤੋਂ ਪ੍ਰਮੁੱਖ ਸਥਾਨਾਂ ਵਿੱਚੋਂ ਇੱਕ ਹੈ। ਭਗਵਾਨ ਬੁੱਧ ਦੇ ਪਿਪ੍ਰਹਵਾ ਅਵਸ਼ੇਸ਼ ਕਹੇ ਜਾਂਦੇ, ਇਹ ਅਵਸ਼ੇਸ਼ ਪਹਿਲਾਂ ਨਵੀਂ ਦਿੱਲੀ ਦੇ ਰਾਸ਼ਟਰੀ ਅਜਾਇਬ ਘਰ ਵਿੱਚ ਰੱਖੇ ਗਏ ਸਨ।

## ਮੁੱਖ ਮੰਤਰੀ ਨੇ .......

ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮਦਨ ਵਰਗਾਂ ਅਤੇ ਹਰ ਖਿੱਤੇ ਨਾਲ ਸਬੰਧਤ ਲੋਕਾਂ ਲਈ ਹੈ। ਹੋਰ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਲਈ ਤਿੰਨ ਦਿਨ ਅਤੇ ਦੋ ਰਾਤਾਂ ਦੀ ਮੁਫ਼ਤ ਠਹਿਰ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਜਿਸਟਰ ਕੀਤਾ ਗਿਆ ਹੈ ਅਤੇ ਰਜਿਸਟ ?ੇਸ਼ਨ ਲਈ ਵੋਟਰ ਆਈਡੀ ਕਾਰਡ ਲਾਜ਼ਮੀ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਏਸੀ ਬੱਸਾਂ, ਏਸੀ ਹੋਟਲ ਰਿਹਾਇਸ਼ ਅਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਬੱਸ ਵਿੱਚ ਯਾਤਰੀਆਂ ਦੀ ਸਹਾਇਤਾ ਲਈ ਇੱਕ ਸਹਾਇਕ ਹੋਵੇਗਾ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਮੈਡੀਕਲ ਟੀਮ ਵੀ ਸ਼ਰਧਾਲੂਆਂ ਦੇ ਨਾਲ ਹੋਵੇਗੀ। ਉਨ੍ਹਾਂ ਕਿਹਾ ਕਿ ਯਾਤਰਾ ਦੀ ਸਮਾਪਤੀ ਤੋਂ ਬਾਅਦ, ਸਾਰੇ ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਦੇਵੀ-ਦੇਵਤਿਆਂ, ਸੰਤਾਂ-ਪੀਰਾਂ ਅਤੇ ਸ਼ਹੀਦਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਸਾਨੂੰ ਆਪਸੀ ਭਾਈਚਾਰੇ, ਸਾਂਝ ਅਤੇ ਏਕਤਾ ਦਾ ਸੰਦੇਸ਼ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਇਸ ਨੇਕ ਕਾਰਜ ਰਾਹੀਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਮਹਾਨ ਗੁਰੂ ਸਾਹਿਬਾਨ, ਜਿਨ੍ਹਾਂ ਨੇ ਲੋਕਾਂ ਨੂੰ ਆਪਸੀ ਭਾਈਚਾਰੇ, ਏਕਤਾ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ, ਦੀਆਂ ਸਿੱਖਿਆਵਾਂ ਅਤੇ ਫ਼ਲਸਫ਼ੇ ਅਨੁਸਾਰ ਉਲੀਕੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇੱਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਕਰਕੇ ਦੇਸ਼ ਭਰ ਵਿੱਚ ਇਨ੍ਹਾਂ ਪਵਿੱਤਰ ਅਸਥਾਨਾਂ ਦੇ ਦਰਸ਼ਨ ਨਹੀਂ ਕਰ ਸਕਿਆ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਇਹ ਯੋਜਨਾ ਦੇਸ਼ ਅਤੇ ਸੂਬੇ ਭਰ ਦੇ ਵੱਖ-ਵੱਖ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਵਾਸਤੇ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਸਾਰੇ ਸ਼ਰਧਾਲੂਆਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੀ ਯਾਦ ਵਿੱਚ ਵੱਖ-ਵੱਖ ਜ਼ਿਲ੍ਹਿਆਂ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਵੱਖ-ਵੱਖ ਧਾਰਮਿਕ ਸਮਾਗਮਾਂ ਅਤੇ ਮੁੱਖ ਪ੍ਰੋਗਰਾਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਇਸ ਇਤਿਹਾਸਕ ਮੌਕੇ ਨੂੰ ਮਨਾਉਣ ਲਈ ਲੜੀਵਾਰ ਸਮਾਗਮਾਂ ਦਾ ਪ੍ਰੋਗਰਾਮ ਉਲੀਕਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਕਾਂਗਰਸ ਮੁਖੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ ਜਿਸ ਕਾਰਨ ਉਹ ਗੈਰ-ਜ਼ਿੰਮੇਵਾਰ ਅਤੇ ਤਰਕਹੀਣ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਬੇਤੁਕੇ ਬਿਆਨ ਕਿਸੇ ਆਮ ਜਾਂ ਸਮਝਦਾਰ ਵਿਅਕਤੀ ਦੁਆਰਾ ਨਹੀਂ ਦਿੱਤੇ ਜਾਂਦੇ। ਉਨ੍ਹਾਂ ਕਿਹਾ ਕਿ ਤਰਨ ਤਾਰਨ ਚੋਣਾਂ ਵਿੱਚ ਆਪਣੀ ਪਾਰਟੀ ਦੀ ਸਪੱਸ਼ਟ ਹਾਰ ਨੂੰ ਮਹਿਸੂਸ ਕਰਦਿਆਂ ਸੂਬਾ ਕਾਂਗਰਸ ਮੁਖੀ ਬੌਖਲਾਏ ਹੋਏ ਹਨ, ਜਿਸ ਕਾਰਨ ਉਹ ਅਜਿਹੀਆਂ ਘਟੀਆ ਹਰਕਤਾਂ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੂੜੇ ਦੇ ਢੇਰਾਂ ਅਤੇ ਭਾਜਪਾ ਆਗੂਆਂ ਦੇ ਘਰਾਂ 'ਚੋਂ ਕ੍ਰਮਵਾਰ ਵੀਵੀਪੈਟ ਅਤੇ ਈਵੀਐਮ ਦੀਆਂ ਪਰਚੀਆਂ ਮਿਲਣਾ ਭਾਰਤ ਦੇ ਚੋਣ ਕਮਿਸ਼ਨ ਦੇ ਕੰਮਕਾਜ ਦੇ ਨਾਲ-ਨਾਲ ਆਜ਼ਾਦ ਅਤੇ ਨਿਰਪੱਖ ਚੋਣਾਂ 'ਤੇ ਗੰਭੀਰ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ। ਮੁੱਖ ਮੰਤਰੀ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਭਾਰਤੀ ਚੋਣ ਕਮਿਸ਼ਨ ਦੀ ਘਟਦੀ ਭਰੋਸੇਯੋਗਤਾ ਲੋਕਤੰਤਰ ਲਈ ਘਾਤਕ ਸਾਬਤ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਰਾਜਨੀਤਿਕ ਪਾਰਟੀ ਈਵੀਐਮ ਅਤੇ ਵੋਟ ਚੋਰੀ 'ਤੇ ਸਵਾਲ ਉਠਾ ਰਹੀ ਹੈ ਤਾਂ ਚੋਣ ਕਮਿਸ਼ਨ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲਾਂਕਿ ਚੋਣ ਕਮਿਸ਼ਨ ਇਸ ਪ੍ਰਤੀ ਚੁੱਪ ਹੈ ਜਦੋਂ ਕਿ ਭਾਜਪਾ ਇਸਦੇ ਬੁਲਾਰੇ ਵਜੋਂ ਕੰਮ ਕਰ ਰਹੀ ਹੈ, ਜੋ ਕਿ ਸਰਾਸਰ ਗਲਤ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਪੰਜਾਬ ਯੂਨੀਵਰਸਿਟੀ 'ਚ ਪਿਛਲੇ ਦਰਵਾਜ਼ੇ ਥਾਈਂ ਦਾਖ਼ਲ ਹੋਣ ਦੀ ਜੱਦੋ-ਜਹਿਦ ਕਰ ਰਹੀ ਹੈ, ਜਿਸਨੂੰ ਕਿਸੇ ਵੀ ਕੀਮਤ 'ਤੇ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ੁਰੂਆਤ ਤੋਂ ਹੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਸਾਡੇ ਸੂਬੇ ਦੀ ਭਾਵਨਾਤਮਕ, ਸੱਭਿਆਚਾਰਕ, ਸਾਹਿਤਕ ਅਤੇ ਅਮੀਰ ਵਿਰਾਸਤ ਦਾ ਹਿੱਸਾ ਹੈ। ਭਗਵੰਤ ਸਿੰਘ ਮਾਨ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਵਜੂਦ ਨੂੰ ਬਦਲਣ ਲਈ ਲਾਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਪੰਜਾਬ ਸਰਕਾਰ ਵਿਦਿਆਰਥੀਆਂ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਕਿਸੇ ਵੀ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਪੰਜਾਬ ਵਿਰੋਧੀ ਮਾਨਸਿਕਤਾ ਤੋਂ ਪੀੜਤ ਹੈ ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੂਬੇ ਦੀਆਂ ਝਾਕੀਆਂ ਨੂੰ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੰਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ ਬੀਬੀਐਮਬੀ, ਪੰਜਾਬ ਯੂਨੀਵਰਸਿਟੀ ਅਤੇ ਹੋਰ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਭਗਵਾ ਪਾਰਟੀ ਦੇ ਸੂਬੇ ਪ੍ਰਤੀ ਵਿਰੋਧੀ ਰਵੱਈਏ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕਾਂਗਰਸ ਦੇ ਆਗੂ, ਜੋ ਭਾਰਤ ਸਰਕਾਰ ਵਿੱਚ ਅਹੁਦਿਆਂ ਲਈ ਭਾਜਪਾ ਵਿੱਚ ਸ਼ਾਮਲ ਹੋਏ ਸਨ, ਉਹ ਸਿਰਫ਼ 'ਸਜਾਵਟੀ ਮੰਤਰੀ' ਹਨ ਕਿਉਂਕਿ ਉਨ੍ਹਾਂ ਕੋਲ ਕਿਸੇ ਵੀ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਦੀ ਸ਼ਕਤੀ ਨਹੀਂ ਹੈ। ਉਨ੍ਹਾਂ ਨੇ ਚੁਟਕੀ ਲੈਂਦਿਆਂ ਕਿਹਾ ਕਿ ਜਯੋਤਿਰਦਿੱਤਿਆ ਸਿੰਧੀਆ, ਰਵਨੀਤ ਬਿੱਟੂ ਅਤੇ ਅਜਿਹੇ ਕਈ ਹੋਰਾਂ ਆਗੂਆਂ ਕੋਲ ਸੂਬਿਆਂ ਨੂੰ ਕੋਈ ਪ੍ਰੋਜੈਕਟ ਦੇਣ ਦੀ ਸ਼ਕਤੀ ਹੀ ਨਹੀਂ ਹੈ ਅਤੇ ਉਹ ਸਿਰਫ਼ ਨਾਮ ਦੇ ਕੇਂਦਰੀ ਮੰਤਰੀ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਵੱਲੋਂ ਮੁੱਖ ਸੈਕਟਰਾਂ ਦੇ ਨਿੱਜੀਕਰਨ ਨੂੰ ਵੱਡਾ ਹੁਲਾਰਾ ਦੇਣ ਦੇ ਨਾਲ ਇਨ੍ਹਾਂ ਮੰਤਰੀਆਂ ਕੋਲ ਕਰਨ ਨੂੰ ਕੁਝ ਨਹੀਂ ਹੈ ਮੁੱਖ ਮੰਤਰੀ ਨੇ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਹੜ੍ਹ ਰਾਹਤ ਲਈ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਗਏ 1600 ਕਰੋੜ ਰੁਪਏ ਅਜੇ ਤੱਕ ਨਹੀਂ ਮਿਲੇ ਹਨ। ਉਨ੍ਹਾਂ ਕਿਹਾ ਕਿ ਸਥਿਤੀ ਨੂੰ ਹੋਰ ਵਿਗਾੜਨ ਲਈ ਕੇਂਦਰ ਸਰਕਾਰ ਇਨ੍ਹਾਂ ਫੰਡਾਂ ਵਿੱਚੋਂ ਵੀ ਚੱਲ ਰਹੀਆਂ ਹੋਰ ਯੋਜਨਾਵਾਂ ਦੇ ਖ਼ਰਚਿਆਂ ਨੂੰ ਐਡਜਸਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬੇ, ਜੋ ਦੇਸ਼ ਦਾ ਅੰਨਦਾਤਾ ਅਤੇ ਖੜਗ ਭੁਜਾ ਹੈ, ਨਾਲ ਇਹ ਦੁਰਵਿਵਹਾਰ ਬੰਦ ਕਰਨਾ ਚਾਹੀਦਾ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਸੂਬੇ ਦੇ ਅੰਨ ਉਤਪਾਦਕਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ, ਇਸ ਲਈ ਸੂਬਾ ਸਰਕਾਰ ਉਨ੍ਹਾਂ ਨੂੰ 74 ਕਰੋੜ ਰੁਪਏ ਦਾ ਦੋ ਲੱਖ ਕੁਇੰਟਲ ਬੀਜ ਮੁਫ਼ਤ ਪ੍ਰਦਾਨ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਮੁਫ਼ਤ ਬੀਜ ਵੰਡਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਜੋ ਜਲਦੀ ਹੀ ਪੂਰੀ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਵੰਡਿਆ ਹੈ, ਜੋ ਕਿ ਅਜੇ ਤੱਕ ਦੇਸ਼ ਵਿੱਚ ਕਿਸੇ ਵੀ ਸੂਬਾ ਸਰਕਾਰ ਵੱਲੋਂ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਹੋਰ ਮੌਜੂਦ ਸਨ।

## 'ਆਰਐਸਐਸ ਨੂੰ ਵਿਅਕਤੀਆਂ ........

ਨੂੰ ਆਮਦਨ ਕਰ ਤੋਂ ਛੋਟ ਦਿੱਤੀ ਗਈ ਹੈ। ÷ਸਾਨੂੰ ਤਿੰਨ ਵਾਰ ਪਾਬੰਦੀ ਲਗਾਈ ਗਈ ਸੀ। ਇਸ ਲਈ ਸਰਕਾਰ ਨੇ ਸਾਨੂੰ ਮਾਨਤਾ ਦਿੱਤੀ ਹੈ। ਜੇ ਅਸੀਂ ਉੱਥੇ ਨਹੀਂ ਸੀ, ਤਾਂ ਉਨ੍ਹਾਂ ਨੇ ਕਿਸ 'ਤੇ ਪਾਬੰਦੀ ਲਗਾਈ,÷ ਆਰਐਸਐਸ ਮੁਖੀ ਨੇ ਪੁੱਛਿਆ। ਭਾਗਵਤ ਨੇ ਅੱਗੇ ਕਿਹਾ ਕਿ ਬਹੁਤ ਸਾਰੀਆਂ ਚੀਜ਼ਾਂ ਹਨ, ਜੋ ਰਜਿਸਟਰਡ ਨਹੀਂ ਹਨ। ÷ਇੱਥੋਂ ਤੱਕ ਕਿ ਹਿੰਦੂ ਧਰਮ ਵੀ ਰਜਿਸਟਰਡ ਨਹੀਂ ਹੈ,÷ ਉਨ੍ਹਾਂ ਟਿੱਪਣੀ ਕੀਤੀ। ਆਰਐਸਐਸ ਵੱਲੋਂ ਸਿਰਫ਼ ਭਗਵੇਂ ਝੰਡਿਆਂ ਦਾ ਸਤਿਕਾਰ ਕਰਨ ਅਤੇ ਭਾਰਤੀ ਤਿਰੰਗੇ ਨੂੰ ਮਾਨਤਾ ਨਾ ਦੇਣ ਦੇ ਮੁੱਦੇ 'ਤੇ, ਭਾਗਵਤ ਨੇ ਕਿਹਾ ਕਿ ਜਦੋਂ ਕਿ ਆਰਐਸਐਸ ਵਿੱਚ ਭਗਵੇਂ ਨੂੰ ਗੁਰੂ ਮੰਨਿਆ ਜਾਂਦਾ ਹੈ, ਪਰ ਭਾਰਤੀ ਤਿਰੰਗੇ ਦਾ ਬਹੁਤ ਸਤਿਕਾਰ ਹੈ।

÷ਅਸੀਂ ਹਮੇਸ਼ਾ ਆਪਣੇ ਤਿਰੰਗੇ ਦਾ ਸਤਿਕਾਰ ਕਰਦੇ ਹਾਂ, ਸ਼ਰਧਾਂਜਲੀ ਦਿੰਦੇ ਹਾਂ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਹਾਂ,÷ ਆਰਐਸਐਸ ਮੁਖੀ ਨੇ ਕਿਹਾ। ਭਾਗਵਤ ਦੀਆਂ ਟਿੱਪਣੀਆਂ ਉਦੋਂ ਆਈਆਂ ਜਦੋਂ ਕਾਂਗਰਸ ਮੁਖੀ ਮਲਿਕਾਰਜੁਨ ਖੜਗੇ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਆਰਐਸਐਸ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਉਨ੍ਹਾਂ ਦੇ ਪੁੱਤਰ ਅਤੇ ਕਰਨਾਟਕ ਦੇ ਮੰਤਰੀ ਪ੍ਰਿਯਾਂਕ ਖੜਗੇ ਨੇ ਸਰਕਾਰੀ ਸੰਸਥਾਵਾਂ ਅਤੇ ਜਨਤਕ ਥਾਵਾਂ 'ਤੇ ਆਰਐਸਐਸ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ। ਉਨ੍ਹਾਂ ਨੇ ਆਰਐਸਐਸ ਦੇ ਰਜਿਸਟ ?ੇਸ਼ਨ ਨੰਬਰ ਅਤੇ ਉਨ੍ਹਾਂ ਦੇ ਫੰਡਿੰਗ ਸਰੋਤ 'ਤੇ ਵੀ ਸਵਾਲ ਉਠਾਏ। ਭਾਗਵਤ ਨੇ ਸਪੱਸ਼ਟ ਕੀਤਾ ਕਿ ਆਰਐਸਐਸ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਸਮਰਥਨ ਨਹੀਂ ਕਰਦਾ ਹੈ। ÷ਅਸੀਂ ਵੋਟ ਰਾਜਨੀਤੀ, ਮੌਜੂਦਾ ਰਾਜਨੀਤੀ, ਚੋਣ ਰਾਜਨੀਤੀ, ਆਦਿ ਵਿੱਚ ਹਿੱਸਾ ਨਹੀਂ ਲੈਂਦੇ। ਸੰਘ ਦਾ ਕੰਮ ਸਮਾਜ ਨੂੰ ਇਕਜੁੱਟ ਕਰਨਾ ਹੈ ਅਤੇ ਰਾਜਨੀਤੀ, ਸੁਭਾਅ ਦੁਆਰਾ, ਵੰਡਣ ਵਾਲੀ ਹੈ, ਇਸ ਲਈ ਅਸੀਂ ਰਾਜਨੀਤੀ ਤੋਂ ਦੂਰ ਰਹਿੰਦੇ ਹਾਂ,÷ ਉਨ੍ਹਾਂ ਕਿਹਾ। ਆਰਐਸਐਸ ਮੁਖੀ ਨੇ ਕਿਹਾ ਕਿ ਸੰਗਠਨ ਨੀਤੀਆਂ ਦਾ ਸਮਰਥਨ ਕਰਦਾ ਹੈ। ÷ਅਸੀਂ ਨੀਤੀਆਂ ਦਾ ਸਮਰਥਨ ਕਰਦੇ ਹਾਂ। ਅਸੀਂ ਸਹੀ ਨੀਤੀ ਦਾ ਸਮਰਥਨ ਕਰਨ ਲਈ ਆਪਣੀ ਤਾਕਤ ਲਗਾਵਾਂਗੇ, ਕਿਸੇ ਵਿਅਕਤੀ ਦਾ ਨਹੀਂ, ਕਿਸੇ ਪਾਰਟੀ ਦਾ ਨਹੀਂ, ਸਗੋਂ ਨੀਤੀ ਦਾ,÷ ਉਨ੍ਹਾਂ ਨੇ ਸਮਝਾਇਆ। ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦੀ ਲਹਿਰ ਦੀ ਉਦਾਹਰਣ ਦਿੰਦੇ ਹੋਏ, ਭਾਗਵਤ ਨੇ ਕਿਹਾ ਕਿ ਸੰਘ ਦੇ ਵਲੰਟੀਅਰਾਂ ਨੇ ਇਸਦਾ ਸਮਰਥਨ ਕੀਤਾ, ਸੰਗਠਨ ਇਸਦੇ ਨਿਰਮਾਣ ਦੇ ਨਾਲ ਖੜ੍ਹਾ ਸੀ। ÷ਇਸ ਲਈ ਭਾਜਪਾ ਉੱਥੇ ਸੀ (ਇਸਦਾ ਸਮਰਥਨ ਕਰਨ ਲਈ)। ਜੇਕਰ ਕਾਂਗਰਸ ਜਾਂ ਕੋਈ ਹੋਰ ਪਾਰਟੀ ਸਮਰਥਨ ਕਰਦੀ ਤਾਂ ਅਸੀਂ ਵੀ ਉਨ੍ਹਾਂ ਦਾ ਸਮਰਥਨ ਕਰਦੇ,÷ ਉਸਨੇ ਸਮਝਾਇਆ। ÷ਸਾਡਾ ਇੱਕ ਪਾਰਟੀ ਪ੍ਰਤੀ ਵਿਸ਼ੇਸ਼ ਪਿਆਰ ਨਹੀਂ ਹੈ। ਕੋਈ ਸੰਘ ਪਾਰਟੀ ਨਹੀਂ ਹੈ। ਕੋਈ ਪਾਰਟੀ ਸਾਡੀ ਨਹੀਂ ਹੈ ਅਤੇ ਸਾਰੀਆਂ ਪਾਰਟੀਆਂ ਸਾਡੀਆਂ ਹਨ ਕਿਉਂਕਿ ਉਹ ਭਾਰਤੀ ਪਾਰਟੀਆਂ ਹਨ,÷ ਉਸਨੇ ਕਿਹਾ। ਭਾਗਵਤ ਨੇ ਕਿਹਾ ਕਿ ਆਰਐਸਐਸ ਕਿਸੇ ਨੂੰ ਬਾਹਰ ਰੱਖੇ ਬਿਨਾਂ ਪੂਰੇ ਸਮਾਜ ਨੂੰ ਸੰਗਠਿਤ ਕਰਨਾ ਚਾਹੁੰਦਾ ਹੈ ਅਤੇ ÷ਸਬਕਾ ਸਾਥ, ਸਬਕਾ ਵਿਕਾਸ÷ ਵਿੱਚ ਵਿਸ਼ਵਾਸ ਰੱਖਦਾ ਹੈ ਬਿਨਾਂ ਕੋਈ ਨਾਅਰਾ ਦਿੱਤੇ। ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ 'ਤੇ ਉਨ੍ਹਾਂ ਕਿਹਾ ਕਿ ਸੰਘ ਹਮੇਸ਼ਾ ਪਾਕਿਸਤਾਨ ਨਾਲ ਸ਼ਾਂਤੀ ਚਾਹੁੰਦਾ ਹੈ। ਸਮਾਜ ਵਿੱਚ ਜਾਤੀਵਾਦ 'ਤੇ, ਉਸਨੇ ਕਿਹਾ ਕਿ ਕੋਈ ਜਾਤੀਵਾਦ ਨਹੀਂ ਹੈ, ਸਗੋਂ ਜਾਤੀਵਾਦ ਹੈ। ਉਨ੍ਹਾਂ ਲੋਕਾਂ ਨੂੰ ਇਸ ਨਾਲ ਨਜਿੱਠਣ ਲਈ ਘਰ ਵਿੱਚ 'ਹਿੰਦੂ ਸੰਸਕਾਰ' ਪੈਦਾ ਕਰਨ ਲਈ ਕਿਹਾ।

## ਹਥਿਆਰਾਂ ਸਮੇਤ ਅੱਤਵਾਦੀ .......

ਮਾਡਿਊਲਾਂ ਦਾ ਹਿੱਸਾ ਦੱਸੇ ਜਾ ਰਹੇ ਹਨ। ਜਾਣਕਾਰੀ ਅਨੁਸਾਰ, ਇਨ੍ਹਾਂ ਅੱਤਵਾਦੀਆਂ ਦੇ ਗੁਜਰਾਤ ਆਉਣ ਦਾ ਮੁੱਖ ਕਾਰਨ ਹਥਿਆਰਾਂ ਦਾ ਆਦਾਨ-ਪ੍ਰਦਾਨ ਕਰਨਾ ਸੀ। ਉਹ ਇੱਥੋਂ ਹਥਿਆਰ ਲੈ ਕੇ ਦੂਜੇ ਰਾਜਾਂ ਵਿੱਚ ਜਾਣ ਦੀ ਯੋਜਨਾ ਬਣਾ ਰਹੇ ਸਨ ਤਾਂ ਜੋ ਇੱਕ ਵੱਡੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਜਾ ਸਕੇ ਏਟੀਐਸ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਦੀ ਸਮੇਂ ਸਿਰ ਗ੍ਰਿਫ਼ਤਾਰੀ ਨੇ ਇੱਕ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਖੁਫੀਆ ਏਜੰਸੀਆਂ ਪਿਛਲੇ ਇੱਕ ਸਾਲ ਤੋਂ ਇਨ੍ਹਾਂ ਤਿੰਨੋਂ ਅੱਤਵਾਦੀਆਂ 'ਤੇ ਲਗਾਤਾਰ ਨਜ਼ਰ ਰੱਖ ਰਹੀਆਂ ਸਨ। ਏਜੰਸੀਆਂ ਨੂੰ ਜਿਵੇਂ ਹੀ ਜਾਣਕਾਰੀ ਮਿਲੀ ਕਿ ਇਹ ਗੁਜਰਾਤ ਵਿੱਚ ਦਾਖਲ ਹੋ ਰਹੇ ਹਨ, ਏਟੀਐਸ ਟੀਮ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਪਹਿਲਾਂ, ਏਟੀਐਸ ਨੇ ਰਾਜਸਥਾਨ ਵਿੱਚ ਵੀ ਕਾਰਵਾਈ ਕੀਤੀ ਸੀ, ਜਿੱਥੇ ਸਾਂਚੋਰ ਦੇ ਇੱਕ ਮੌਲਵੀ ਓਸਾਮਾ ਉਮਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਦਾ ਸਬੰਧ ਅਫਗਾਨ ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਦੱਸਿਆ ਗਿਆ ਸੀ।

## ਗੁਰੂ ਤੇਗ ਬਹਾਦਰ ਤੋਂ .....

ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਕੇਂਦਰੀ ਮੰਤਰੀ ਨੇ ਮੈਰਾਥਨ ਨੂੰ ਹਰੀ ਝੰਡੀ ਦਿਖਾਈ ਅਤੇ ਯਾਤਰਾ 'ਤੇ ਫੁੱਲ ਵਰ੍ਹਾਏ। ਮੰਤਰੀ ਦੀ ਮੌਜੂਦਗੀ ਵਿੱਚ ÷ਹਿੰਦ ਦੀ ਚਾਦਰ, ਤੇਗ ਬਹਾਦਰ÷ ਗੀਤ ਲਾਂਚ ਕੀਤਾ ਗਿਆ। ਇਸ ਮੌਕੇ ਕੀਰਤਨ ਅਤੇ ਸ਼ਬਦ ਗਾਇਨ ਵੀ ਕੀਤਾ ਗਿਆ। ਭਾਗੀਦਾਰਾਂ ਨੇ ÷ਬੋਲੇ ਸੋ ਨਿਹਾਲ÷ ਅਤੇ ÷ਭਾਰਤ ਮਾਤਾ ਕੀ ਜੈ÷ ਦੇ ਨਾਅਰੇ ਲਗਾਏ। ਉਨ੍ਹਾਂ ਨੇ ਬਹੁਤ ਉਤਸ਼ਾਹ, ਜੋਸ਼ ਅਤੇ ਸ਼ਰਧਾ ਦਿਖਾਈ। ਇਸ ਮੌਕੇ ਨੌਜਵਾਨਾਂ ਨੇ ਗਤਕਾ ਵੀ ਪੇਸ਼ ਕੀਤਾ। ਮੈਰਾਥਨ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿੱਚ ਨੌਜਵਾਨ ਸਵੇਰੇ 5 ਵਜੇ ਐਨਡੀਆਰਆਈ ਚੌਕ ਪਹੁੰਚੇ। ਸਮਾਗਮ ਵਿੱਚ ਕੇਂਦਰੀ ਮੰਤਰੀ ਨੂੰ ਤਲਵਾਰ ਅਤੇ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਭੇਟ ਕੀਤੀ ਗਈ। ਇਸ ਮੌਕੇ ਵਿਧਾਇਕ ਜਗਮੋਹਨ ਆਨੰਦ, ਇੰਦਰੀ ਦੇ ਵਿਧਾਇਕ ਰਾਮਕੁਮਾਰ ਕਸ਼ਯਪ, ਸੰਧਵਾਂ ਦੇ ਵਿਧਾਇਕ ਯੋਗੇਂਦਰ ਰਾਣਾ, ਨੀਲੋਖੇੜੀ ਦੇ ਭਗਵਾਨਦਾਸ ਕਬੀਰਪੰਥੀ, ਡਿਪਟੀ ਕਮਿਸ਼ਨਰ ਉੱਤਮ ਸਿੰਘ, ਐਸਪੀ ਗੰਗਾ ਰਾਮ ਪੂਨੀਆ, ਮੇਅਰ ਰੇਣੂ ਬਾਲਾ ਗੁਪਤਾ, ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਪੰਜਾਬ ਸਟੇਟ ਮਨਿਸਟੀਰੀਅਲ .........

ਝਰੀਟਾਂ ਆਈਆਂ, ਉਹਨਾਂ ਦੇ ਕੱਪੜੇ ਫ਼ਟੇ, ਬਟਨ ਟੁੱਟੇ। ਇਸ ਦੇ ਰੋਸ ਵਜੋਂ ਮੁਲਾਜ਼ਮ ਸੜਕ ਦੇ ਉੱਤੇ ਹੀ ਧਰਨਾ ਲਾ ਕੇ ਬੈਠ ਗਏ। ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਮੁਲਾਜਮਾਂ ਨੂੰ ਫੌਰੀ ਰਿਹਾਅ ਕੀਤਾ ਗਿਆ। ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਨੇ ਦੱਸਿਆ ਕਿ ਇਸ ਰੈਲੀ ਅਤੇ ਰੋਸ ਮਾਰਚ ਵਿੱਚ ਜਿੱਥੇ ਪੰਜਾਬ ਦੇ ਹਰ ਜ਼ਿਲ੍ਹੇ ਵਿੱਚੋਂ ਮੁਲਾਜ਼ਮ ਕਾਰਾਂ ਅਤੇ ਬੱਸਾਂ ਰਾਹੀਂ ਹਜਾਰਾਂ ਦੀ ਗਿਣਤੀ ਵਿੱਚ ਪੁੱਜੇ ਹੋਏ ਸਨ, ਉਥੇ ਤਰਨਤਾਰਨ ਦਾ ਕਾਫੀ ਲੋਕਲ ਸਟਾਫ਼ ਦਫਤਰ ਬੰਦ ਕਰਕੇ, ਕਾਫੀ ਸਟਾਫ਼ ਚੋਣ ਰੀਹਰਸਿਲ ਕਰਕੇ ਅਤੇ ਬੂਥ ਲੈਵਲ ਤੇ ਕੰਮ ਕਰਨ ਵਾਲੇ ਕਲੈਰੀਕਲ 2*® ਵੀ ਇਸ ਵਿੱਚ ਆਪਣੇ ਦੋਪਹੀਆ ਅਤੇ ਚਾਰ ਪਹੀਆ ਵਾਹਨ ਲੈਕੇ ਜਿਲ੍ਹਾ ਪ੍ਰਧਾਨ ਗੁਰਸੇਵਕ ਸਿੰਘ, ਜਿਲ੍ਹਾ ਜਨਰਲ ਸਕੱਤਰ ਅੰਗਰੇਜ ਸਿੰਘ ਅਤੇ ਡੀਸੀ ਦਫ਼ਤਰ ਦੇ ਜਿਲ੍ਹਾ ਪ੍ਰਧਾਨ ਕਰਮਿੰਦਰ ਸਿੰਘ ਚੀਮਾ ਦੀ ਅਗਵਾਹੀ ਵਿੱਚ ਸ਼ਾਮਿਲ ਹੋਏ। ਇਸ ਰੋਸ ਮਾਰਚ ਸਮੇਂ ਪੰਜਾਬ ਸਰਕਾਰ ਦੀ ਤਰਫੋਂ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਮੁੱਖ ਮੰਤਰੀ ਪੰਜਾਬ ਨਾਲ ਕੋਈ ਮੀਟਿੰਗ ਨਿਯਤ ਨਹੀਂ ਕਰਵਾਈ। ਜਦ ਕਿ ਲੀਡਰਸ਼ਿਪ ਦਾ ਕਹਿਣਾ ਅਤੇ ਇਹ ਮੰਨਣਾ ਸੀ ਕਿ ਕੈਬਨਿਟ ਸਬ ਕਮੇਟੀ ਜਾਂ ਹੋਰ ਕਿਸੇ ਵੀ ਪੱਧਰ ਦੀ ਮੀਟਿੰਗ ਦਾ ਕੋਈ ਫਾਇਦਾ ਨਹੀਂ ਹੈ। ਜੇਕਰ ਉਹਨਾਂ ਦੀਆਂ ਮੰਗਾਂ ਤੇ ਫੈਸਲੇ ਹੀ ਮੁੱਖ ਮੰਤਰੀ ਵੱਲੋਂ ਲਏ ਜਾਣੇ ਹਨ। ਜਥੇਬੰਦੀ ਵੱਲੋਂ ਸਰਕਾਰ ਦੀ ਬੇਰੁੱਖੀ ਅਤੇ ਆਪਣੇ ਪੂਰੇ ਕਾਰਜਕਾਲ ਦੌਰਾਨ ਕੋਈ ਵੀ ਮੰਗ ਲਾਗੂ ਨਾ ਕਰਨ ਦੇ ਰੋਸ ਵਜੋਂ ਮੁਲਾਜਮਾਂ ਤੇ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਤਰਨਤਾਰਨ ਤੋਂ ਬਾਦ ਖਡੂਰ ਸਾਹਿਬ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਸਬਕ ਸਿਖਾਉਣ ਦਾ ਸੰਕਲਪ ਲਿਆ ਗਿਆ ਅਤੇ ਲਗਾਤਾਰ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ। ਜਲਦ ਹੀ ਸੂਬਾ ਪੱਧਰੀ ਮੀਟਿੰਗ ਕਰਕੇ ਅਗਲੀ ਰਣਨੀਤੀ ਅਤੇ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ। ਸੂਬਾ ਪ੍ਰੈਸ ਸਕੱਤਰ ਸੁਖਦੇਵ ਹਵਾਸ ਨੇ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਇਸ ਰੈਲੀ ਸਮੇਂ ਸੂਬਾ ਵਾਈਸ ਚੇਅਰਮੈਨ ਅਨਿਰੁਧ ਮੋਦਗਿਲ ਹੁਸ਼ਿਆਰਪੁਰ, ਸੂਬਾ ਵਧੀਕ ਜਨਰਲ ਸਕੱਤਰ ਅਮਿਤ ਅਰੋੜਾ, ਮੁੱਖ ਸਲਾਹਕਾਰ ਅਤੇ ਡੀ ਸੀ ਦਫ਼ਤਰ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ ਜਲੰਧਰ ਤੇ ਸੂਬਾ ਜਨਰਲ ਸਕੱਤਰ ਨਰਿੰਦਰ ਸਿੰਘ ਚੀਮਾ (ਕਪੂਰਥਲਾ), ਮਨਜਿੰਦਰ ਸਿੰਘ ਸੰਧੂ ਅਤੇ ਜਗਦੀਸ਼ ਠਾਕੁਰ ਸ੍ਰੀ ਅੰਮ੍ਰਿਤਸਰ ਸਾਹਿਬ, ਪਿੱਪਲ ਸਿੰਘ ਸਿੱਧੂ, ਮਨੋਹਰ ਲਾਲ ਅਤੇ ਪ੍ਰਦੀਪ ਵਿਨਾਇਕ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਖਟੜਾ ਸੂਬਾ ਪ੍ਰਧਾਨ ਸਿੱਖਿਆ ਵਿਭਾਗ, ਖੁਸ਼ਕਰਨਜੀਤ ਸਿੰਘ ਸ੍ਰੀ ਮੁਕਤਸਰ ਸਾਹਿਬ, ਜਗਸੀਰ ਸਿੰਘ ਜੱਗਾ ਬਠਿੰਡਾ ਸੂਬਾ ਪ੍ਰਧਾਨ ਪੀ ਡਬਲਿਊ ਡੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮਨਿਸਟਰੀਅਲ ਐਸੋਸੀਏਸ਼ਨ ਪੰਜਾਬ, ਸੁਖਦੇਵ ਕੰਬੋਜ ਫਾਜਲਿਕਾ, ਅਮਰੀਕ ਸਿੰਘ ਸੰਧੂ, ਵਿਕਰਮਜੀਤ ਸਿੰਘ ਅਤੇ ਬਖ਼ਸ਼ੀਸ਼ ਸਿੰਘ ਫਰੀਦਕੋਟ, ਸੰਗਤ ਰਾਮ ਕਪੂਰਥਲਾ, ਕੁਲਦੀਪ ਸਿੰਘ ਅਤੇ ਸੰਦੀਪ ਕੁਮਾਰ ਮੋਗਾ, ਜੈਮਲ ਸਿੰਘ, ਸਾਵਨ ਸਿੰਘ, ਗੁਰਜੀਤ ਰੰਧਾਵਾ, ਮੈਨੁਅਲ ਨਾਹਰ, ਸਰਬਜੀਤ ਡਿੰਗਰਾ ਗੁਰਦਾਸਪੁਰ, ਗੁਰਨਾਮ ਸਿੰਘ ਸੈਣੀ ਪਠਾਨਕੋਟ, ਅਜੇ ਸ਼ਰਮਾ ਨਵਾਂ ਸ਼ਹਿਰ, ਸੰਦੀਪ ਭੰਬੂਕ, ਸੰਦੀਪ ਕੁਮਾਰ ਲੁਧਿਆਣਾ, ਜਸਦੀਪ ਚਾਹਲ ਅਤੇ ਪ੍ਰਤਾਪ ਸਿੰਘ ਮਾਨਸਾ, ਗੁਰਪ੍ਰੀਤ ਸਿੰਘ ਬਠਿੰਡਾ, ਰਵਿੰਦਰ ਸ਼ਰਮਾ ਅਤੇ ਨਿਰਮਲ ਸਿੰਘ ਚਾਨੇ ਬਰਨਾਲਾ, ਗੁਰਮੇਲ ਸਿੰਘ ਵਿਰਕ ਪਟਿਆਲਾ ਅਤੇ ਕੰਪਿਊਟਰ ਅਧਿਆਪਕ ਜਥੇਬੰਦੀ ਦੇ ਆਗੂ ਆਦਿ ਆਪਣੇ ਸਾਥੀ ਲੈਕੇ ਹਾਜਰ ਹੋਏ।

## ਡਾ. ਅਮਨਦੀਪ ਕੌਰ ਅਰੋੜਾ.........

ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਹਰਮਨਪ੍ਰੀਤ ਕੌਰ ਦੇ ਪਿਤਾ ਹਰਮੰਦਰ ਸਿੰਘ ਭੁੱਲਰ ਅਤੇ ਮਾਤਾ ਸਤਿੰਦਰ ਕੌਰ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਕੌਂਸਲਰ ਕੁਲਵਿੰਦਰ ਸਿੰਘ ਚੱਕੀਆਂ ਅਤੇ ਕੌਂਸਲਰ ਰੀਟਾ ਚੋਪੜਾ ਦੇ ਪੁੱਤਰ ਵਿਨੀਤ ਚੋਪੜਾ ਇਸ ਮੌਕੇ ਮੌਜੂਦ ਸਨ। ਇਸ ਮੌਕੇ 'ਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ, 'ਇਹ ਟਰਾਫੀ ਸਿਰਫ਼ ਇੱਕ ਖਿਤਾਬ ਨਹੀਂ ਹੈ; ਇਹ ਇੱਕ ਐਲਾਨ ਹੈ। ਇਹ ਹਰ ਉਸ ਕੁੜੀ ਲਈ ਹੈ ਜੋ ਬੱਲਾ ਜਾਂ ਕਿਤਾਬ ਫੜੀ ਹੋਈ ਹੈ ਅਤੇ ਹੁਣ ਇਸ ਸ਼ਾਨਦਾਰ ਜਿੱਤ ਵਿੱਚ ਆਪਣੀ ਅਸੀਮ ਸਮਰੱਥਾ ਨੂੰ ਪ੍ਰਤੀਬਿੰਬਤ ਦੇਖਦੀ ਹੈ।' ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ, 'ਇਹ ਜਿੱਤ ਹਰ ਉਸ ਭਾਰਤੀ ਦੀ ਹੈ ਜੋ ਮਾਣ ਨਾਲ ਖੜ੍ਹਾ ਹੋਇਆ, ਉੱਚੀ-ਉੱਚੀ ਜੈਕਾਰੇ ਲਗਾਏ, ਅਤੇ ਪੂਰੇ ਦਿਲ ਨਾਲ ਉਮੀਦ ਕੀਤੀ, ਉਨ੍ਹਾਂ ਦਾਦੀਆਂ ਦੀ ਜਿਨ੍ਹਾਂ ਨੇ ਪ੍ਰਾਰਥਨਾ ਕੀਤੀ, ਉਨ੍ਹਾਂ ਪਿਤਾਵਾਂ ਦੀ ਜਿਨ੍ਹਾਂ ਨੇ ਕੋਚਿੰਗ ਦਿੱਤੀ, ਉਨ੍ਹਾਂ ਨੌਜਵਾਨ ਕੁੜੀਆਂ ਦੀ ਜਿਨ੍ਹਾਂ ਨੇ ਸੁਪਨੇ ਦੇਖਣ ਦੀ ਹਿੰਮਤ ਕੀਤੀ। ਹਰ ਭਾਰਤੀ ਮਾਣ ਨਾਲ ਖੜ੍ਹਾ ਹੋਵੇ।÷ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ, 'ਇਹ ਜਿੱਤ ਕੁੜੀਆਂ ਦੇ ਕ੍ਰਿਕਟ ਦੇ ਭਵਿੱਖ ਲਈ ਇੱਕ ਮੀਲ ਪੱਥਰ ਹੈ।' ਉਨ੍ਹਾਂ ਕਿਹਾ, 'ਸਾਡੀ ਭਾਰਤੀ ਮਹਿਲਾ ਟੀਮ ਨੇ ਸਿਰਫ਼ ਜਿੱਤ ਹੀ ਨਹੀਂ ਜਿੱਤੀ, ਸਗੋਂ ਬਿਰਤਾਂਤ ਨੂੰ ਬਦਲ ਦਿੱਤਾ ਹੈ।' ਉਨ੍ਹਾਂ ਅੱਗੇ ਕਿਹਾ, 'ਧੀਆਂ ਸਿਰ 'ਤੇ ਬੋਝ ਨਹੀਂ ਹਨ, ਸਗੋਂ ਸਿਰ 'ਤੇ ਤਾਜ ਹਨ, ਜਿਨ੍ਹਾਂ ਨੇ ਇਤਿਹਾਸ ਰਚਿਆ ਹੈ।'

# ਤਰਨ ਤਾਰਨ ਜ਼ਿਮਨੀ ਚੋਣ ਲਈ ਸਖ਼ਤ ਸੁਰੱਖਿਆ ਪ੍ਰਬੰਧ: ਪੰਜਾਬ ਸੀਈਓ

**ਚੰਡੀਗੜ੍ਹ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ)**:- ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣਾਂ ਲਈ ਕੇਂਦਰੀ ਹਥਿਆਰਬੰਦ ਪੁਲੀਸ ਬਲਾਂ ਦੀਆਂ ਕੁੱਲ 12 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਸਾਰੇ 114 ਪੋਲਿੰਗ ਸਟੇਸ਼ਨਾਂ (ਜਿਨ੍ਹਾਂ ਵਿੱਚ 222 ਪੋਲਿੰਗ ਬੂਥ ਹਨ) 'ਤੇ ਦੇ ਜਵਾਨ ਤਾਇਨਾਤ ਹੋਣਗੇ। ਸਾਰੇ ਪੋਲਿੰਗ ਸਟੇਸ਼ਨਾਂ 'ਤੇ ਕੈਮਰੇ ਲੱਗੇ ਹੋਣਗੇ ਅਤੇ ਵੈਬਕਾਸਟਿੰਗ ਦੀ ਸਹੂਲਤ ਵੀ ਹੋਵੇਗੀ। ਇਸ ਦੀ ਨਿਗਰਾਨੀ ਚੋਣ ਕਮਿਸ਼ਨ ਦੀ ਅਗਵਾਈ ਹੇਠ ਉੱਚ ਅਧਿਕਾਰੀ ਕਰਨਗੇ।



ਉਨ੍ਹਾਂ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਕਾਨੂੰਨ ਤੋੜਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਦੱਸ ਦਈਏ ਕਿ ਤਰਨਤਾਰਨ ਵਿੱਚ 11 ਨਵੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ 14 ਨਵੰਬਰ ਨੂੰ ਐਲਾਨੇ ਜਾਣਗੇ। ਇਹ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਜੂਨ ਵਿੱਚ ਦੇਹਾਂਤ ਹੋਣ ਕਾਰਨ ਖਾਲੀ ਹੋਈ ਸੀ।

# ਪਾਕਿਸਤਾਨ ਤੋਂ ਪਰਤੇ ਜਥੇਦਾਰ

## ਸ੍ਰੀ ਕਰਤਾਰਪੁਰ ਲਾਂਘਾ ਖੋਲ੍ਹਣ ਤੇ ਪਾਕਿਸਤਾਨੀ ਸਿੱਖਾਂ ਨੂੰ ਭਾਰਤ ਦੇ ਵੀਜੇ ਜਾਰੀ ਕਰਨ ਦੀ ਕੀਤੀ ਮੰਗ



**ਅੰਮ੍ਰਿਤਸਰ 9 ਨਵੰਬਰ ਚਰਨਜੀਤ ਸਿੰਘ** ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਤੋਂ ਪਰਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਹੁਣ ਸ੍ਰੀ ਕਰਤਾਰਪੁਰ ਲਾਂਘਾ ਖੋਹਲ ਦੇਣਾ ਚਾਹੀਦਾ ਹੈ। ਅਟਾਰੀ ਸਰਹੱਦ ਤੇ ਪੱਤਰਕਾਰਾਂ ਨਾਲ ਕਲ ਕਰਦਿਆਂ ਗਿਆਨੀ ਗੜਗੱਜ ਨੇ ਕਿਹਾ ਕਿ ਮਨੁਖੀ ਅਧਿਕਾਰਾਂ ਦੇ ਰਾਖੇ ਸਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆ ਰਹੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਤੇ ਭਾਰਤ ਸਰਕਾਰ ਸਿੱਖ ਯਾਤਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਕਰਨ ਲਈ ਖੁਲ ਦੇਵੇ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸਿੱਖਾਂ ਦੇ ਜਜਬਾਤਾਂ ਨਾਲ ਜੁੜਿਆ ਹੋਇਆ ਹੈ। ਜਥੇਦਾਰ ਨੇ ਕਿਹਾ ਕਿ ਪਾਕਿਸਤਾਨ ਅੰਦਰ ਡੇਢ ਲੱਖ ਏਕੜ ਸਿੱਖਾਂ ਦੀ ਜਮੀਨ ਹੈ ਤੇ ਜੇਕਰ ਸਿੱਖ ਸਮੇ ਸਮੇ ਤੇ ਪਾਕਿਸਤਾਨ ਆਉਦੇ ਜਾਂਦੇ ਰਹਿਣਗੇ ਤਾਂ ਜਮੀਨਾਂ ਦੀ ਵੀ ਦੇਖਭਾਲ ਹੁੰਦੀ ਰਹੇਗੀ। ਪਾਕਿਸਤਾਨ ਸਰਕਾਰ , ਲਹਿੰਦੇ ਪੰਜਾਬ ਦੀ ਸਰਕਾਰ ਤੇ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਵਲੋ ਸਿੱਖ ਯਾਤਰੀਆਂ ਲਈ ਕੀਤੇ ਪ੍ਰਬੰਧਾਂ ਤੋ ਗਦਗਦ ਜਥੇਦਾਰ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਸਿੱਖ ਯਾਤਰੀਆਂ ਦੀ ਰਿਹਾਇਸ਼ , ਆਵਾਜਾਈ ਤੇ ਹੋਰ ਹਰ ਪ੍ਰਕਾਰ ਦੇ ਪੁਖਤਾ ਪ੍ਰਬੰਧ ਕੀਤੇ ਸਨ ਜੋ ਲਾਮਿਸਾਲ ਹਨ। ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸ੍ਰ ਰਮੇਸ਼ ਸਿੰਘ ਅਰੋੜਾ ਦੀ ਤਾਰੀਫ ਕਰਦਿਆਂ ਜਥੇਦਾਰ ਨੇ ਕਿਹਾ ਕਿ ਉਹ ਦਿਨ ਰਾਤ ਮਿਹਨਤ ਕਰਕੇ ਗੁਰਦਵਾਰਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾ ਰਹੇ ਹਨ ਤੇ ਉਨਾਂ ਦੀ ਅਗਵਾਈ ਹੇਠ ਹੀ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਲਹਿੰਦੇ ਪੰਜਾਬ ਦੀ ਸਰਕਾਰ ਦੀ ਮਦਦ ਨਾਲ 17 ਹੋਰ ਗੁਰੂ ਘਰ ਸੰਗਤਾਂ ਲਈ ਖੋਹਲਣ ਜਾ ਰਹੀ ਹੈ। ਉਨਾਂ ਕਿਹਾ ਕਿ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਸ਼੍ਰੋ ?ਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਵੱਡਾ ਭਰਾ ਮੰਨਦੀ ਹੈ। ਉਨਾਂ ਪਾਕਿਸਤਾਨੀ ਸਿੱਖਾਂ ਲਈ ਵੀਜੇ ਜਾਰੀ ਕਰਨ ਦੀ ਭਾਰਤ ਸਰਕਾਰ ਪਾਸੋ ਮੰਗ ਕੀਤੀ ਤਾਂ ਕਿ ਪਾਕਿਸਤਾਨੀ ਸਿੱਖ ਵੀ ਸ੍ਰੀ ਦਰਬਾਰ ਸਾਹਿਬ ਤੇ ਪੰਜ ਤਖ਼ਤ ਸਾਹਿਨ ਦੇ ਦਰ ?ਸਨ ਦੀਦਾਰ ਕਰ ਸਕਣ।

# ਸਾਂਸਦ ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਬਾੜ੍ਹ ਪ੍ਰਭਾਵਿਤ ਕਿਸਾਨਾਂ ਲਈ ਸੈਂਕੜਿਆਂ ਏਕੜ ਜ਼ਮੀਨ ਬਹਾਲ



**ਅੰਮ੍ਰਿਤਸਰ** - ਰਾਜ ਸਭਾ ਸਾਂਸਦ ਅਤੇ ਸੂਰਜ ਫਾਊਂਡੇਸ਼ਨ ਦੇ ਚੇਅਰਮੈਨ ਪਦਮਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅਜਨਾਲਾ ਅਤੇ ਡੇਰਾ ਬਾਬਾ ਨਾਨਕ ਖੇਤਰ ਵਿੱਚ ਬਾੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡੀਸਿਲਟਿੰਗ (ਗਾਦ ਕੱਢਣ) ਅਤੇ ਡੀ-ਵਾਟਰਿੰਗ (ਪਾਣੀ ਨਿਕਾਸੀ) ਦੇ ਮਹੱਤਵਪੂਰਨ ਪ੍ਰੋਜੈਕਟਾਂ ਦੀ ਸਫਲ ਪੂਰਨਤਾ ਦਾ ਐਲਾਨ ਕੀਤਾ। ਇਸ ਵਿਸ਼ਾਲ ਪ੍ਰੋਜੈਕਟ ਅਧੀਨ ਸੈਂਕੜਿਆਂ ਏਕੜ ਉਪਜਾਊ ਜ਼ਮੀਨ, ਜੋ ਹਾਲੀਆ ਬਾੜ੍ਹ ਦੌਰਾਨ ਰੇਤ ਨਾਲ ਢੱਕ ਗਈ ਸੀ, ਨੂੰ ਮੁੜ ਖੇਤੀਯੋਗ ਬਣਾਇਆ ਗਿਆ ਹੈ। ਇਸ ਨਾਲ ਸਥਾਨਕ ਕਿਸਾਨ ਹੁਣ ਆਪਣੀ ਰਬੀ ਦੀ ਫਸਲ (ਗੇਹੂੰ) ਬੀਜਣ ਤੇ ਆਪਣੀ ਰੋਜ਼ੀ-ਰੋਟੀ ਦੁਬਾਰਾ ਸ਼ੁਰੂ ਕਰਨ ਦੇ ਯੋਗ ਹੋ ਗਏ ਹਨ।

ਡਾ. ਸਾਹਨੀ ਨੇ ਰਾਮਦਾਸ ਖੇਤਰ ਦੇ ਬਾੜ੍ਹ ਪ੍ਰਭਾਵਿਤ ਪਿੰਡ ਮਲਿਕਪੁਰ, ਜੱਟਾ ਅਤੇ ਨੰਗਲ ਸੋਹਿਲ ਅਤੇ ਡੇਰਾ ਬਾਬਾ ਨਾਨਕ ਦੇ ਧਰਮਕੋਟ ਪਤਨ ਪਿੰਡ ਦਾ ਦੌਰਾ ਕੀਤਾ ਤੇ ਪੰਜਾਬ ਦੇ ਪਿੰਡਾਂ ਵਿੱਚ ਜੀਵਨ ਅਤੇ ਜੀਵਿਕਾ ਨੂੰ ਦੁਬਾਰਾ ਸਥਾਪਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।ਪਿੰਡ ਜੱਟਾ ਵਿੱਚ, ਜਿੱਥੇ ਸੂਰਜ ਫਾਉਂਡੇਸ਼ਨ ਨੇ ਲਗਭਗ 150 ਏਕੜ ਡੁੱਬੀ ਖੇਤੀਯੋਗ ਜ਼ਮੀਨ ਤੋਂ ਪਾਣੀ ਕੱਢਣ ਦਾ ਅਭਿਆਨ ਚਲਾਇਆ, ਉਥੇ ਪਿੰਡ ਵਾਸੀਆਂ ਨੇ ਡਾ. ਸਾਹਨੀ ਦਾ ਸਨਮਾਨ ਕੀਤਾ। ਇਸ ਕੰਮ ਦੌਰਾਨ 4.5 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾ ਕੇ ਪਾਣੀ ਦੀ ਨਿਕਾਸੀ ਕੀਤੀ ਗਈ — ਜੋ ਇੱਕ ਸ਼ਾਨਦਾਰ ਇੰਜੀਨੀਅਰਿੰਗ ਉਦਾਹਰਨ ਸੀ। ਇਸ ਯਤਨ ਨਾਲ ਨਾ ਸਿਰਫ ਖੇਤੀ ਮੁੜ ਸ਼ੁਰੂ ਹੋਈ, ਸਗੋਂ ਜ਼ਮੀਨ ਦੀ ਲੰਬੇ ਸਮੇਂ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹੀ। ਪਿੰਡ ਨੰਗਲ ਸੋਹਿਲ ਵਿੱਚ, ਸੂਰਜ ਫਾਉਂਡੇਸ਼ਨ ਦੇ ਡੀਸਿਲਟਿੰਗ ਪ੍ਰੋਜੈਕਟ ਨੇ ਲਗਭਗ 40 ਏਕੜ ਜ਼ਮੀਨ ਨੂੰ ਨਵੀਂ ਜ਼ਿੰਦਗੀ ਦਿੱਤੀ, ਜੋ ਕਦੇ ਛੇ ਫੁੱਟ ਮੋਟੀ ਰੇਤ ਦੀ ਪਰਤ ਹੇਠ ਦਬੀ ਹੋਈ ਸੀ। ਅੱਜ ਇਹ ਮੁੜ ਜਾਗੇ ਖੇਤ ਆਸ ਤੇ ਨਵੇਂ ਸ਼ੁਰੂਆਤ ਦਾ ਪ੍ਰਤੀਕ ਬਣ ਚੁੱਕੇ ਹਨ।

ਡਾ. ਸਾਹਨੀ ਨੇ ਕਿਹਾ, "ਸਾਡੀ ਸੇਵਾ ਦਾ ਉਦੇਸ਼ ਇੱਜ਼ਤ, ਜੀਵਿਕਾ ਅਤੇ ਆਸ ਨੂੰ ਮੁੜ ਸਥਾਪਤ ਕਰਨਾ ਹੈ। ਨੰਗਲ ਸੋਹਿਲ ਅਤੇ ਜੱਟਾ ਦੇ ਖੇਤਾਂ ਦਾ ਪੁਨਰਜੀਵਨ ਸਿਰਫ਼ ਜ਼ਮੀਨ ਦੀ ਬਹਾਲੀ ਨਹੀਂ, ਸਗੋਂ ਸਾਡੇ ਕਿਸਾਨਾਂ, ਨੌਜਵਾਨਾਂ ਅਤੇ ਪਿੰਡਾਂ ਦੀ ਅਰਥਵਿਵਸਥਾ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਹੈ।

ਪਿੰਡ ਮਲਿਕਪੁਰ ਵਿੱਚ ਡਾ. ਸਾਹਨੀ ਨੇ ਹਾਲੀਆ ਬਾੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਪੁਨਰਵਾਸ ਕਿੱਟਾਂ ਵੰਡੀਆਂ। ਉਨ੍ਹਾਂ ਨੇ ਸੰਕਟ ਦੀ ਘੜੀ ਵਿੱਚ ਸੰਵੇਦਨਸ਼ੀਲਤਾ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਕਿਹਾ, "ਲੋਕਾਂ ਦੇ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਰਹਿਣਾ ਸਾਡਾ ਨੈਤਿਕ ਅਤੇ ਸਮਾਜਕ ਫ਼ਰਜ ਹੈ। ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਉਨ੍ਹਾਂ ਦੇ ਪੁਨਰਵਾਸ ਅਤੇ ਜੀਵਿਕਾ ਬਹਾਲੀ ਲਈ ਹਰ ਸੰਭਵ ਸਹਿਯੋਗ ਜਾਰੀ ਰੱਖਾਂਗੇ।

# ਕਲਾ ਸਾਡੇ ਜੀਵਨ ਨੂੰ ਨਿਖਾਰਨ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ: ਡਾ ਗੋਸਲ

**ਲੁਧਿਆਣਾ 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ)**:-ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਚੱਲ ਰਿਹਾ ਅੰਤਰ ਕਾਲਜ ਯੁਵਕ ਮੇਲਾ ਵਿਦਿਆਰਥੀਆਂ ਦੀ ਰਚਨਾਤਮਕ ਬੌਧਿਕਤਾ ਅਤੇ ਕਲਾ ਦਾ ਜਾਦੂ ਬਿਖੇਰਦਾ ਹੋਇਆ ਅੱਜ ਦੂਜੇ ਦਿਨ ਵਿੱਚ ਪ੍ਰਵੇਸ਼ ਕਰ ਗਿਆ। ਅੱਜ ਫੋਟੋਗ੍ਰਾਫੀ,ਕਾਰਟੂਨਿੰਗ, ਰਚਨਾਤਮਕ ਲੇਖਣੀ, ਰੰਗੋਲੀ , ਮਹਿੰਦੀ ਗ੍ਰਾਫਿਟੀ, ਸੁੰਦਰ ਲਿਖਾਈ, ਭਾਸ਼ਣ ਅਤੇ ਤਤਕਾਲੀਨ ਭਾਸ਼ਣ ਤੋਂ ਇਲਾਵਾ ਮੌਕੇ ਤੇ ਚਿਤਰਕਾਰੀ ਦੇ ਮੁਕਾਬਲੇ ਹੋਏ। ਵਿਦਿਆਰਥੀ ਭਵਨ ਅਤੇ ਪ੍ਰੀਖਿਆ ਹਾਲ ਵਿਦਿਆਰਥੀਆਂ ਦੀ ਗਰਮ ਜੋਸ਼ੀ ਅਤੇ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਦੀ ਉਤਸੁਕਤਾ ਨੂੰ ਦਰਸਾ ਰਹੇ ਸਨ। ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸਵੇਰ ਦੇ ਸੈਸ਼ਨ ਦੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਨੇ




ਕਿਹਾ ਕਿ ਕਲਾ ਸਾਡੇ ਜੀਵਨ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹਨਾਂ ਕਿਹਾ ਕਿ ਵਿਦਿਆ ਹਾਸਿਲ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਆਪਣੀਆਂ ਕਲਾਤਮਕ ਰੁਚੀਆਂ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਕਲਾਤਮਕ ਜਗਤ ਰਾਹੀਂ ਹੀ ਅਸੀਂ ਆਪਣੇ ਆਪ ਅਤੇ ਸਮਾਜ ਵਿਚਲੇ ਗੁਝੇ ਭੇਦਾਂ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਾਂ। ਡਾ ਧਰਮ ਸਿੰਘ ਸੰਧੂ, ਮੈਂਬਰ ਵਿਦਿਅਕ ਟ੍ਰਿਬਿਊਨਲ, ਪੰਜਾਬ ਸਰਕਾਰ, ਨੇ ਸ਼ਾਮ ਦੇ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਖੇਤੀ ਸੱਭਿਆਚਾਰ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਦੀ ਅਨਮੋਲ ਵਿਰਾਸਤ ਦੀ ਸੰਭਾਲ ਕਰ ਰਹੀ ਪੀਏਯੂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਜਿੱਥੇ ਖੇਤੀ ਫਸਲਾਂ ਦੀਆਂ ਅਨੇਕ ਕਿਸਮਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ, ਉੱਥੇ ਵਿਦਿਆਰਥੀਆਂ ਦੀਆਂ ਕਲਾਤਮਕ ਰੁਚੀਆਂ ਨੂੰ ਨਿਖਾਰਨ ਵਿੱਚ ਵੀ ਯੂਨੀਵਰਸਿਟੀ ਅਹਿਮ ਰੋਲ ਅਦਾ ਕਰ ਰਹੀ ਹੈ।ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਨਿਰਮਲ ਜੌੜਾ ਨੇ ਇਸ ਮੌਕੇ ਅੱਜ ਦੇ ਯੁਵਕ ਮੇਲੇ ਵਿੱਚ ਸ਼ਿਰਕਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਿੱਘਾ ਜੀ ਆਇਆ ਕਿਹਾ ਅਤੇ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ।ਸੰਯੁਕਤ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਕਮਲਜੀਤ ਸਿੰਘ ਸੂਰੀ ਨੇ ਸਭ ਲਈ ਧੰਨਵਾਦ ਦੇ ਸ਼ਬਦ ਕਹੇ। ਸਹਿਯੋਗੀ ਨਿਰਦੇਸ਼ਕ ਸੱਭਿਆਚਾਰ ਡਾ ਰੁਪਿੰਦਰ ਕੌਰ ਅਤੇ ਸ੍ਰੀ ਸਤਵੀਰ ਸਿੰਘ, ਰਜਿਸਟਰਿੰਗ ਆਫਿਸਰ ਅਤੇ ਸੰਬੰਧਿਤ ਕਾਲਜਾਂ ਦੇ ਡੀ ਡੀ ਐਮ ਸੀ ਪ੍ਰਧਾਨ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ ਸਟੇਜ ਦਾ ਸੰਚਾਲਨ ਡਾ ਦਿਵਿਆ ਉਤਰੇਜਾ ਨੇ ਬਾਖੂਬੀ ਕੀਤਾ।

# ਸਿਵਲ ਡਿਫੈਂਸ ਹੁਸ਼ਿਆਰਪੁਰ ਨੇ 'ਲਾਈਟ ਐਂਡ ਸਾਊਂਡ ਸ਼ੋਅ' 'ਚ ਕਾਇਮ ਕੀਤੀ ਅਨੁਸ਼ਾਸਨ ਅਤੇ ਸੇਵਾ ਭਾਵਨਾ ਦੀ ਮਿਸਾਲ



**ਹੁਸ਼ਿਆਰਪੁਰ, 9 ਨਵੰਬਰ :(ਦੀਪਕ ਅਗਨੀਹੋਤਰੀ)**-ਪੰਜਾਬ ਸਰਕਾਰ ਵਲੋਂ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਦਿਹਾੜੇ ਨੂੰ ਸਮਰਪਿਤ ਕਰਵਾਏ'ਲਾਈਟ ਐਂਡ ਸਾਊਂਡ ਪ੍ਰੋਗਰਾਮ' ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਡਿਫੈਂਸ ਹੁਸ਼ਿਆਰਪੁਰ ਦੀ ਟੀਮ ਨੇ ਅਨੁਸਾਸਨ, ਸਮਰਪਣ ਅਤੇ ਸੇਵਾ ਭਾਵਨਾ ਦਾ ਬਿਹਤਰੀਨ ਉਦਾਹਰਨ ਪੇਸ਼ ਕੀਤੀ। ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਦੀ ਅਗਵਾਈ ਵਿਚ ਇਸ ਇਤਿਹਾਸਕ ਆਯੋਜਨ ਵਿਚ ਸਿਵਲ ਡਿਫੈਂਸ ਵਲੰਟੀਅਰਾਂ ਨੇ ਬਜ਼ੁਰਗਾਂ, ਬਿਮਾਰ ਵਿਅਕਤੀਆਂ ਅਤੇ ਦਿਵਿਆਂਗਜਨਾਂ ਦੀ ਸਹਾਇਤਾ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਉਨ੍ਹਾਂ ਨੇ ਇਨ੍ਹਾਂ ਨੂੰ ਵੀਲ੍ਹਚੇਅਰਾਂ ਰਾਹੀਂ ਪ੍ਰੋਗਰਾਮ ਵਾਲੀ ਜਗ ?ਾ ਤੱਕ ਪਹੁੰਚਾਇਆ, ਜਿਸ ਨਾਲ ਪ੍ਰੋਗਰਾਮ ਵਿਚ ਆਏ ਸਾਰੇ ਦਰਸ਼ਕਾਂ ਨੂੰ ਸੁਵਿਧਾ ਅਤੇ ਸਨਮਾਨ ਦਾ ਅਹਿਸਾਸ ਹੋਇਆ। ਇਹ ਕੰਮ ਸੇਵਾ ਅਤੇ ਮਾਨਵਤਾ ਦੀ ਭਾਵਨਾ ਦਾ ਸ਼ਕਤੀਸ਼ਾਲੀ ਪ੍ਰਤੀਕ ਬਣਿਆ। ਇਸ ਮੌਕੇ ਜਿਥੇ ਡਿਸਟ੍ਰਿਕਟ ਕਮਾਂਡਰ, ਪੰਜਾਬ ਹੋਮ ਗਾਰਡਜ਼-ਕਮ-ਐਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਰਵੇਲ ਸਿੰਘ ਰੰਧਾਵਾ ਅਤੇ ਕੰਪਨੀ ਕਮਾਂਡਰ ਮਨਿੰਦਰ ਸਿੰਘ ਹੀਰਾ ਦਾ ਮਾਰਗ ਦਰਸ਼ਨ ਅਤੇ ਸਹਿਯੋਗ ਬਹੁਤ ਸ਼ਲਾਘਾਯੋਗ ਰਿਹਾ, ਉਥੇ ਡਿਪਟੀ ਚੀਫ ਵਾਰਡਨ ਪ੍ਰਮੋਦ ਸ਼ਰਮਾ ਦੀ ਅਗਵਾਈ ਵਿਚ ਟੀਮ ਨੇ ਸੇਵਾ, ਅਨੁਸ਼ਾਸਨ ਅਤੇ ਸਹਿਯੋਗ ਦੀ ਭਾਵਨਾ ਨੂੰ ਉਜਾਗਰ ਕੀਤਾ। ਪ੍ਰੋਗਰਾਮ ਵਿਚ ਕਮਲ ਕਿਸ਼ੋਰ, ਈਸ਼ਵਰ ਬਾਂਸਲ, ਤਾਰਕ ਸ਼ਰਮਾ, ਅਸ਼ਵਨੀ ਸ਼ਰਮਾ, ਪਵਨ ਸ਼ਰਮਾ, ਤਰਸਵੀ ਸ਼ਰਮਾ, ਕਰਮਜੀਤ ਸਿੰਘ, ਅਮਰਜੀਤ ਸਿੰਘ, ਵਿਕਾਸ ਸ਼ਰਮਾ, ਰਾਕੇਸ਼ ਕੁਮਾਰ, ਸੰਜੀਵ ਕੁਮਾਰ ਸ਼ਰਮਾ, ਅਸ਼ਵਨੀ ਵਰਮਾ, ਦੀਪਾਲੀ ਸ਼ਰਮਾ, ਗੀਤਾ ਰਾਣੀ, ਸੋਹਨ ਕੌਰ, ਅਮਿਤ ਸ਼ਰਮਾ, ਸੌਰਵ ਸ਼ਰਮਾ, ਮੁਨੀਰ ਕੁਮਾਰ, ਸਜਲ ਸ਼ਰਮਾ, ਹਰਸ਼, ਸੁਮਿਤ ਗੁਪਤਾ, ਪ੍ਰਣਵ ਬਾਂਸਲ, ਨਿਖਿਲ ਬਾਂਸਲ, ਗੀਨਾ ਮੇਹਰਾ, ਜਸਵਿੰਦਰ ਕੌਰ, ਕਪਿਲ ਦੇਵ, ਯੋਗੇਸ਼ ਓਹਰੀ, ਬਲਦੀਪ ਕੌਰ, ਭੁਪਿੰਦਰ, ਕਾਰਤਿਕ, ਕੈਂਥ, ਦੀਪਕ ਪਰਾਸ਼ਰ, ਇਸ਼ਤਾ, ਸਾਗਰ, ਸਿਧਾਰਥ ਵਸ਼ਿਸ਼ਠ, ਪੀਯੂਸ਼ ਕੁਮਾਰ ਸਮੇਤ ਹੋਰ ਵਲੰਟੀਅਰਾਂ ਨੇ ਸ਼ਾਨਦਾਰ ਸੇਵਾਵਾਂ ਨਿਭਾਈਆਂ।


# ਕਲਾਸੀਫਾਈਡ

## ਨਾਮ ਬਦਲੀ

➢ **I, Harish** S/o Baljit Ram R/o Vill: Punnu Mazara Teh-Nawanshahr Distt. SBS Nagar have changed my name from Harish to Harish Singh. Harish as given name and Singh as surname.

➢ **I, Seema** D/o Balvir Chand R/o Vill-Palli Jhikki Teh-Nawanshahr Distt. SBS Nagar, Punjab have changed my name and i shall hereafter be known as Simranjit Kaur.

➢ **I, Navpreet Kumar Khullar** S/o Mehanga Lal R/o W.No.24/799 Guru Shri Chander Nagar Bahona Chowk Moga Have Changed My Name To Navpreet Kumar.

## ਬੇਦਖਲੀ

➢ **ਮੈਂ, ਜਮੀਲਾ** ਪਤਨੀ ਖੈਰਦੀਨ ਵਾਸੀ ਭੂਮਸੀ, ਮਾਲੇਰਕੋਟਲਾ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਸ਼ਾਹਿਦ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀਂ ਹੋਵੇਗਾ।

➢ **ਮੈਂ ਸੰਨੀ** ਪੁੱਤਰ ਵੀਰੂ ਨਿਵਾਸੀ ਵਾਰਡ ਨੰ 30, ਨਿਗਾਹਾ ਰੋਡ ਮਿਰਚਾ ਵਾਲੀ ਚੱਕੀ, ਮੋਗਾ (ਮੋਗਾ) ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਮਨੀ ਜੋ ਕਿ ਮੈਨੂੰ ਤੰਗ ਪ੍ਰੇਸ਼ਾਨ ਕਰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

➢ **ਮੈਂ ਬਲਵੀਰ ਸਿੰਘ** ਪੁੱਤਰ ਮਲਕੀਤ ਸਿੰਘ ਵਾਸੀ ਸੀਚੇਵਾਲੀ ਤਹਿਸੀਲ ਸ਼ਾਹਕੋਟ ਜਿਲ੍ਹਾ ਜਲੰਧਰ ਆਪਣੀ ਲੜਕੀ ਕੋਮਲਪ੍ਰੀਤ ਕੌਰ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਕਿਉਂਕਿ ਉਹ ਮੇਰੀ ਕਹਿਣੇਕਾਰ ਨਹੀਂ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਨਾਮ ਬਦਲੀ

➢ **ਮੈਂ ਵਿਵਾਸ਼,** ਪਿੰਡ ਸਿੰਘ ਪੁਰ ਦੋਨਾਂ, ਡਾਕਘਰ ਰਸੂਲਪੁਰ ਕਲਾਂ, ਜਿਲ੍ਹਾ ਜਲੰਧਰ, ਆਪਣਾ ਨਾਮ ਬਦਲ ਕੇ ਬਲਵੰਤ ਸਿੰਘ ਰੱਖ ਲਿਆ ਹੈ।

➢ **ਮੈਂ, ਸਿੰਘ ਅਵਤਾਰ** ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਕੱਦੋਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨੇ ਆਪਣਾ ਨਾਮ ਅਵਤਾਰ ਸਿੰਘ ਤੋਂ ਬਦਲ ਕੇ ਸਿੰਘ ਅਵਤਾਰ ਰੱਖ ਲਿਆ ਹੈ।

➢ **ਮੈਂ ਸੰਦੀਪ ਕੌਰ** ਪਤਨੀ ਗੁਰਪਿੰਦਰ ਸਿੰਘ ਕੰਗ ਵਾਸੀ ਰਾਓਵਾਲ (ਮੋਗਾ) ਨੇ ਆਪਣਾ ਨਾਮ ਸੰਦੀਪ ਕੌਰ ਤੋਂ ਸੰਦੀਪ ਕੌਰ ਕੰਗ ਰੱਖ ਲਿਆ ਹੈ।

➢ **ਮੈਂ ਚੰਚਲ** ਪਤਨੀ ਅਸ਼ੋਕ ਕੁਮਾਰ ਵਾਸੀ ਮ.ਨੰ. 243 ਵਾਰਡ ਨੰ. 31 ਪੱਤੀ ਖੇੜਾ ਪੁਰਾਣਾ ਮੋਗਾ ਜਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਵਿਆਹ ਤੋਂ ਬਾਅਦ ਮੈਨੂੰ ਨੀਲਮ ਤੇ ਚੰਚਲ ਉਰਫ ਚੰਚਲ ਸਾਹਨੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

➢ **ਮੈਂ ਪਰਮਜੀਤ ਕੌਰ ਗਿੱਲ** ਪਤਨੀ ਚੜਤ ਸਿੰਘ ਗਿੱਲ ਵਾਸੀ ਮੋਗਾ ਜਿਲ੍ਹਾ ਮੋਗਾ ਤੋਂ Paramjit Kaur Gill alias Paramjeet Kaur Gill ਮੈਨੂੰ ਇਨ੍ਹਾਂ ਦੋਵਾਂ ਨਾਮਾਂ ਨਾਲ ਜਾਣਿਆ ਜਾਦਾ ਹੈ।

➢ **ਮੈ ਸਵਰਨ ਕੌਰ ਸੇਖੋਂ** ਪਤਨੀ ਪਾਲ ਸਿੰਘ ਵਾਸੀ ਪਿੰਡ ਤਤਾਰੀਏ ਵਾਲਾ (ਮੋਗਾ) ਨੇ ਆਪਣਾ ਨਾਮ ਬਦਲ ਕੇ ਸਵਰਨ ਕੌਰ ਰੱਖ ਲਿਆ ਹੈ।

➢ **I, Sanjeev Kumar** S/o Bhajan Ram R/o Vill-Durgapur Po. Kulam Teh-Nawanshahr Distt-SBS Nagar, Pin-144514, Pb, have changed my name from Sanjeev Kumar to Sanjeev Kumar Bhatia.

## ਆਮ ਸੂਚਨਾ

➢ **ਮੈਂ ਰਵੀ ਕੁਮਾਰ** ਮੇਰੇ ਪਿਤਾ ਸ਼੍ਰੀ ਮੁਕੰਦੀ ਲਾਲ ਦਾ ਰਜਿਸਟਰਡ ਕਾਨੂੰਨੀ ਵਾਰਿਸ ਹੋਣ ਦੇ ਨਾਤੇ ਹਰ ਆਮ ਅਤੇ ਖਾਸ ਨੂੰ ਸੂਚਿਤ ਕਰਦਾ ਕਿ ਮੇਰੇ ਪਿਤਾ ਸ਼੍ਰੀ ਮੁਕੰਦੀ ਲਾਲ ਜੋ ਕਿ 15/03/ 2024 ਨੂੰ ਸਵਰਗਵਾਸ ਹੋ ਗਏ ਸਨ ਉਹ ਮੁਕੰਦੀ ਲਾਲ ਅਤੇ ਮੁਕੰਦੀ ਲਾਲ ਗਰਗ ਦੋਵਾਂ ਨਵਾਂ ਨਾਲ ਜਾਣੇ ਜਾਂਦੇ ਸਨ ।ਇਹ ਇੱਕ ਹੀ ਵਿਅਕਤੀ ਦੇ ਨਾਮ ਹਨ । ਕਿਰਪਾ ਕਰਕੇ ਸੰਬੰਧਿਤ ਨੋਟ ਕਰਨ ।


ਦੇਸ਼ ਪ੍ਰਦੇਸ਼ ਮੀਡੀਆ ਵੱਲੋਂ ਰਾਜੀਵ ਜੈਨ ਪ੍ਰਕਾਸ਼ਕ, CHANDIGARH OFFICE S.C.O 1136, SECTOR 22-B, CHANDIGARH ਅਤੇ MOHALI OFFICE ਪਲਾਟ ਨੰਬਰ 7-8, ਕਿਲ੍ਹਾ ਕੰਪਲੈਕਸ, ਐਸ.ਏ.ਐਸ ਨਗਰ (ਮੋਹਾਲੀ) 140301 ਤੋਂ ਪ੍ਰਕਾਸ਼ਿਤ ਕੀਤਾ। (ਪੀ.ਆਰ.ਬੀ ਐਕਟ ਤਹਿਤ ਖ਼ਬਰਾਂ ਦੇ ਚੋਣ ਲਈ ਜ਼ਿੰਮੇਵਾਰ) ਪ੍ਰਿੰਟਰ : ਤੰਨਮੇ ਮਹੇਸ਼ਵਰੀ ਇੰਪ੍ਰੈਸ਼ਨਜ਼ ਪ੍ਰਿੰਟਿੰਗ, ਇੰਡਸਟ੍ਰੀਅਲ ਏਰੀਆ, ਫ਼ੇਜ਼ 2, ਪੰਚਕੂਲਾ, ਹਰਿਆਣਾ 134113 ਤੋਂ ਛਪਵਾਇਆ। ਮੁੱਖ ਸੰਪਾਦਕ ਅਤੇ ਮਾਲਿਕ: ਸ਼ਸ਼ੀ ਪਾਲ ਜੈਨ, ਚੰਡੀਗੜ੍ਹ ਦਫ਼ਤਰ: ਐਸਸੀਓ 1136, ਸੈਕਟਰ 22-ਬੀ ਚੰਡੀਗੜ੍ਹ। ਖ਼ਬਰਾਂ ਦੀ ਜਵਾਬਦੇਹੀ ਪੱਤਰਕਾਰ ਦੀ ਹੋਵੇਗੀ। ਇਸ਼ਤਿਹਾਰਾਂ ਦੀ ਪਾਠਕ ਆਪ ਦੇਖਰੇਖ ਕਰਕੇ ਹੀ ਸਮਾਨ ਖਰੀਦਣ, ਅਦਾਰੇ ਦੀ ਕਿਸੇ ਵੀ ਸਮਾਨ ਵਿੱਚ ਸਹਿਮਤੀ ਨਹੀਂ। ਰਾਜਨੀਤਿਕ, ਸਮਾਜਿਕ ਇਸ਼ਤਿਹਾਰ ਲਈ ਪੱਤਰਕਾਰ ਜਵਾਬਦੇਹ ਹੋਵੇਗਾ। ਲੇਖ, ਆਰਟੀਕਲ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ। ਕਿਸੇ ਵੀ ਵਿਵਾਦ ਵਿੱਚ ਖਰੜ ਦੀ ਅਦਾਲਤ ਹੀ ਮੰਨੀ ਜਾਵੇਗੀ।

# ਡਾ. ਬਲਬੀਰ ਸਿੰਘ ਵੱਲੋਂ ਸਾਧੂ ਬੇਲਾ ਰੋਡ, ਅਰਬਨ ਅਸਟੇਟ ਪਟਿਆਲਾ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਪਟਿਆਲਾ, 9 ਨਵੰਬਰ (ਰਾਜਿੰਦਰ ਸਿੰਘ ਥਿੰਦ):** ਪੰਜਾਬ ਦੇ ਸਿਹਤ ਤੇ ਪਰਿਵਾਰ ਕਲਿਆਣ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਾਧੂ ਬੇਲਾ ਰੋਡ, ਅਰਬਨ ਅਸਟੇਟ ਫੇਜ਼-2, ਪਟਿਆਲਾ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਤੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਦੇ ਹਰ ਸ਼ਹਿਰ, ਕਸਬੇ ਤੇ ਪਿੰਡ ਦੀ ਸੰਪੂਰਨ ਵਿਕਾਸ ਯੋਜਨਾ ਤਹਿਤ ਕੰਮ ਕਰ ਰਹੀ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਵਿਕਾਸ ਕਾਰਜ ਸਥਾਨਕ ਵਸਨੀਕਾਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁਰੂ ਕੀਤੇ ਗਏ ਹਨ। ਇਸ ਪ੍ਰੋਜੈਕਟ ਅਧੀਨ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ, ਡਰੇਨੇਜ ਪ੍ਰਣਾਲੀ ਦੀ ਸੁਧਾਰ ਅਤੇ ਸਫਾਈ ਸਹੂਲਤਾਂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਪਟਿਆਲਾ ਜਿਹੇ ਇਤਿਹਾਸਕ ਸ਼ਹਿਰ ਨੂੰ ਸੁਚੱਜਾ, ਸੁੰਦਰ ਅਤੇ ਆਧੁਨਿਕ ਸੁਵਿਧਾਵਾਂ ਨਾਲ ਲੈਸ ਕੀਤਾ ਜਾਵੇ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਹਿਲਾਂ ਇਹ ਸੜਕ ਕੁਝ ਸਮੇਂ ਬਾਅਦ ਹੀ ਟੁੱਟ ਜਾਂਦੀ ਸੀ, ਪਰ ਹੁਣ ਨਵੇਂ ਮਿਆਰਾਂ ਅਨੁਸਾਰ ਬਣ ਰਹੀ ਇਹ ਸੜਕ ਪੰਜ ਸਾਲਾਂ ਤੋਂ ਵੱਧ ਚੱਲੇਗੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰ ਵਿਕਾਸ ਕਾਰਜ ਦੀ ਗੁਣਵੱਤਾ ਉੱਚ ਦਰਜੇ ਦੀ ਹੋਵੇ, ਤਾਂ ਜੋ ਲੋਕਾਂ ਦੇ ਪੈਸੇ ਦੀ ਪੂਰੀ ਕਦਰ ਹੋ ਸਕੇ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇ ਨਾਲ ਨਾਲ ਉਨ੍ਹਾਂ ਦੇ ਆਸ-ਪਾਸ ਦੇ ਵਾਤਾਵਰਨ ਨੂੰ ਵੀ ਸੁਧਾਰਨਾ, ਕਿਉਂਕਿ ਸਾਫ਼-ਸੁਥਰਾ ਇਲਾਕਾ ਹੀ ਚੰਗੀ ਸਿਹਤ ਦੀ ਨੀਂਹ ਹੈ। ਇਸ ਮੌਕੇ ਤੇ ਉਨ੍ਹਾਂ ਨੇ ਕਿਹਾ ਕਿ ਪਟਿਆਲਾ ਵਿੱਚ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਰਕਾਰ ਵੱਲੋਂ ਕਈ ਪ੍ਰੋਜੈਕਟਾਂ 'ਤੇ ਕੰਮ ਜਾਰੀ ਹੈ। ਓਹਨਾ ਕਿਹਾ ਕਿ ÷ਆਮ ਲੋਕਾਂ ਦੀ ਭਲਾਈ ਸਾਡੀ ਪਹਿਲ ਹੈ ਅਤੇ ਲੋਕਾਂ ਦੇ ਸਹਿਯੋਗ ਨਾਲ ਪਟਿਆਲਾ ਨੂੰ ਇੱਕ ਮਾਡਲ ਸ਼ਹਿਰ ਬਣਾਇਆ ਜਾਵੇਗਾ, ਡਾ. ਬਲਬੀਰ ਸਿੰਘ ਨੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ ਅਤੇ ਭਰੋਸਾ ਦਿਵਾਇਆ ਕਿ ਹਰ ਮੁੱਦੇ ਦਾ ਨਿਪਟਾਰਾ ਤੁਰੰਤ ਕੀਤਾ ਜਾਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਸਾਰੇ ਕੰਮ ਸਮੇਂ 'ਤੇ ਪੂਰੇ ਕੀਤੇ ਜਾਣ। ਇਸ ਮੌਕੇ 'ਤੇ ਮੌਜੂਦ ਸਮਾਜ ਸੇਵਕ ਅਤੇ ਇਲਾਕਾ ਵਾਸੀਆਂ ਨੇ ਡਾ. ਬਲਬੀਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਤੋਂ ਮੌਂਟੀ ਘੁੰਮਣ, ਓਮ ਪ੍ਰਕਾਸ਼ ਸ਼ਰਮਾ, ਸੁਰੇਸ਼ ਰਾਏ, ਸੁਰਜੀਤ , ਰਾਜਪਾਲ, ਪ੍ਰੀਤ ਇੰਦਰ ਸਿੰਘ, ਰਣਜੀਤ ਸਿੰਘ, ਨਿਸ਼ਾਦ, ਮੋਹਨ ਸਿੰਘ ਖਾਲਸਾ, ਜਸਵੰਤ ਸਿੰਘ, ਹਰਮੇਸ਼, ਵਰਿੰਦਰ ਸਿੰਘ, ਨੰਦ ਲਾਲ ਪਾਹਵਾ, ਪੀ ਡੀ ਏ ਦਫ਼ਤਰ ਤੋਂ ਚੀਫ਼ ਇੰਜੀਨੀਅਰ ਅਜੇ ਗਰਗ, ਐਸ ਈ ਵਰੁਣ ਗਰਗ, ਐਕਸੀਅਨ ਸੰਦੀਪ ਕੁਮਾਰ ਸ਼ਰਮਾ, ਐਸ ਡੀ ਓ ਰਾਜੀਵ ਕੁਮਾਰ, ਜੇ ਈ ਅਵਤਾਰ ਸਿੰਘ, ਪ੍ਰੈਜ਼ੀਡੈਂਟ ਯੁਵਰਾਜ ਸਿੰਘ , ਸਾਗਰ ਤਿਆਗੀ, ਐਸੋਸੀਏਸ਼ਨ ਮੈਂਬਰਜ਼ ਰਣਜੀਤ ਸਿੰਘ, ਜੀਤ ਸਿੰਘ, ਵੀ ਕੇ ਸ਼ਰਮਾ, ਜੇ ਪੀ ਸਿੰਘ, ਜਗਰੂਪ ਸਿੰਘ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

# ਵੜਿੰਗ ਦੇ ਪੁੱਠੇ ਬਿਆਨ ਆਪ ਪਾਰਟੀ ਨਾਲ ਅੰਦਰੂਨੀ ਸਮਝੌਤੇ ਦਾ ਸੰਕੇਤ- ਹਰਪਾਲਪੁਰ




**ਘਨੌਰ/ਪਟਿਆਲਾ, 9 ਨੰਵਬਰ (ਰਾਜਿੰਦਰ ਸਿੰਘ ਥਿੰਦ):** ਪੰਜਾਬ ਵਿੱਚ ਹੋ ਰਹੀ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਰਾਜਾ ਬੜਿੰਗ ਪਿਛਲੇ ਦਿਨਾਂ ਤੋਂ ਪੁੱਠੇ ਸਿੱਧੇ ਬਿਆਨ ਦੇ ਕੇ ਵਿਵਾਦਾਂ ਵਿੱਚ ਹਨ ਪਰ ਅੰਦਰੂਨੀ ਸਚਾਈ ਇਹ ਹੈ ਕਿ ਆਮ ਆਦਮੀ ਪਾਰਟੀ ਦਾ ਤੇ ਪੰਜਾਬ ਕਾਂਗਰਸ ਦਾ ਅੰਦਰ ਖਾਤੇ ਸਮਝੌਤਾ ਹੋ ਚੁੱਕਿਆ ਹੈ ਕਾਂਗਰਸ ਦਾ ਪੰਜਾਬ ਪ੍ਰਧਾਨ ਰਾਜਾ ਬੜਿੰਗ ਜਾਣ ਬੁੱਝ ਕੇ ਪੁੱਠੇ ਸਿੱਧੇ ਬਿਆਨ ਦੇ ਕੇ ਕਾਂਗਰਸ ਪ੍ਰਤੀ ਨਰਾਜ਼ਗੀ ਪੈਦਾ ਕਰਕੇ ਵੋਟਰਾਂ ਨੂੰ ਝਾੜੂ ਪਾਰਟੀ ਵੱਲ ਧੱਕਣ ਦਾ ਯਤਨ ਕਰ ਰਿਹਾ ਹੈ। ਇਹਨਾ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਤੇ ਭਾਜਪਾ ਦੇ ਹਲਕਾ ਘਨੌਰ ਤੋਂ ਮੈਂਬਰਸ਼ਿਪ ਇੰਚਾਰਜ ਹਰਵਿੰਦਰ ਸਿੰਘ ਹਰਪਾਲ ਪੁਰ ਨੇ ਕੀਤਾ। ਹਰਪਾਲਪੁਰ ਨੇ ਕਿਹਾ ਕਿ ਰਾਜਾ ਬੜਿੰਗ ਆਪਣੇ ਵਿਰੁੱਧ ਚੱਲ ਰਹੀਆਂ ਇੰਨਕੁਆਰੀਆ ਨੂੰ ਠੀਕ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਨ੍ਹਾਂ ਪ੍ਰਤੀ ਸਰਕਾਰ ਦੀ ਸਖ਼ਤੀ ਨੂੰ ਨਰਮ ਕੀਤਾ ਜਾ ਸਕੇ। ਹਰਪਾਲਪੁਰ ਨੇ ਕਿਹਾ ਭਾਜਪਾ ਉਮੀਦਵਾਰ ਦੀ ਵਧ ਰਹੀ ਤਾਕਤ ਤੋਂ ਸਾਰੀਆਂ ਸਿਆਸੀ ਪਾਰਟੀਆਂ ਬੁਖਲਾਟ ਵਿੱਚ ਹਨ ਤੇ ਭਾਜਪਾ ਦਾ ਰਾਹ ਰੋਕਣ ਲਈ ਘਟੀਆ ਹੱਥਕੰਡੇ ਵਰਤਣ ਦੀ ਖੇਡ ਖੇਡਣ ਦੀ ਤਾਕ ਵਿੱਚ ਹਨ। ਹਰਪਾਲਪੁਰ ਨੇ ਕਿਹਾ ਕਿ ਭਾਜਪਾ 2027 ਵਿੱਚ ਪੰਜਾਬ ਚ ਸਰਕਾਰ ਬਣਾਉਣ ਲਈ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ ਪੰਜਾਬ ਦੇ ਲੋਕਾਂ ਨੇ ਸਾਰੀਆਂ ਪਾਰਟੀਆਂ ਦੇ ਰਾਜ ਭਾਗ ਨੂੰ ਹੰਡਾਇਆ ਹੈ ਤੇ ਪੱਲੇ ਨਿਰਾਸ਼ਾ ਹੀ ਪਈ ਹੈ ਤੇ ਹੁਣ ਪੰਜਾਬ ਦਿੱਲੀ ਅਤੇ ਹਰਿਆਣਾ ਵਿੱਚ ਭਾਜਪਾ ਦੀ ਸਰਕਾਰਾਂ ਦੇ ਲੋਕ ਪੱਖੀ ਫੈਸਲੇ ਵੇਖ ਕੇ ਪੰਜਾਬ ਚ ਵੀ ਭਾਜਪਾ ਦੀ ਸਰਕਾਰ ਬਣਾਉਣ ਲਈ ਯਤਨਸ਼ੀਲ ਹਨ। ਹਰਪਾਲਪੁਰ ਨੇ ਕਿਹਾ ਕਿ ਪੰਜਾਬ ਦੀ ਵਿਗੜ ਰਹੀ ਕਾਨੂੰਨ ਵਿਵਸਥਾ ,ਗੈਂਗਸਟਰਵਾਦ, ਭ੍ਰਿਸ਼ਟਾਚਾਰ, ਨਸ਼ਿਆਂ,ਬੇਰੁਜ਼ਗਾਰੀ ਅਤੇ ਆਰਥਿਕ ਤੌਰ ਤੇ ਕਰਜਾਈ ਹੋਏ ਪੰਜਾਬ ਨੂੰ ਸਿਰਫ਼ ਤੇ ਸਿਰਫ਼ ਭਾਜਪਾ ਸਰਕਾਰ ਹੀ ਪੈਰਾਂ ਸਿਰ ਕਰ ਸਕਦੀ ਹੈ ਜਿਸ ਨੂੰ ਕਿ ਲੋਕ ਭਲੀਭਾਂਤ ਸਮਝ ਚੁੱਕੇ ਹਨ।

# ਪੰਜਾਬ ਕਾਂਗਰਸ 'ਚ ਵੱਡੇ ਪੱਧਰ 'ਤੇ ਰੱਦੋਬਦਲ ਜਲਦ ਰਾਹੁਲ ਗਾਂਧੀ ਵਲੋਂ ਗੁਪਤ ਸੂਚੀ ਕੀਤੀ ਤਿਆਰ

**ਪਟਿਆਲਾ, 9 ਨੰਵਬਰ (ਰਾਜਿੰਦਰ ਸਿੰਘ ਥਿੰਦ):** ਰਾਹੁਲ ਗਾਂਧੀ ਦੇ ਦਰਬਾਰ ਵਿਚ ਪੰਜਾਬ ਕਾਂਗਰਸ ਵਿਚ ਜ਼ਿਲ੍ਹਾ ਪ੍ਰਧਾਨਾਂ ਦੀ ਸੀਕ੍ਰੇਟ ਲਿਸਟ ਰੈਡੀ ਹੈ ਪਰ ਹਾਈਕਮਾਨ ਨੇ ਸਿਆਸੀ ਰੂਪ ਵਿਚ ਤਰਨਤਾਰਨ ਜ਼ਿਮਨੀ ਚੋਣ ਦੇ ਨਤੀਜਿਆਂ ਦੀ ਉਡੀਕ ਕਰਨ ਦਾ ਫ਼ੈਸਲਾ ਲਿਆ ਹੈ। ਕਿਉਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਭਰ ਵਿਚ ਮੌਜੂਦਾ ਪ੍ਰਧਾਨਾਂ ਅਤੇ ਨਵੇਂ ਚਿਹਰਿਆਂ ਦੀ ਟੱਕਰ ਵੇਖਣ ਨੂੰ ਮਿਲੇਗੀ ਪਰ ਸੰਗਠਨ ਸਿਰਜਨ ਮੁਹਿੰਮ ਦੇ ਕਲਾਈਮੈਕਸ ਨੂੰ ਹਾਲੇ ਜਨਤਕ ਇਸ ਲਈ ਨਹੀਂ ਕੀਤਾ ਗਿਆ ਤਾਂ ਜੋ ਦਾਅਵੇਦਾਰਾਂ ਵਿਚ ਅਸੰਤੋਸ਼ ਜਾਂ ਧੜੇਬੰਦੀ ਦਾ ਅਸਰ ਸਿੱਧੇ ਤੌਰ 'ਤੇ 11 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ 'ਤੇ ਨਾ ਪਵੇ। ਹਾਈਕਮਾਨ ਨੇ 'ਟੈਨਸ਼ਨ ਫਰੀ ਚੋਣ' ਲਈ ਦੀਵਾਲੀ ਤੋਂ ਪਹਿਲਾਂ ਹੋਣ ਵਾਲੇ ਐਲਾਨ ਨੂੰ ਰੋਕ ਦਿੱਤਾ ਸੀ। ਜ਼ਿਕਰਯੋਗ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਨੇ ਸੰਗਠਨ ਸਿਰਜਨ ਮੁਹਿੰਮ ਤਹਿਤ ਜ਼ਿਲ੍ਹਾ ਪੱਧਰ 'ਤੇ ਨਵੇਂ ਸਿਰੇ ਤੋਂ ਸੰਗਠਨ ਨੂੰ ਮਜ਼ਬੂਤ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਸ ਮੁਹਿੰਮ ਤਹਿਤ ਹਰ ਜ਼ਿਲ੍ਹੇ ਵਿਚ ਆਬਜ਼ਰਵਰ ਅਤੇ ਸਹਿ-ਆਬਜ਼ਰਵਰ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਕੰਮ ਸੀ ਸੰਭਾਵਿਤ ਦਾਅਵੇਦਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਤਜਰਬੇ, ਜਨ ਆਧਾਰ, ਜਾਤੀ ਸਮੀਕਰਨ ਅਤੇ ਸੰਗਠਨਾਤਮਕ ਸਮਰਥਾਵਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕਰਨਾ। ਪਹਿਲੇ ਪੜਾਅ ਵਿਚ ਸਹਿ-ਆਬਜ਼ਰਵਰਾਂ ਨੇ ਮੁਲਾਕਾਤਾਂ ਅਤੇ ਚਰਚਾ ਦੇ ਆਧਾਰ 'ਤੇ ਦਾਅਵੇਦਾਰਾਂ ਦੀ ਸੂਚੀ ਨੂੰ ਸ਼ਾਰਟਲਿਸਟ ਕੀਤਾ। ਇਸ ਤੋਂ ਬਾਅਦ ਸੂਚੀ ਨੂੰ ਮੁੱਖ ਆਬਜ਼ਰਵਰ ਦੇ ਹਵਾਲੇ ਕੀਤਾ ਗਿਆ, ਜਿਸ ਨੇ ਜਾਤੀ ਸੰਤੁਲਨ, ਸਮਾਜਿਕ ਸਮੀਕਰਨ ਅਤੇ ਵਿਧਾਨ ਸਭਾ ਹਲਕਿਆਂ ਵਿਚ ਸਰਗਰਮੀ ਨੂੰ ਧਿਆਨ ਵਿਚ ਰੱਖਦੇ ਹੋਏ 6 ਦਾਅਵੇਦਾਰਾਂ ਦਾ ਪੈਨਲ ਹਾਈਕਮਾਨ ਨੂੰ ਭੇਜਿਆ। ਪੁਸ਼ਟ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ ਅਤੇ ਕਾਂਗਰਸ ਹਾਈਕਮਾਨ ਨੇ ਸਾਰੇ ਜ਼ਿਲ੍ਹਿਆਂ ਤੋਂ ਪ੍ਰਾਪਤ ਪੈਨਲਾਂ 'ਤੇ ਵਿਸਤ੍ਰਿਤ ਚਰਚਾ ਕੀਤੀ ਹੈ। ਕਈ ਥਾਵਾਂ 'ਤੇ ਨੌਜਵਾਨ ਵੋਟਰਾਂ ਨੂੰ ਮੌਕਾ ਦੇਣ ਅਤੇ ਕੁਝ ਥਾਵਾਂ 'ਤੇ ਪੁਰਾਣੇ ਤਜਰਬੇਕਾਰ ਨੇਤਾਵਾਂ ਨੂੰ ਦੋਬਾਰਾ ਜ਼ਿੰਮੇਵਾਰੀ ਸੌਂਪਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਸੂਬੇ ਭਰ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਦੇ ਨਾਂ ਫਾਈਨਲ ਕਰ ਲਏ ਗਏ ਹਨ। ਜੋ ਵੀ ਹੋਵੇ, ਹਾਈਕਮਾਨ ਨੇ ਇਸ ਵਾਰ ਜਿਸ ਸਾਵਧਾਨੀ ਨਾਲ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਦੀ ਪ੍ਰਕਿਰਿਆ ਅਪਣਾਈ ਹੈ, ਉਹ ਸਾਫ਼ ਸੰਕੇਤ ਦਿੰਦੀ ਹੈ ਕਿ ਪਾਰਟੀ ਸੰਗਠਨ ਨੂੰ ਸਿਰਫ਼ ਅਹੁਦੇ ਵੰਡਣ ਦੇ ਨਜ਼ਰੀਏ ਨਾਲ ਨਹੀਂ, ਸਗੋਂ ਭਵਿੱਖ ਦੀ ਚੋਣ ਰਣਨੀਤੀ ਵਜੋਂ ਦੇਖ ਰਹੀ ਹੈ। ਉਪ ਚੋਣ ਦੇ ਮੱਦੇਨਜ਼ਰ ਧੜੇਬੰਦੀ ਨੂੰ ਰੋਕਣਾ ਹਾਈਕਮਾਨ ਦੀ ਸਭ ਤੋਂ ਵੱਡੀ ਪਹਿਲ ਰਹੀ ਅਤੇ ਇਸ ਲਿਹਾਜ ਨਾਲ ਸੂਚੀ ਨੂੰ ਰੋਕੇ ਰੱਖਣਾ ਇਕ ਸਫ਼ਲ ਫ਼ੈਸਲਾ ਸਾਬਿਤ ਹੋਇਆ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਜ਼ਿਮਨੀ ਚੋਣ ਤੋਂ ਬਾਅਦ ਆਉਣ ਵਾਲੀ ਉਸ ਸੂਚੀ 'ਤੇ ਹੈ, ਜੋ ਅੱਗੇ ਆਉਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਸੰਗਠਨਾਤਮਕ ਦਿਸ਼ਾ ਅਤੇ ਡਿਸਿਪਲਿਨ ਤੈਅ ਕਰੇਗੀ। ਨਾਂ ਫਾਈਨਲ ਹੋਣ ਦੇ ਬਾਵਜੂਦ ਸੂਚੀ ਜਾਰੀ ਕਰਨ 'ਚ ਦੇਰੀ ਇਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਕਾਂਗਰਸ ਹਾਈਕਮਾਨ ਨੇ ਇਸ ਸੂਚੀ ਨੂੰ ਜਾਰੀ ਕਰਨ ਵਿਚ ਦੇਰੀ ਇਸ ਲਈ ਕੀਤੀ ਕਿਉਂਕਿ ਜੇਕਰ ਜਿਨ੍ਹਾਂ ਜ਼ਿਲ੍ਹਿਆਂ ਵਿਚ ਨਵੇਂ ਚਿਹਰਿਆਂ ਨੂੰ ਕਮਾਨ ਮਿਲਦੀ, ਉਥੇ ਮੌਜੂਦਾ ਅਹੁਦੇਦਾਰਾਂ ਦੇ ਸਮਰਥਕਾਂ ਵਿਚ ਨਾਰਾਜ਼ਗੀ ਵਧ ਸਕਦੀ ਸੀ।

# ਮੁੱਖ ਮੰਤਰੀ ਤੀਰਥ ਯਾਤਰਾ ਦੇ ਸ਼ਰਧਾਲੂਆਂ ਦਾ ਅੰਮ੍ਰਿਤਸਰ ਪੁੱਜਣ ਉੱਤੇ ਨਿੱਘਾ ਸਵਾਗਤ




**ਅੰਮ੍ਰਿਤਸਰ, 9 ਨਵੰਬਰ (ਦੇਸ਼ ਪ੍ਰਦੇਸ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧੂਰੀ ਤੋਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਸ਼ਰਧਾਲੂਆਂ ਵਾਲੀਆਂ ਜੋ ਬੱਸਾਂ ਨੂੰ ਪਹਿਲੇ ਬੈਚ ਵਿੱਚ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਸੀ, ਦੇਰ ਸ਼ਾਮ ਅੰਮ੍ਰਿਤਸਰ ਪੁੱਜੀਆਂ ਜਿੱਥੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ ਜ਼ਿਲ੍ਹਾ ਮਾਲ ਅਧਿਕਾਰੀ ਸ ਨਵਕੀਰਤ ਸਿੰਘ ਅਤੇ ਹੋਰ ਅਧਿਕਾਰੀਆਂ ਵੱਲੋਂ ਸਵਾਗਤ ਕੀਤਾ ਗਿਆ। ਦੱਸਣਯੋਗ ਹੈ ਕਿ ਮੁੱਖ ਮੰਤਰੀ ਨੇ ਇਸ ਯਾਤਰਾ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤਾ ਹੈ। ਸ੍ਰੀ ਗੁਪਤਾ ਨੇ ਕਿਹਾ ਕਿ ਇਹ ਯਾਤਰਾ ਉਨ੍ਹਾਂ ਨਾਗਰਿਕਾਂ ਦੀ ਦਿਲੀ ਇੱਛਾ ਨੂੰ ਪੂਰਾ ਕਰੇਗੀ, ਜੋ ਲੰਬੇ ਸਮੇਂ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ-ਦੀਦਾਰ ਦੀ ਤਾਂਘ ਰੱਖੀ ਬੈਠੇ ਸਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਆਏ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜੱਲ੍ਹਿਆਂਵਾਲਾ ਬਾਗ, ਪਾਰਟਿਸ਼ਨ ਮਿਊਜ਼ੀਅਮ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮਦਨ ਵਰਗਾਂ ਅਤੇ ਹਰ ਖਿੱਤੇ ਨਾਲ ਸਬੰਧਤ ਲੋਕਾਂ ਲਈ ਹੈ। ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਲਈ ਤਿੰਨ ਦਿਨ ਅਤੇ ਦੋ ਰਾਤਾਂ ਦੀ ਮੁਫ਼ਤ ਠਹਿਰ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਜਿਸਟਰ ਕੀਤਾ ਜਾ ਰਿਹਾ ਹੈ ਅਤੇ ਰਜਿਸਟ ?ਸ਼ਨ ਲਈ ਵੋਟਰ ਆਈਡੀ ਕਾਰਡ ਲਾਜ਼ਮੀ ਕੀਤਾ ਗਿਆ ਹੈ। ਸ਼ਰਧਾਲੂਆਂ ਨੂੰ ਏਸੀ ਬੱਸਾਂ, ਏਸੀ ਹੋਟਲ ਰਿਹਾਇਸ਼ ਅਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ। ਇਸ ਮੌਕੇ ਸ਼ਰਧਾਲੂਆਂ ਨੇ ਖੁਸ਼ੀ ਅਤੇ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਸੀਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਹਾਂ ਕਿ ਅੱਜ ਅੰਮ੍ਰਿਤਸਰ ਦੀ ਧਰਤੀ ਉੱਤੇ ਨਤਮਸਤਕ ਹੋਣ ਦਾ ਮੌਕਾ ਮਿਲਿਆ ਹੈ।

# ਲਹਿਰਾ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ, 2 ਚੋਰ ਗ੍ਰਿਫ਼ਤਾਰ 25 ਮੋਟਰਸਾਈਕਲ ਕੀਤੇ ਬਰਾਮਦ



**ਲਹਿਰਾਗਾਗਾ, 9 ਨਵੰਬਰ (ਮਨਪ੍ਰੀਤ ਕੌਰ ਸੈਣੀ ਚੂੜਲ ਕਲਾਂ):** ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮਾੜੇ ਅਨਸਰਾਂ ਖ਼ ?ਲਾਫ਼ ਚੱਲ ਰਹੀ ਮੁਹਿੰਮ ਦੇ ਤਹਿਤ ਥਾਣਾ ਲਹਿਰਾਗਾਗਾ ਦੀ ਪੁਲਿਸ ਦੇ ਵੱਡੀ ਸਫ਼ਲਤਾ ਹੱਥ ਲੱਗੀ ਹੈ। ਲਹਿਰਾਗਾਗਾ ਪੁਲਿਸ ਵੱਲੋਂ ਮੋਟਰਸਾਈਕਲ ਚੋਰ ਗਿਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਚੋਰੀ ਦੇ 25 ਮੋਟਰਸਾਈਕਲ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਥਾਣਾ ਲਹਿਰਾ ਵਿਖੇ ਡੀ.ਐਸ.ਪੀ. ਲਹਿਰਾ ਦੀਪਇੰਦਰਪਾਲ ਸਿੰਘ ਜੇਜੀ ਨੇ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸ.ਐਚ.ਓ. ਲਹਿਰਾ ਕਰਮਜੀਤ ਸਿੰਘ ਦੀ ਅਗਵਾਈ ਹੇਠ ਸਿਟੀ ਇੰਚਾਰਜ ਗੁਰਦੇਵ ਸਿੰਘ ਵੱਲੋਂ ਗੁਪਤ ਸੁਚਨਾ ਦੇ ਅਧਾਰ ਤੇ ਚੌਂਕੀ ਸਿਟੀ ਲਹਿਰਾਂ ਦੀ ਪੁਲਿਸ ਨੇ ਯੋਜਨਾਬੱਧ ਕਾਰਵਾਈ ਕਰਦਿਆਂ ਦੋ ਮੁਲਜ਼ਮ ਗਗਨਦੀਪ ਸਿੰਘ ਉਰਫ਼ ਗਗਨ (ਉਮਰ 37 ਸਾਲ), ਪੁੱਤਰ ਦਰਸ਼ਨ ਸਿੰਘ, ਵਾਸੀ ਖਾਨਪੁਰ ਫ਼ਕੀਰਾ, ਥਾਣਾ ਦਿੜਬਾ ਅਤੇਸਤਿਗੁਰੂ ਸਿੰਘ ਉਰਫ਼ ਮੋਨੂੰ (ਉਮਰ 25 ਸਾਲ), ਪੁੱਤਰ ਭੋਲਾ ਸਿੰਘ, ਵਾਸੀ ਕੁਲਰੀਆ, ਥਾਣਾ ਬਰੇਟਾ, ਜ਼ਿਲ੍ਹਾ ਮਾਨਸਾ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਚੋਰੀ ਦੇ 25 ਮੋਟਰਸਾਈਕਲ ਬਰਾਮਦ ਕਰਕੇ ਥਾਣਾ ਲਹਿਰਾ ਵਿੱਚ ਮੁਕੱਦਮਾ ਨੰਬਰ 269 ਤਹਿਤ ਕਾਰਵਾਈ ਸ਼ੁਰੂ ਕਰਨ 'ਤੇ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਚੋਰ ਗਿਰੋਹ ਲਹਿਰਾ, ਜਾਖਲ, ਬੁਢਲਾਡਾ, ਹਰਿਆਣਾ ਦੇ ਨਰਵਾਣਾ, ਟੋਹਾਣਾ ਅਤੇ ਮਾਨਸਾ ਇਲਾਕਿਆਂ ਵਿੱਚੋਂ ਮੋਟਰਸਾਈਕਲ ਚੋਰੀ ਕਰਦਾ ਸੀ। ਚੋਰੀ ਕੀਤੇ ਮੋਟਰਸਾਈਕਲਾਂ ਨੂੰ ਸੁੰਨਸਾਨ ਤੇ ਖ਼ਾਲੀ ਪਏ ਘਰਾਂ ਵਿੱਚ ਲੁਕਾਇਆ ਜਾਂਦਾ ਸੀ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਆਪਣੇ ਇੱਕ ਹੋਰ ਸਾਥੀ ਜਗਸੀਰ ਸਿੰਘ ਉਰਫ਼ ਜਗਨਾ/ਜੱਗੀ, ਪੁੱਤਰ ਭੋਲਾ ਸਿੰਘ, ਵਾਸੀ ਕੁਲਰੀਆਂ, ਥਾਣਾ ਬਰੇਟਾ ਦਾ ਨਾਂਅ ਲਿਆ ਹੈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਵੀ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ। ਡੀਐਸਪੀ ਦਪਿੰਦਰਪਾਲ ਸਿੰਘ ਜੇਜੀ ਨੇ ਦੱਸਿਆ ਕਿ ਬਰਾਮਦ ਮੋਟਰਸਾਈਕਲਾਂ ਦੇ ਚਾਸੀ ਅਤੇ ਇੰਜਣ ਨੰਬਰਾਂ ਰਾਹੀਂ ਅਸਲ ਮਾਲਕਾਂ ਦਾ ਪਤਾ ਲਾਕੇ ਵਾਹਨ ਉਨ੍ਹਾਂ ਨੂੰ ਵਾਪਸ ਕੀਤੇ ਜਾਣਗੇ। ਬਰਾਮਦ ਮੋਟਰਸਾਈਕਲਾਂ ਦੇ ਨੰਬਰ ਵੀ ਜਾਰੀ ਕੀਤੇ ਗਏ ਹਨ।

# ਐੱਮ.ਬੀ.ਸੀ.ਟੀ. ਹਾਕੀ ਨਰਸਰੀ ਤੇ ਹਾਕੀ ਫਤਹਿਗੜ੍ਹ ਸਾਹਿਬ ਵੱਲੋਂ ਭਾਰਤੀ ਹਾਕੀ ਦੇ 100 ਸਾਲ ਪੂਰੇ ਹੋਣ ਦੀਆਂ ਖੁਸ਼ੀਆਂ ਮਨਾਈਆਂ




**ਫ਼ਤਹਿਗੜ੍ਹ ਸਾਹਿਬ, 9 ਨਵੰਬਰ (ਅਭਿਸ਼ੇਕ ਮਲਹੋਤਰਾ):** ਭਾਰਤੀ ਹਾਕੀ ਦੇ ਸੌ ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਅੱਜ ਐਮ.ਬੀ.ਸੀ.ਟੀ. ਹਾਕੀ ਨਰਸਰੀ ਅਤੇ ਹਾਕੀ ਫ਼ਤਹਿਗੜ੍ਹ ਸਾਹਿਬ ਵੱਲੋਂ ਸਾਂਝੇ ਤੌਰ 'ਤੇ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਹਾਕੀ ਫ਼ਤਹਿਗੜ੍ਹ ਸਾਹਿਬ ਦੇ ਪ੍ਰਧਾਨ ਸ.ਠਾਕੁਰ ਸਿੰਘ ਮੇਜੀ ਅਤੇ ਜ਼ਿਲ੍ਹਾ ਖੇਡ ਅਧਿਕਾਰੀ ਫ਼ਤਹਿਗੜ੍ਹ ਸਾਹਿਬ ਮਨਦੀਪ ਕੌਸ਼ਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਦੇ ਹੋਏ ਖਿਡਾਰੀਆਂ ਨੂੰ ਇਸ ਮਹਾਨ ਦਿਨ ਦੀ ਵਧਾਈ ਦਿੱਤੀ ,ਇਸ ਦੌਰਾਨ ਐਮ.ਬੀ.ਸੀ.ਟੀ. ਹਾਕੀ ਨਰਸਰੀ ਦੇ ਮੁੱਖ ਕੋਚ ਤੇਜਿੰਦਰ ਸਿੰਘ ਨੇ ਭਾਰਤੀ ਹਾਕੀ ਦੇ ਸੌ ਸਾਲਾਂ ਦੇ ਇਤਿਹਾਸ ਤੇ ਵਿਸਥਾਰ ਵਿੱਚ ਦੱਸਿਆ, ਉਨ੍ਹਾਂ ਦੱਸਿਆ ਕਿ ਭਾਰਤ 1928 ਵਿੱਚ ਇੰਟਰਨੈਸ਼ਲਲ ਹਾਕੀ ਦਾ ਫੈਡਰੇਸ਼ਲ ਦਾ ਮੈਂਬਰ ਬਣਿਆ ਸੀ ਅਤੇ 1928 ਤੋਂ 1960 ਤੱਕ ਭਾਰਤ ਨ ਵਿਸ਼ਵ ਹਾਕੀ ਤੇ ਰਾਜ ਕੀਤਾ ,ਹਾਕੀ ਦੇ ਜ਼ਿਲ੍ਹਾ ਪ੍ਰਧਾਨ ਠਾਕੁਰ ਸਿੰਘ ਮੇਜੀ ਨੇ ਜਿਲ੍ਹਾ ਸਪੋਰਟਸ ਅਫ਼ਸਰ ਮਨਦੀਪ ਕੌਸ਼ਲ ਦਾ ਧੰਨਵਾਦ ਕਰਦੇ ਹੋਏ ਐਮ.ਬੀ.ਸੀ.ਟੀ. ਹਾਕੀ ਨਰਸਰੀ ਦੀਆਂ ਉਪਲਬਧੀਆਂ ਤੋਂ ਜਾਣੂ ਕਰਵਾਇਆ, ਉਨ੍ਹਾਂ ਕਿਹਾ ਕਿ ਸਡੀ ਕੋਸ਼ਿਸ਼ ਹੈ ਕਿ ਫ਼ਤਹਿਗੜ੍ਹ ਸਾਹਿਬ ਵਿਸ਼ੇਸ਼ ਕਰੇ ਬਸੀ ਪਠਾਣਾਂ ਸ਼ਹਿਰ ਦਾ ਨਾਮ ਹਾਕੀ ਦੀ ਖੇਡ ਲਈ ਪੂਰੇ ਭਾਰਤ ਵਿੱਚ ਜਾਣਿਆ ਜਾਵੇ ਜਿਸ ਲਈ ਅਸੀਂ ਲਗਾਤਾਰ ਉਪਰਾਲੇ ਕਰ ਰਹੇ ਹਾਂ, ਉਨਾਂ ਕਿਹਾ ਕਿ ਐਮ.ਬੀ.ਸੀ.ਟੀ. ਹਾਕੀ ਨਰਸਰੀ ਅਤੇ ਫ਼ਤਹਿਗੜ੍ਹ ਸਾਹਿਬ ਵੱਲੋਂ ਭਾਰਤੀ ਹਾਕੀ ਨਰਸਰੀ ਦੇ ਗ੍ਰਾਸ ਰੂਟ ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਜਿਸ ਦੇ ਸਾਰਥਕ ਨਤੀਜੇ ਵੀ ਲਗਾਤਾਰ ਸਾਹਮਣੇ ਆ ਰਹੇ ਹਨ, ਇਸ ਮੌਕੇ ਜ਼ਿਲ੍ਹਾ ਸਪੋਰਟਸ ਅਫ਼ਸਰ ਮਨਦੀਪ ਕੌਸ਼ਲ ਨੇ ਕਿਹਾ ਕਿ ਬਸੀ ਪਠਾਣਾਂ ਵਿੱਚ ਹਾਕੀ ਨੂੰ ਨਵਾਂ ਰੂਪ ਦੇਣ ਵਿੱਚ ਐਮ.ਬੀ.ਸੀ.ਟੀ. ਹਾਕੀ ਨਰਸਰੀ ਦੀ ਭੂਮੀਕਾ ਸ਼ਲਾਘਾਯੋਗ ਹੈ ਜਿਸ ਲਈ ਪ੍ਰਬੰਧਕਾਂ ਦੇ ਨਾਲ-ਨਾਲ ਨਰਸਰੀ ਦੇ ਕੋਚ , ਖਿਡਾਰੀ ਅਤੇ ਖਿਡਾਰੀਆਂ ਦੇ ਮਾਪੇ ਵੀ ਵਧਾਈ ਦੇ ਪੱਤਰ ਹਨ, ਸਮਾਗਮ ਉਪਰੰਤ ਫ਼ਤਹਿਗੜ੍ਹ ਸਾਹਿਬ ਹਾਕੀ ਦੇ ਪ੍ਰਧਾਨ ਅਤੇ ਐਮ.ਬੀ.ਸੀ.ਟੀ. ਹਾਕੀ ਨਰਸਰੀ ਦੇ ਟਰੱਸਟੀ ਠਾਕੁਰ ਸਿੰਘ ਮੇਜੀ ਨੇ ਜ਼ਿਲ੍ਹਾ ਸਪੋਰਟਸ ਅਫਸਰ, ਮਹਿਮਾਨਾਂ ਅਤੇ ਹੋਰ ਪਤਵੰਤੇ ਲੋਕਾਂ ਦਾ ਧੰਨਵਾਦ ਕੀਤਾ ,ਸਮਾਗਮ ਦੌਰਾਨ ਸੀਨੀਅਰ ਕੋਚ ਹੰਸਰਾਜ ਛਾਬੜਾ, ਮਨੀਸ਼ ਕੁਮਾਰ ਹਾਕੀ ਕੋਚ ਨਰਾਇਣਗੜ੍ਹ, ਵਰਜਿੰਦਰ ਕੌਰ, ਸੰਕਲਪ, ਆਈ.ਟੀ.ਆਈ. ਸਟਾਫ ਤੋਂ ਇਲਾਵਾ ਖਿਡਾਰੀ ਅਤੇ ਖਿਡਾਰੀਆਂ ਦੇ ਮਾਪੇ ਹਾਜ਼ਰ ਸਨ,

# ਬਾਘਾਪੁਰਾਣਾ ਦੀਆਂ 123 ਪਿੰਡ ਤੇ ਵਾਰਡ ਰੱਖਿਆ ਕਮੇਟੀਆਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਦਾ ਕਰਵਾਇਆ



**ਬਾਘਾਪੁਰਾਣਾ / ਮੋਗਾ, 9 ਨਵੰਬਰ (ਜਗਰਾਜ ਸਿੰਘ ਸੰਘਾ):** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਪੂਰਨ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ"ਨੂੰ ਹੋਰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਅੱਜ ਮੋਗਾ ਦੀ ਤਹਿਸੀਲ ਬਾਘਾਪੁਰਾਣਾ ਦੇ ਨਸੀਬ ਪੈਲੇਸ ਵਿੱਚ ਪਿੰਡ ਤੇ ਵਾਰਡ ਰੱਖਿਆ ਕਮੇਟੀਆਂ ਦੀ ਵਿਸ਼ਾਲ ਮੀਟਿੰਗ ਅਤੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਇਹਨਾਂ ਕਮੇਟੀਆਂ ਦੇ ਮੈਂਬਰਾਂ ਨੂੰ ਟ ?ਰੇਨਿੰਗ ਅਤੇ ਆਈ ਕਾਰਡ ਦਿੱਤੇ ਗਏ, ਸਬ ਡਿਵੀਜ਼ਨ ਬਾਘਾਪੁਰਾਣਾ ਅਧੀਨ 78 ਪੰਚਾਇਤਾਂ ਅਤੇ 15 ਵਾਰਡ ਆਉਂਦੇ ਹਨ ਅਤੇ ਜਿਸ ਦੇ ਕੁੱਲ 842 ਪਿੰਡ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰ ਹਨ। ਪ੍ਰੋਗਰਾਮ ਦੀ ਅਗਵਾਈ ਐਸ.ਡੀ.ਐਮ. ਸ੍ਰੀ ਬੇਅੰਤ ਸਿੰਘ ਸਿੱਧੂ ਨੇ ਕੀਤੀ, ਡੀ.ਐਸ.ਪੀ. ਸ੍ਰੀ ਦਲਬੀਰ ਸਿੰਘ ਸਿੱਧੂ, ਬੀ.ਡੀ.ਪੀ.ਓ ਸ੍ਰੀ ਕ੍ਰਿਸ਼ਨ ਸਿੰਘ, ਡਾ. ਖੁਸ਼ਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਬਾਘਾਪੁਰਾਣਾ, ਅੰਤਰਜੀਤ ਸਿੰਘ, ਗੁਰਪ੍ਰੀਤ ਸਿੰਘ, ਏਕਮ ਸਿੰਘ ਘੋਲੀਆ, ਨਗਰ ਕੌਂਸਲ ਦੇ ਪ੍ਰਧਾਨ, ਇਲਾਕੇ ਦੇ ਸਰਪੰਚਾਂ, ਨੰਬਰਦਾਰਾਂ, ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮਾਜ ਸੇਵਕ ਵੱਡੀ ਗਿਣਤੀ ਵਿੱਚ ਮੌਜੂਦ ਸਨ। ਐਸ.ਡੀ.ਐਮ ਬੇਅੰਤ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਨੂੰ ਤਬਾਹ ਨਹੀਂ ਕਰਦਾ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਹੌਲੀ-ਹੌਲੀ ਅੰਦਰੋਂ ਖੋਖਲਾ ਕਰਦਾ ਹੈ। ਨਸ਼ਿਆਂ ਦੇ ਖ਼ ?ਲਾਫ਼ ਲੜਾਈ ਸਰਕਾਰ, ਪੁਲਿਸ ਜਾਂ ਕਿਸੇ ਇੱਕ ਵਿਭਾਗ ਦੀ ਨਹੀਂ, ਸਗੋਂ ਸਮੂਹ ਲੋਕਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਜੇ ਪਿੰਡ ਦਾ ਹਰ ਨੌਜਵਾਨ ਅਤੇ ਹਰ ਪਰਿਵਾਰ ਜ਼ਿੰਮੇਵਾਰੀ ਨਾਲ ਖੜਾ ਹੋ ਜਾਵੇ, ਤਾਂ ਨਸ਼ੇ ਜੜ੍ਹ ਤੋਂ ਖਤਮ ਕੀਤੇ ਜਾ ਸਕਦੇ ਹਨ। ਡੀ.ਐਸ.ਪੀ ਦਲਬੀਰ ਸਿੰਘ ਸਿੱਧੂ ਨੇ ਨਸ਼ਾ ਤਸਕਰਾਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੁਲਿਸ ਦਿਨ-ਰਾਤ ਕਾਰਵਾਈ ਕਰ ਰਹੀ ਹੈ, ਪਰ ਨਸ਼ੇ ਦਾ ਜਾਲ ਤੋੜਨ ਲਈ ਲੋਕਾਂ ਦੀ ਸਹਿਯੋਗ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ "ਜੇ ਕਿਸੇ ਨੂੰ ਵੀ ਆਪਣੇ ਇਲਾਕੇ ਵਿੱਚ ਨਸ਼ਿਆਂ ਨਾਲ ਸੰਬੰਧਤ ਜਾਣਕਾਰੀ ਮਿਲਦੀ ਹੈ, ਤਾਂ ਉਹ ਤੁਰੰਤ ਪੁਲਿਸ ਨੂੰ ਬਿਨਾਂ ਕਿਸੇ ਡਰ ਦੇ ਸੂਚਨਾ ਦੇਣ। ਸੂਚਨਾ ਦੇਣ ਵਾਲੇ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ"ਬੀ.ਡੀ.ਪੀ.ਓ ਕ੍ਰਿਸ਼ਨ ਸਿੰਘ ਨੇ ਪਿੰਡ ਪੱਧਰ ਵਾਰ ਕਮੇਟੀਆਂ ਦੇ ਗਠਨ ਦਾ ਖਾਕਾ ਪੇਸ਼ ਕਰਦਿਆਂ ਦੱਸਿਆ ਕਿ ਹਰ ਪਿੰਡ, ਸ਼ਹਿਰ ਕਸਬੇ ਵਿੱਚ 10 ਤੋਂ 20 ਮੈਂਬਰਾਂ ਦੀ ਯੁੱਧ ਨਸ਼ਿਆਂ ਵਿਰੁੱਧ ਕਮੇਟੀ ਬਣਾਈ ਗਈ ਹੈ,ਇਸ ਕਮੇਟੀ ਵਿੱਚ ਪੰਚ-ਸਰਪੰਚ, ਰਿਟਾਇਰਡ ਸਕੂਲ ਅਧਿਆਪਕ, ਰਿਟਾਇਰਡ ਫੌਜੀ, ਸਮਾਜ ਸੇਵੀ, ਨੌਜਵਾਨਾਂ ਦੇ ਪ੍ਰਤੀਨਿਧੀ ਅਤੇ ਬਜ਼ੁਰਗ ਸ਼ਾਮਿਲ ਹਨ ਡਾ. ਖੁਸ਼ਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਨੌਜਵਾਨ ਤੇਜ਼ ਰਫ਼ਤਾਰ ਜ਼ਿੰਦਗੀ ਦੀ ਹੋੜ ਵਿੱਚ ਕਈ ਵਾਰ ਨਸ਼ਿਆਂ ਵੱਲ ਵਧ ਰਹੇ ਹਨ, ਜੋ ਕੇਵਲ ਉਨ੍ਹਾਂ ਦੀ ਸਿਹਤ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਪਿੰਡ ਵਾਤਾਵਰਣ ਲਈ ਖਤਰਾ ਬਣ ਰਿਹਾ ਹੈ। ਇਸ ਲਈ ਲੋੜ ਹੈ ਕਿ ਪਿੰਡ ਪੱਧਰ 'ਤੇ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਅਤੇ ਰੁਜ਼ਗਾਰਮੁਖੀ ਕਾਰਜਾਂ ਨਾਲ ਜੋੜਿਆ ਜਾਵੇ। ਸਮਾਗਮ ਦੌਰਾਨ ਏਕਮ ਸਿੰਘ ਘੋਲੀਆ ਵੱਲੋਂ ਵਿਦਿਆਰਥੀਆਂ, ਮਹਿਲਾਵਾਂ ਅਤੇ ਨੌਜਵਾਨਾਂ ਦੀ ਭੂਮਿਕਾ ਨੂੰ ਸਭ ਤੋਂ ਮਹੱਤਵਪੂਰਨ ਦੱਸਿਆ ਗਿਆ ਕਿਉਂਕਿ ਨਸ਼ਿਆਂ ਦਾ ਪ੍ਰਭਾਵ ਸਭ ਤੋਂ ਵੱਧ ਨੌਜਵਾਨ ਪੀੜ੍ਹੀ 'ਤੇ ਹੀ ਪੈਂਦਾ ਹੈ। ਇਸ ਲਈ ਹਰ ਘਰ, ਹਰ ਮਾਪੇ ਅਤੇ ਹਰ ਅਧਿਆਪਕ ਦਾ ਫਰਜ ਬਣਦਾ ਹੈ ਕਿ ਉਹ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਿਆਰ, ਜਾਗਰੂਕਤਾ ਅਤੇ ਸਹੀ ਰਹਿਨੁਮਾਈ ਦੇਣ। ਮੀਟਿੰਗ ਦੇ ਅੰਤ ਵਿੱਚ ਹਾਜ਼ਰ ਸਭ ਲੋਕਾਂ ਨੇ ਇਹ ਪ੍ਰਣ ਲਿਆ ਕਿ "ਅਸੀਂ ਆਪਣੇ ਪਿੰਡ ਅਤੇ ਇਲਾਕੇ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਹਰ ਸੰਭਵ ਯਤਨ ਕਰਾਂਗੇ,ਇਸ ਮੌਕੇ ਨਰਿੰਦਰ ਕੌਰ ਕੌਂਸਲਰ, ਥਾਣਾ ਮੁੱਖੀ ਬਾਘਾਪੁਰਾਣਾ ਜਤਿੰਦਰ ਸਿੰਘ, ਥਾਣਾ ਮੁੱਖੀ ਸਮਾਲਸਰ ਕਮਲਜੀਤ ਸਿੰਘ ਹਾਜ਼ਿਰ ਸਨ,

# ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਦੀ ਨਵੀਂ ਟੀਮ ਨੂੰ ਮਨਜ਼ੂਰੀ



**ਜਲਾਲਾਬਾਦ, 9 ਨਵੰਬਰ (ਸੁਭਾਸ਼ ਸਿੰਘ):** ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਨਵੀਂ ਟੀਮ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਜਤਿੰਦਰ ਇੱਛਪੂਜਾਨੀ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਮੁੱਖ ਸਰਪ੍ਰਸਤ ਅਸ਼ੋਕ ਅਨੇਜਾ ਅਤੇ ਮੁੱਖ ਬੁਲਾਰੇ ਸੁਰਿੰਦਰ ਪੁੰਛੀ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਸੰਗਠਨ ਪੰਜਾਬ ਦੇ ਵਪਾਰੀਆਂ ਦਾ ਇੱਕ ਮਜ਼ਬੂਤ ਮੰਚ ਹੈ, ਜਿਸਦਾ ਉਦੇਸ਼ ਵਪਾਰਕ ਹਿੱਤਾਂ ਦੀ ਰਾਖੀ, ਆਰਥਿਕ ਸੁਧਾਰਾਂ ਲਈ ਯਤਨ ਅਤੇ ਸਰਕਾਰ ਤੇ ਵਪਾਰੀਆਂ ਵਿਚਕਾਰ ਇੱਕ ਪੁਲ ਦਾ ਕੰਮ ਕਰਨਾ ਹੈ। ਜ਼ਿਲ੍ਹਾ ਫਾਜ਼ਿਲਕਾ ਇਕਾਈ ਦੇ ਗਠਨ ਤਹਿਤ ਸੰਦੀਪ ਸ਼ਰਮਾ ਅਤੇ ਲਵ ਪ੍ਰਥੀ ਨੂੰ ਉਪ-ਪ੍ਰਧਾਨ ਵਜੋਂ ਨਿਯੁਕਤ ਕੀਤਾ ਗਿਆ ਹੈ। ਸੰਗਠਨ ਦੇ ਮੀਡੀਆ ਪ੍ਰਬੰਧਨ ਅਤੇ ਗੱਲਬਾਤ ਦੀ ਜ਼ਿੰਮੇਵਾਰੀ ਬਿੱਟੂ ਡੂਮਰਾ ਨੂੰ ਪ੍ਰੈਸ ਸਕੱਤਰ ਵਜੋਂ ਸੌਂਪੀ ਗਈ ਹੈ। ਇਨ੍ਹਾਂ ਨਿਯੁਕਤੀਆਂ ਦੀ ਪੁਸ਼ਟੀ ਕਰਦਿਆਂ ਸੂਬਾਈ ਅਹੁਦੇਦਾਰਾਂ ਨੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਇਹ ਟੀਮ ਵਪਾਰੀਆਂ ਦੇ ਹਰ ਮੁੱਦੇ 'ਤੇ ਮੋਹਰੀ ਭੂਮਿਕਾ ਨਿਭਾਵੇਗੀ। ਇਸ ਦੇ ਨਾਲ ਹੀ, ਸੰਗਠਨ ਵਿੱਚ ਸਰਗਰਮ ਮੈਂਬਰਾਂ ਵਜੋਂ ਹੈਪੀ (ਐਗਜ਼ੀਕਿਊਟਿਵ ਮੈਂਬਰ), ਜਸਪਾਲ ਸਿੰਘ ਦਰਗਨ, ਬੰਟੀ ਵਾਟਸ, ਪ੍ਰਮੋਦ ਕੁਮਾਰ ਝਾਂਬ, ਹਰਵਿੰਦਰ ਸਿੰਘ (ਕਾਕਾ) ਸਿਡਾਣਾ, ਰਣਜੀਤ ਸਿੰਘ, ਅਮਿਤ ਬਜਾਜ, ਸੁਭਾਸ਼ ਗੁੰਬਰ ਅਤੇ ਜਗਦੀਸ਼ ਅਰੋੜਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਸਾਰੇ ਮੈਂਬਰ ਲੰਬੇ ਸਮੇਂ ਤੋਂ ਵਪਾਰਕ ਖੇਤਰ ਵਿੱਚ ਸਰਗਰਮ ਹਨ ਅਤੇ ਸਮਾਜ ਸੇਵਾ ਦੀ ਭਾਵਨਾ ਨਾਲ ਪ੍ਰੇਰਿਤ ਹੋ ਕੇ ਵਪਾਰਕ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਦੇ ਰਹੇ ਹਨ। ਇਸ ਮੌਕੇ 'ਤੇ ਸੂਬਾ ਲੀਡਰਸ਼ਿਪ ਨੇ ਕਿਹਾ ਕਿ ਟੀਮ ਨਾ ਸਿਰਫ਼ ਵਪਾਰਕ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਏਗੀ, ਸਗੋਂ ਨੀਤੀਗਤ ਸੁਧਾਰਾਂ ਲਈ ਵੀ ਠੋਸ ਸੁਝਾਅ ਦੇਵੇਗੀ। ਸੰਗਠਨ ਦਾ ਟੀਚਾ ਹੈ ਕਿ ਕਿਸੇ ਵੀ ਵਪਾਰੀ ਨੂੰ ਕਿਸੇ ਤਰ੍ਹਾਂ ਦੀ ਪ੍ਰਸ਼ਾਸਕੀ ਜਾਂ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸੂਬਾ ਸਰਪ੍ਰਸਤ ਅਸ਼ੋਕ ਅਨੇਜਾ ਨੇ ਕਿਹਾ ਕਿ ਫਾਜ਼ਿਲਕਾ ਜ਼ਿਲ੍ਹਾ ਟੀਮ ਨੂੰ ਸੰਗਠਨ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਵੇਗਾ, ਕਿਉਂਕਿ ਇਹ ਸਰਹੱਦੀ ਖੇਤਰ ਹੋਣ ਕਾਰਨ ਕਈ ਤਰ੍ਹਾਂ ਦੀਆਂ ਵਪਾਰਕ ਚੁਣੌਤੀਆਂ ਨਾਲ ਜੂਝਦਾ ਹੈ। ਉੱਥੇ ਹੀ, ਮੁੱਖ ਬੁਲਾਰੇ ਸੁਰਿੰਦਰ ਪੁੰਛੀ ਨੇ ਕਿਹਾ ਕਿ ਮੰਡਲ ਦੀ ਇਹ ਨਵੀਂ ਟੀਮ ਜ਼ਮੀਨੀ ਪੱਧਰ 'ਤੇ ਵਪਾਰੀਆਂ ਨੂੰ ਇੱਕਜੁੱਟ ਕਰਨ ਅਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦਿਵਾਉਣ ਲਈ ਸਰਗਰਮ ਭੂਮਿਕਾ ਨਿਭਾਵੇਗੀ। ਜ਼ਿਲ੍ਹਾ ਪ੍ਰਧਾਨ ਜਤਿੰਦਰ ਇੱਛਪੂਜਾਨੀ ਨੇ ਸਾਰੇ ਨਿਯੁਕਤ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਉਮੀਦ ਜਤਾਈ ਕਿ ਇਹ ਟੀਮ ਸੰਗਠਨ ਦੀਆਂ ਨੀਤੀਆਂ ਅਤੇ ਉਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰੇਗੀ ਅਤੇ ਫਾਜ਼ਿਲਕਾ ਜ਼ਿਲ੍ਹੇ ਨੂੰ ਵਪਾਰਕ ਨਜ਼ਰੀਏ ਤੋਂ ਇੱਕ ਨਵੀਂ ਪਛਾਣ ਦਿਵਾਏਗੀ।

# ਸਰਕਾਰ ਨੂੰ ਸ਼ਰੇਆਮ ਮੂੰਹ ਚਿੜਾ ਰਿਹਾ ਹੈ ਧੰਨ ਕੁਬੇਰਾ ਵਲੋਂ ਕੀਤਾ ਨਜਾਇਜ਼ ਕਬਜਾ




**ਦਿੜਬਾ ਮੰਡੀ, 9 ਨੰਵਬਰ (ਸੁਰਜੀਤ ਸਿੰਘ ਸਰਾਓ):** ਇੱਕ ਪਾਸੇ ਤਾਂ ਸਰਕਾਰ ਨਿੱਤ ਦਿਨ ਲਾਮ ਲਸਕਰ ਨਾਲ ਲੋਕਾਂ ਖਾਸਕਰ ਗਰੀਬਾ ਵਲੋ ਕਿਸੇ ਸਾਂਝੀ ਜਾ ਪੰਚਾਇਤੀ ਜ਼ਮੀਨ ਤੇ ਬਣਾਏ ਰੈਣ ਬਸੇਰਿਆਂ ਨੂੰ ਢਾਹ ਕੇ ਦਾਅਵੇ ਕਰਦੀ ਹੈ ਕਿ ਅਸੀਂ ਨਜਾਇਜ ਕਬਜੇ ਖਤਮ ਕਰਵਾ ਰਹੇ ਹਾਂ,ਪਰ ਦੂਜੇ ਪਾਸੇ ਤਕੜਿਆਂ ਵਲੋਂ ਮੇਨ ਬਾਜ਼ਾਰ ਵਿੱਚ ਹੀ ਨਾਜਾਇਜ਼ ਉਸਾਰੀਆਂ ਦੁਕਾਨਾਂ ਸਰਕਾਰ ਦੇ ਉਕਤ ਦਾਅਵਿਆਂ ਦਾ ਮੂੰਹ ਚਿੜਾ ਰਹੇ ਹਨ। ਜੀ। ਹਾਂ । ਬਿਲਕੁਲ ਸਹੀ ਸੁਣਿਆ ਤੁਸੀ ਦਿੜਬਾ ਮੰਡੀ ਦੇ ਮੇਨ ਬਾਜ਼ਾਰ ਲਿੰਕ ਰੋਡ (ਜਿੱਥੇ ਦਸ ਫੁੱਟ ਚੌੜੀ ਤੇ ਪੰਜਾਹ ਫੁੱਟ ਲੰਬੀ ਦੁਕਾਨ ਦੀ ਕੀਮਤ ਇੱਕ ਕਰੋੜ ਤੋਂ ਉਪਰ ਹੈ)ਤੇ ਇੱਕ ਨਾਮੀ ਕੱਪੜੇ ਦੇ ਵਪਾਰੀ ਵੱਲੋਂ ਪਿਛਲੇ ਸਾਲਾਂ ਦੌਰਾਨ ਖਰੀਦ ਕੀਤੀ ਇਸ ਪੁਰਾਣੀ ਦੁਕਾਨ ਨੂੰ ਢਾਹਕੇ ਜਦੋ ਨਵੀਂ ਉਸਾਰੀ ਕੀਤੀ ਤੇ ਸ਼ੋ ਰੂਮ ਦਾ ਰੂਪ ਦਿੱਤਾ ਤਾਂ ਨਕਸ਼ੇ ਤੋਂ ਬਾਹਰ ਜਾਂਦਿਆ ਕਰੀਬ ਅੱਧਾ ਫੁੱਟ ਲੰਬੀ ਦੁਕਾਨ ਉਸਾਰੀ ਕੀਤੀ ਗਈ ਅਤੇ ਕਰੀਬ ਇੱਕ ਤੋਂ ਅੱਧਾ ਫੁੱਟ ਸਰਕਾਰੀ ਨਗਰ ਪੰਚਾਇਤ ਦੀ ਸੜਕ ਦੇ ਨਾਲ ਵਾਲੀ ਖਾਲੀ ਥਾ ਨੂੰ ਆਪਣੀ ਸਮਝਦੇ ਹੋਏ ਵਿੱਚ ਮਿਲਾਕੇ ਉਸਾਰੀ ਕੀਤੀ ਗਈ ਜਿਸਤੇ ਨਾ ਤਾਂ ਕਿਸੇ ਨਗਰ ਪੰਚਾਇਤ ਦੇ ਅਧਿਕਾਰੀ ਨੂੰ ਨਾ ਮੌਕੇ ਦੇ ਪ੍ਰਧਾਨ ਨੂੰ ਕੋਈ ਇਤਰਾਜ਼ ਹੋਇਆ ਅਤੇ ਨਾਂ ਹੀ ਕਿਸੇ ਨਾਲ ਲੱਗਦੀ ਦੁਕਾਨ ਵਾਲੇ ਨੇ ਇਤਰਾਜ਼ ਉਠਾਇਆ ਪਰ ਹੁਣ ਕਈ ਸਾਲ ਬੀਤਣ ਤੋਂ ਬਾਅਦ ਇੱਕ ਮਿਸਤਰੀ ਭਾਈਚਾਰੇ ਦੇ ਪੱਤਰਕਾਰ ਵੱਲੋਂ ਧਿਆਨ ਦੇਣ ਤੇ ਇਸ ਤਕੜੇ ਵਪਾਰੀ ਦੀ ਚੰਗੀ ਛਿੱਲ ਲਾਹੀ ਦਾ ਪਤਾ ਚੱਲਿਆ ਹੈ ਤੇ ਕਮੇਟੀ ਦੇ ਕੁਝ ਮੁਲਾਜਮਾ ਨਾਲ ਮਿਲਕੇ ਇੱਕ ਲੱਖ ਦੀ ਜੁੱਤੀ ਖਰੀਦੀ ਸੁਣੀਦੀ ਹੈ। ਜਦੋ ਇਸ ਸਾਰੇ ਮਾਮਲੇ ਬਾਰੇ ਅਸੀਂ ਉਕਤ ਸ਼ੋ ਰੂਮ ਦੇ ਮਾਲਕ ਭੂਸ਼ਣ ਕੁਮਾਰ ਤੋਂ ਸੱਚ ਜਾਨਣਾ ਚਾਹਿਆ ਤਾਂ ਉਨ੍ਹਾਂ ਕਿਹਾ ਕਿ ਸਾਡਾ ਸਾਰਾ ਕੁੱਝ ਨਕਸ਼ੇ ਮੁਤਾਬਕ ਸਹੀ ਹੈ ,ਜਦੋ ਇਸ ਮਾਮਲੇ ਸਬੰਧੀ ਪ੍ਰਧਾਨ ਮਨਿੰਦਰ ਘੁਮਾਣ ਨਾਲ ਗੱਲ ਕੀਤੀ ਤਾਂ ਓਹਨਾ ਕਿਹਾ ਕਿ ਇਹ ਉਸਾਰੀ ਮੇਰੇ ਤੋ ਪਹਿਲਾ ਦੀ ਹੈ ਤੇ ਤੁਸੀ ਖ਼ਬਰ ਛਾਪੋ ਫਿਰ ਅਸੀ ਦੇਖਾਂਗੇ ਤੇ ਜਦੋ ਕਮੇਟੀ ਦੇ ਅਧਿਕਾਰੀਆਂ ਤੋਂ ਜਾਨਣਾ ਚਾਹਿਆ ਤਾਂ ਓਹਨਾ ਕਿਹਾ ਕਿ ਤੁਸੀ ਆਰ ਟ ਆਈ ਪਾਂ ਕੇ ਨਕਸਾ ਕਢਵਾਓ ਫਿਰ ਹੀ ਕੁਝ ਕਿਹਾ ਜਾ ਸਕਦਾ ਹੈ।ਪਰ ਉਕਤ ਉਸਾਰੀ ਸਾਰੇ ਬਜ਼ਾਰ ਤੋਂ ਅਲੱਗ ਹੀ ਚਮਕਦੀ ਹੈ ਕਿਉਕਿ ਹੋਰ ਸਾਰੀਆਂ ਦੁਕਾਨਾਂ ਇਕਸਾਰ ਲਾਇਨ ਵਿੱਚ ਹਨ ਪਰ ਭੂਸ਼ਣ ਕੁਮਾਰ ਦੀ ਇਕੱਲੇ ਦੀ ਹੀ ਫੁੱਟ ਦੇ ਕਰੀਬ ਦੁਕਾਨ ਬਾਹਰ ਤਾਂ ਹੈ ਹੀ ਨਾਲ ਹੀ ਕਮੇਟੀ ਦੀ ਖਾਲੀ ਥਾਂ ਉੱਪਰ ਵੀ ਉਚਾ ਫ਼ਰਸ਼ ਦਾ ਥੜਾ ਬੰਨਕੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਬਾਕੀ ਤੇ ਹੁਣ ਕਮੇਟੀ ਦਾ ਜੈ ਈ ਜਾਂ ਕਾਰਜ ਸਾਧਕ ਅਫਸਰ ਹੀ ਦਸ ਸਕਦਾ ਹੈ ਕਿ ਕਿੰਨਾ ਜ਼ਾਇਜ਼ ਹੈ ਤੇ ਕਿੰਨਾ ਨਾਜਾਇਜ਼ ।

# ਸਿਮਰਨ ਫ਼ਾਊਡੇਸ਼ਨ ਵੱਲੋਂ ਗਿੱਦੜਬਾਹਾ ਸ਼ਹਿਰ ਦੇ ਬੱਸ ਅੱਡੇ 'ਤੇ ਸਾਫ਼ ਸਫ਼ਾਈ



**ਗਿੱਦੜਬਾਹਾ, 9 ਨਵੰਬਰ (ਕੁਲਦੀਪ ਜਿੰਦਲ):** ਸਿਮਰਨ ਫ਼ਾਊਡੇਸ਼ਨ ਵੱਲੋਂ ਜਿੱਥੇ ਗਿੱਦੜਬਾਹਾ ਸ਼ਹਿਰ ਨੂੰ ਸਾਫ਼ ਸੁਥਰਾ ਕਰਨ ਲਈ ਪਿਛਲੇ ਕਈ ਮਹੀਨਿਆਂ ਤੋਂ ਪਲਾਸਟਿਕ ਮੁਕਤ ਕਰਨ ਲਈ ਸ਼ਹਿਰ ਵਿੱਚ ਮੱਕੀ ਦੇ ਬਣੇ ਲਿਫ਼ਾਫੇ ਵਰਤਣ ਦੀ ਮੁਹਿੰਮ ਵਿੱਢੀ ਹੋਈ ਹੈ ਉੱਥੇ ਹੀ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਗਿੱਦੜਬਾਹਾ ਸ਼ਹਿਰ ਦੇ ਬੱਸ ਅੱਡੇ ਵਿੱਚ ਸਾਫ਼ ਸਫ਼ਾਈ ਕੀਤੀ ਗਈ। ਇਸ ਮੌਕੇ ਸਿਮਰਨ ਫ਼ਾਊਡੇਸ਼ਨ ਦੇ ਅਭੈ ਸਿੰਘ ਢਿੱਲੋਂ ਨੇ ਕਿਹਾ ਕਿ ਸਿਮਰਨ ਫ਼ਾਊਡੇਸ਼ਨ ਵੱਲੋਂ ਜਿੱਥੇ ਗਿੱਦੜਬਾਹਾ ਸ਼ਹਿਰ ਨੂੰ ਸੰਦਰ ਬਣਾਉਣ ਲਈ ਪਲਾਸਟਿਕ ਮੁਕਤ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ ਉੱਥੇ ਹੀ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਅੱਜ ਗਿੱਦੜਬਾਹਾ ਦੇ ਬੱਸ ਅੱਡੇ ਤੇ ਸਾਫ਼ ਸਫ਼ਾਈ ਕੀਤੀ ਗਈ । ਇਸ ਮੌਕੇ ਅ ਵਾਅਭੈ ਸਿੰਘ ਢਿੱਲੋਂ ਨੇ ਪੰਜਾਬ ਦੇ ਸਿਆਸਤਦਾਨਾਂ, ਅਫ਼ਸਰਾਂ, ਖਿਡਾਰੀਆਂ, ਕਲਾਕਾਰਾਂ ਸਮੇਤ ਹਰ ਪੰਜਾਬੀ ਨੂੰ ਅਪੀਲ ਕੀਤੀ ਕਿ ਆਪਾਂ ਪੰਜਾਬ ਨੂੰ ਸਾਫ਼ ਸੁਥਰਾ ਬਣਾਈਏ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਤੇ ਵਿਦੇਸ਼ਾ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਸਾਫ਼ ਸੁਥਰਾ ਪੰਜਾਬ ਦਿਖਾ ਸਕੀਏ ਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰੀਏ। ਇਸ ਮੌਕੇ ਆਪ ਦੇ ਸ਼ਹਿਰੀ ਇੰਚਾਰਜ ਗੌਰਵ ਜੈਨ ਚੀਨੂੰ ਵੀ ਹਾਜ਼ਰ ਸਨ।

# ਸ਼੍ਰੀ ਸ਼ਿਆਮ ਪਰਿਵਾਰ ਸੰਘ ਦੇ ਪ੍ਰਧਾਨ ਸਮੂਹ ਮੈਂਬਰਾਂ ਵੱਲੋਂ ਸਮਾਜ ਸੇਵੀ ਵਿਕਾਸ ਮਿੱਤਲ ਦਾ ਕੀਤ ਵਿਸ਼ੇਸ਼ ਸਨਮਾਨ



**ਨਾਭਾ, 9 ਨਵੰਬਰ (ਰਾਕੇਸ਼ ਜਿੰਦਲ ਸ਼ੁਭਮ ਜਿੰਦਲ):** ਹਰ ਸਾਲ ਦੀ ਤਰ੍ਹਾਂ ਬਾਬਾ ਸ਼ਿਆਮ ਦੇ ਜਨਮ ਦਿਵਸ 'ਤੇ, ਸ਼੍ਰੀ ਸ਼ਿਆਮ ਪਰਿਵਾਰ ਸੰਘ ਵੱਲੋ ਸ਼੍ਰੀ ਹਨੂੰਮਾਨ ਮੰਦਰ ਬਠਿੰਡੀਆ ਮੁਹੱਲਾ ਵਿਖੇ ਸ਼੍ਰੀ ਸ਼ਿਆਮ ਵੰਦਨਾ ਮਹੋਤਸਵ ਦਾ ਆਯੋਜਨ ਕੀਤਾ ਗਿਆ। ਉੱਥੇ ਹੀ ਸਮਾਜ ਪ੍ਰਤੀ ਸੇਵਾਵਾਂ ਨਿਭਾਉਣ ਵਾਲੀਆਂ ਸੰਸਥਾਵਾਂ ਦਾ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਿਸ ਨੂੰ ਲੈ ਕੇ ਇਸ ਮੌਕੇ ਸ਼੍ਰੀ ਸ਼ਿਆਮ ਪਰਿਵਾਰ ਸੰਘ ਦੇ ਪ੍ਰਧਾਨ ਸੁਮਿਤ ਗੋਇਲ ਸ਼ੈਟੀ ਅਤੇ ਉਨ੍ਹਾਂ ਦੀ ਟੀਮ ਵੱਲੋਂ, ਸ਼ਹਿਰ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਤੇ ਮਾਨਵ ਸੇਵਾ ਉੱਤਮ ਸੇਵਾ ਸਟੇਟ ਅਵਾਰਡੀ ਸੰਸਥਾ ਦੇ ਮੁਖੀ ਵਿਕਾਸ ਮਿੱਤਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੁਮਿਤ ਗੋਇਲ ਸ਼ੈਟੀ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸੰਸਥਾ ਵੱਲੋਂ ਕਈ ਸਾਲਾਂ ਤੋਂ ਹਲ ਹਲਕੇ ਪ੍ਰਤੀ ਵਧੀਆ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ, ਜਿਵੇਂ ਕਿ ਮੈਡੀਕਲ ਚੈਕਅਪ ਕੈਂਪ, ਖੂਨਦਾਨ ਕੈਂਪ, ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਬੂਟ , ਜਰਾਬਾਂ, ਜਰਸੀਆਂ, ਵਰਦੀਆਂ ਅਤੇ ਟਾਟ ਦੇਣ ਦੀ ਵੀ ਸੇਵਾ ਨਿਭਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਵਰਿਧ ਆਸ਼ਰਮ ਪਟਿਆਲਾ ਵਿਖੇ ਲੋੜਵੰਦ ਬਜ਼ੁਰਗਾਂ ਨੂੰ ਸਮਾਨ ਮੁਹਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਉੱਥੇ ਹੀ ਲੋੜਵੰਦ ਮਰੀਜ਼ਾਂ ਨੂੰ ਹਸਪਤਾਲ ਵਿਖੇ ਮੁਫਤ ਇਲਾਜ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਸਨਮਾਨਿਤ ਹੋਣ ਉਪਰੰਤ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਸੰਸਥਾ ਦੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸ਼੍ਰੀ ਸ਼ਿਆਮ ਪਰਿਵਾਰ ਸੰਘ ਦੇ ਪ੍ਰਧਾਨ ਸੁਮਿਤ ਗੋਇਲ ਅਤੇ ਸਮੂਹ ਮੈਂਬਰਾ ਵੱਲੋਂ ਧਰਮ ਦੇ ਪ੍ਰਚਾਰ ਲਈ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਇਸ ਨਾਲ ਨੌਜਵਾਨ ਪੀੜ੍ਹੀ ਨੂੰ ਸੇਧ ਮਿਲਦੀ ਹੈ ਅਤੇ ਧਰਮ ਦੇ ਪ੍ਰਤੀ ਨੌਜਵਾਨ ਪੀੜ੍ਹੀ ਜੁੜਦੀ ਹੈ। ਇਸ ਮੌਕੇ ਸੌਰਵ ਜਿੰਦਲ, ਗੌਰਵ ਜਿੰਦਲ, ਮਯੰਕ ਗੁਪਤਾ, ਯੋਗੇਸ਼ ਗੁਪਤਾ, ਮਯੰਕ ਜਿੰਦਲ, ਰੋਹਨ ਬਾਂਸਲ, ਤਰੁਣ ਗੁਪਤਾ, ਸੁਨੀਲ ਮਲੇਰੀ, ਗੌਰਵ ਕਾਂਸਲ, ਕਮਲ ਗੋਇਲ, ਮੋਹਿਤ ਬਾਂਸਲ, ਅਸ਼ਵਨੀ ਸਚਦੇਵਾ, ਮੋਹਿਤ ਗੜ੍ਹਗਿੱਲ, ਸੰਨਦੀਪ ਜਿੰਦਲ, ਸੰਨ ਬਾਂਸਲ, ਪ੍ਰਵੇਸ਼ ਕਾਂਸਲ ਆਦਿ ਮੈਂਬਰ ਤੋ ਇਲਾਵਾ ਸਾਜਨ ਕੁਮਾਰ, ਅਮਿਤ ਮੰਗਲਾ, ਰੌਬਿਨ ਅਰੋੜਾ, ਜਤਿਨ ਜਿੰਦਲ, ਆਦਿ ਹਾਜ਼ਰ ਸਨ

# 16 ਨਵੰਬਰ ਨੂੰ ਆਯੋਜਿਤ ਹੋਣ ਵਾਲੇ 21ਵੇਂ ਮੇਲਾ ਦੇਸ਼ ਭਗਤਾਂ ਦਾ ਦੀਆਂ ਤਿਆਰੀਆਂ ਮੁਕੰਮਲ



ਲੌਂਗੋਵਾਲ 09 ਨਵੰਬਰ (ਰਵੀ ਗਰਗ) ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਵਿਹੜੇ ਵਿੱਚ ਹਰ ਸਾਲ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਤ, ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀਆਂ ਦੀ ਸ਼ਹਾਦਤ ਦਿਵਸ ਤੇ ਆਯੋਜਿਤ ਹੋਣ ਵਾਲੇ ਮਾਲਵੇ ਦੇ ਰਵਾਇਤੀ ਦੇਸ਼ ਭਗਤਾਂ ਦੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ।ਮੇਲੇ ਬਾਬਤ ਪਿਛਲੇ ਦਿਨੀਂ ਲੌਂਗੋਵਾਲ ਇਲਾਕੇ ਦੀਆਂ ਜਨਤਕ, ਮਜ਼ਦੂਰ, ਕਿਸਾਨ ਅਤੇ ਮੁਲਾਜਮ ਜਥੇਬੰਦੀਆਂ ਦੀ ਇਕੱਤਰਤਾ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿੱਚ ਹੋਈ।ਜਿਸ ਵਿੱਚ ਆਯੋਜਿਤ ਹੋਣ ਵਾਲੇ 21ਵੇਂ ਮੇਲੇ ਦੇ ਵੱਖ ਵੱਖ ਪਹਿਲੂਆਂ ਤੇ ਚਰਚਾ ਕੀਤੀ ਗਈ। ਸੰਸਥਾ ਦੇ ਜਨਰਲ ਸਕੱਤਰ ਜੁਝਾਰ ਲੌਂਗੋਵਾਲ ਨੇ ਮੀਟਿੰਗ ਦੀ ਕਾਰਵਾਈ ਉਪਰੰਤ ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਇਸ ਮੀਟਿੰਗ ਦੀ ਪ੍ਰਧਾਨਗੀ ਬਲਬੀਰ ਲੌਂਗੋਵਾਲ ਵੱਲੋਂ ਕੀਤੀ ਗਈ ਜਿਸ ਵਿੱਚ ਲੌਂਗੋਵਾਲ ਇਲਾਕੇ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਮੇਲੇ ਦੀਆਂ ਤਿਆਰੀਆਂ, ਸਹਿਯੋਗ ਅਤੇ ਹੋਣ ਵਾਲੇ ਵਿਦਿਆਰਥੀਆਂ ਦੇ ਮੁਕਾਬਲਿਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਯਾਦ ਰਹੇ ਇਹ ਮੇਲਾ ਗ਼ਦਰੀ ਗੁਲਾਬ ਕੌਰ ਬਖਸ਼ੀਵਾਲਾ ਦੇ 100ਸਾਲਾਂ ਸ਼ਹਾਦਤ ਵਰੇ ਨੂੰ ਸਪਰਪਿਤ ਕੀਤਾ ਗਿਆ ਹੈ ਜਿਸ ਵਿੱਚ ਦਿਨ ਵੇਲੇ ਸਕੂਲੀ ਵਿਦਿਆਥੀਆਂ ਦੇ ਗਾਇਣ, ਭਾਸ਼ਣ ਅਤੇ ਕੋਰੀਓਗ੍ਰਾਫੀ ਮੁਕਾਬਲੇ ਅਤੇ ਰਾਤ ਨੂੰ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾਂ ਹੇਠ ਨਾਟਕਾਂ ਭਰੀ ਰਾਤ ਹੋਵੇਗੀ।ਪੰਜਾਬ ਅਤੇ ਦੇਸ਼ ਦੀ ਇਨਕਲਾਬੀ ਵਿਰਾਸਤ ਨੂੰ ਬਚਾਉਣ ਲਈ ਆਯੋਜਤ ਹੋਣ ਵਾਲੇ ਇਸ ਮੇਲੇ ਦੀ ਹਰ ਪੱਖ ਤੋਂ ਸਫਲਤਾ ਲਈ ਸਾਰੀਆਂ ਜਥੇਬੰਦੀਆਂ ਨੇ ਇਕਜੁੱਟਤਾ ਪ੍ਰਗਟਾਉਦੇ ਹੋਏ ਸਾਂਝੇ ਕਾਰਜ਼ ਕਰਨ ਦਾ ਫੈਸਲਾ ਕੀਤਾ ਤੇ ਨਾਲ ਹੀ ਕੇਂਦਰ ਸਰਕਾਰ ਵੱਲੋ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦਾ ਸਖ਼ਤ ਵਿਰੋਧ ਕਰਕੇ ਨਿਖੇਧੀ ਮਤਾ ਪਾਸ ਕਰਦਿਆਂ ਇਸ ਨੂੰ ਸਿੱਖਿਆ ਦਾ ਵਪਾਰੀਕਰਨ ਗਰਦਾਨਿਆ ਅਤੇ ਚੱਲ ਰਹੇ ਸੰਘਰਸ਼ ਨਾਲ ਇਕਜੁੱਟਤਾ ਪ੍ਰਗਟ ਕੀਤੀ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਹਰਦੇਵ ਦੁੱਲਟ, ਦਰਸ਼ਨ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਦੇ ਕੁਲਵਿੰਦਰ ਸੋਨੀ, ਅਮਰ ਸਿੰਘ, ਭੋਲਾ ਸਿੰਘ ਬਟੂਹਾ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਲੌਂਗੋਵਾਲ,ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਦੇ ਸੁੱਖਵਿੰਦਰ ਸਿੰਘ ਢਿੱਲੋਂ, ਭੋਲਾ ਸਿੰਘ, ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਦਾਤਾ ਸਿੰਘ ਨਮੋਲ, ਚੰਦਰ ਸ਼ੇਖਰ,ਤਰਕਸ਼ੀਲ ਸੁਸਾਈਟੀ ਪੰਜਾਬ ਦੇ ਕਮਲਜੀਤ ਵਿੱਕੀ, ਗੁਰਮੇਲ ਸਿੰਘ ਤੋਂ ਇਲਾਵਾ ਯਾਦਗਾਰ ਦੇ ਵਿੱਤ ਸਕੱਤਰ ਅਨਿਲ ਕੁਮਾਰ ਸ਼ਰਮਾ, ਮੀਡੀਆ ਆਗੂ ਬੀਰਬਲ ਸਿੰਘ, ਰਣਜੀਤ ਸਿੰਘ, ਗੁਰਮੇਲ ਸਿੰਘ, ਰਾਮ ਗੁਪਾਲ, ਚਰਨਾ ਸਿੰਘ ਆਦਿ ਆਗੂ ਹਾਜ਼ਿਰ ਸਨ।

# ਬਾਲ ਮੇਲੇ ਚ ਬੱਚਿਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹਿਆ: ਸ੍ਰੀ ਸੁਰੇਸ਼ ਮਿੱਤਲ ਚੇਅਰਮੈਨ



ਮੂਣਕ 9 ਨਵੰਬਰ (ਸਾਹਿਬ ਸਿੰਘ ਖੁਰਾਣਾ) ਬੀਤੇ ਦਿਨ ਇਥੋਂ ਪੰਜ ਕਿਲੋਮੀਟਰ ਦੂਰ ਗਿਆਨ ਗੰਗਾ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬੱਲਰਾਂ ਵਿਖੇ ਸ਼ਾਨਦਾਰ ਬਾਲ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਦੀ ਸ਼ੁਰੂਆਤ ਸਰਸਵਤੀ ਵੰਦਨਾ, ਗਣੇਸ਼ ਵੰਦਨਾ ਤੇ ਜਯੋਤੀ ਪ੍ਰਜਲਿਤ ਕਰਨ ਨਾਲ ਹੋਈ। ਸਮਾਗਮ ਦੌਰਾਨ ਬੱਚਿਆਂ ਨੇ ਰੰਗੀਨ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਅਤੇ ਆਪਣੀ ਸਿਰਜਣਾਤਮਕ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਸਮਾਗਮ ਮੌਕੇ ਐਸ ਡੀ ਐਮ ਮੂਣਕ ਸਰਦਾਰ ਸੂਬਾ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰੇਸ਼ ਮਿੱਤਲ ਨੇ ਕੀਤੀ ਅਤੇ ਸਕੂਲ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਪ੍ਰੋਗਰਾਮ ਦੇ ਉਦੇਸ਼ਾਂ ਤੇ ਚਾਨਣਾ ਪਾਇਆ।ਸਕੂਲ ਦੇ ਵਿਹੜੇ ਵਿੱਚ ਆਯੋਜਿਤ ਇਸ ਮੇਲੇ ਦੌਰਾਨ ਬੱਚਿਆਂ ਵੱਲੋ ਪੇਸ਼ ਕੀਤੇ ਵੱਖ-ਵੱਖ ਖੇਡਾਂ, ਮਾਡਲ ਪ੍ਰਦਰਸ਼ਨੀ ਤੇ ਫੈਂਸੀ ਡਰੈੱਸ ਮੁਕਾਬਲਿਆਂ ਤੇ ਬੱਚਿਆਂ ਦੀ ਕਲਾ ਤੋਂ ਮਾਪੇ ਵੀ ਪ੍ਰਭਾਵਿਤ ਹੋਏ ਸਕੂਲ ਕੈਂਪਸ ਹਾਸੇ, ਸੰਗੀਤ ਅਤੇ ਰੰਗੀਨ ਪ੍ਰਦਰਸ਼ਨਾਂ ਨਾਲ ਗੂੰਜ ਉੱਠਿਆ। ਮੁੱਖ ਮਹਿਮਾਨ ਐਸ ਡੀ ਐਮ ਸਰਦਾਰ ਸੂਬਾ ਸਿੰਘ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆ ਕਿਹਾ ਕਿ ਅੱਜ ਦੇ ਯੁੱਗ ਵਿੱਚ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰਨੀ ਜ਼ਰੂਰੀ ਹੈ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਤੋਂ ਬਚਣ ਦੇ ਨਾਲ ਨਾਲ ਇਸ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਦੀ ਸਲਾਹ ਵੀ ਦਿੱਤੀ। ਇਸ ਮੌਕੇ ਸਕੂਲ ਦੀਆਂ ਅਧਿਆਪਕਾਵਾਂ ਕਵਿਤਾ, ਵੀਰੇਂਦਰ, ਮੀਨਾਕਸ਼ੀ, ਸੰਦੀਪ ਅਤੇ ਕਲਪਨਾ ਨੇ ਸਟੇਜ ਦਾ ਸੰਚਾਲਨ ਕੀਤਾ, ਜਦੋਂ ਕਿ ਵਿਦਿਆਰਥਣਾਂ ਹਰਸਿਮਰਤ, ਜਸਲੀਨ, ਜੈਸਮੀਨ, ਖਿਆਤੀ ਅਤੇ ਅਰਸ਼ਪ੍ਰੀਤ ਨੇ ਸਹਾਇਤਾ ਕੀਤੀ। ਇਸ ਸਮਾਗਮ ਵਿੱਚ ਨਗਰ ਕੌਂਸਲ ਜਾਖਲ ਦੀ ਸਾਬਕਾ ਪ੍ਰਧਾਨ ਸ਼੍ਰੀਮਤੀ ਕਰਤੀ ਮਿੱਤਲ, ਸ੍ਰੀ ਰਾਧੇਸ਼ਿਆਮ ਮਿੱਤਲ, ਸ੍ਰੀ ਰਾਹੁਲ ਮਿੱਤਲ ਅਤੇ ਸ੍ਰੀ ਵਿਕਾਸ ਕਾਂਸਲ ਮੌਜੂਦ ਸਨ।ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨਾਂ ਵੱਲੋ ਸਿੱਖਿਆ, ਖੇਡਾਂ ਤੇ ਸ਼ੋਸ਼ਲ ਗਤੀਵਿਧੀਆਂ ਵਿਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ

# ਮਿੱਲਾ ਦੇ ਨੋਟੀਫਿਕੇਸ਼ਨ ਅਤੇ ਗੰਨੇ ਦੇ ਮੁੱਲ ਚ ਵਾਧੇ ਨੂੰ ਲੈ ਕੇ ਧਰਨਾਂ 21 ਨੂੰ



ਹਰਚੋਵਾਲ (ਅਗਮ ਬੇਦੀ) ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਮਿੱਲਾ ਚੱਲਣ ਦੇ ਨੋਟੀਫਿਕੇਸ਼ਨ ਨੂੰ ਲੈ ਕੇ ਅਹਿਮ ਪ੍ਰੈਸ ਕੀਤੀ ਗਈ ਹੈ ਜਿਸ ਵਿਚ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਸੋਨੂੰ ਚੱਡਾ ਨੇ ਪੰਜਾਬ ਸਰਕਾਰ ਨੂੰ ਸ਼ਖ਼ਤ ਚਿਤਾਵਨੀ ਦਿੱਤੀ ਹੈ ਕਿ ਗੰਨਾ ਮਿੱਲਾਂ ਦਾ ਨੋਟੀਫਿਕੇਸ਼ਨ ਤਰੁੰਤ ਜਾਰੀ ਕੀਤਾ ਜਾਵੇ ਅਤੇ ਗੰਨੇ ਦੇ ਮੁੱਲ ਚ ਵਾਧਾ ਕੀਤਾ ਜਾਵੇ, ਗੰਨੇ ਦਾ ਮੁੱਲ 500 ਰੁਪਏ ਕੀਤਾ ਜਾਵੇ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲ ਉਨ੍ਹਾਂ ਦੇ 61 ਰੁਪਏ ਪਏ ਹਨ ਜੋ ਸਰਕਾਰ ਜ਼ਾਰੀ ਨਹੀਂ ਕਰ ਰਹੀ ਹੈ ਇਸ ਨੂੰ ਲੈ ਕੇ ਮਾਝਾ ਕਿਸਾਨ ਸੰਘਰਸ਼ ਕਮੇਟੀ ਸਾਰੀਆਂ ਜਥੇਬੰਦੀਆਂ ਨੂੰ ਨਾਲ ਲੈਕੇ ਕੇ 21 ਨਵੰਬਰ ਨੂੰ ਜਲੰਧਰ ਧੰਨੋਵਾਲੀ ਚ ਮੱਕਾ ਧਰਨਾ ਦਿੱਤਾ ਜਾਵੇਗਾ ਅਤੇ ਰੇਲਾਂ ਰੋਕੀਆਂ ਜਾਣਗੀਆਂ।ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਬਲਕਾਰ ਸਿੰਘ ਫੁੱਲੜਾ ਸਰਪੰਚ, ਗੁਰਪ੍ਰੀਤ ਸਿੰਘ ਬੋਪਾਰਾਏ,ਬਾਗੀ,ਨਿਸ਼ਾਨ ਸਿੰਘ ਪੰਨੂ, ਹਰਦੀਪ ਸਿੰਘ ਅਮਨ ਤੁਗਲਵਾਲ, ਕਸ਼ਮੀਰ ਸਿੰਘ ਤੁਗਲਵਾਲ,ਬੱਲ ਭੇਂਟ ਪੱਤਣ, ਸੁਖਜਿੰਦਰ ਸਿੰਘ ਹਰਚੋਵਾਲ, ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

# ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼, ਰਾਮਪੁਰਾ ਫੂਲ ਵੱਲੋਂ ਵਪਾਰ ਉਤਸਵ ਦਾ ਸਫਲ ਆਯੋਜਨ

## ਵਿਦਿਆਰਥੀਆਂ ਵਿੱਚ ਸਵੈ ਰੁਜ਼ਗਾਰ ਦੀ ਭਾਵਨਾ ਨੂੰ ਪ੍ਰਬਲ ਕਰਨਾ ਮੁੱਖ ਉਦੇਸ਼: ਐਸ. ਐਸ. ਚੱਠਾ




ਰਾਮਪੁਰਾ ਫੂਲ, 9 ਨਵੰਬਰ (ਗੁਰਪ੍ਰੀਤ ਖੋਖਰ) ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਕਾਮਰਸ ਅਤੇ ਬੀਬੀਏ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਵਪਾਰਕ ਸੋਚ, ਹਿਸਾਬ-ਕਿਤਾਬ ਦੀ ਸਮਝ ਅਤੇ ਮਾਰਕੀਟ ਦੇ ਰੁਝਾਨਾਂ ਨੂੰ ਜਾਣਨ ਨਾਲ ਨਾਲ ਸਵੈ ਰੁਜ਼ਗਾਰ ਦੀ ਭਾਵਨਾ ਵਿਕਸਤ ਕਰਨ ਲਈ ਵਪਾਰ ਉਤਸਵ ਦਾ ਆਯੋਜਨ ਕੀਤਾ ਗਿਆ। ਇਸ ਉਤਸਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਲਾਸਰੂਮ ਪਾਠਾਂ ਤੋਂ ਇਲਾਵਾ ਅਮਲੀ ਜੀਵਨ ਵਿੱਚ ਵਪਾਰ ਅਤੇ ਸਟਾਰਟਅਪ ਦੇ ਤਰੀਕਿਆਂ ਨਾਲ ਜੋੜਨਾ ਸੀ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਤੇ ਸਟਾਲ ਲਗਾ ਕੇ ਉਤਪਾਦ ਵਿਕਰੀ, ਪ੍ਰੋਮੋਸ਼ਨਲ ਤਰੀਕੇ ਅਪਣਾਏ, ਗਾਹਕਾਂ ਨਾਲ ਸੰਚਾਰ ਕੀਤਾ ਅਤੇ ਮਾਰਕੀਟਿੰਗ ਤੇ ਮੈਨੇਜਮੈਂਟ ਦੇ ਕਈ ਪਹਿਲੂਆਂ ਦਾ ਅਭਿਆਸ ਕੀਤਾ। ਉਤਸਵ ਵਿੱਚ ਵਿਦਿਆਰਥੀਆਂ ਵੱਲੋਂ ਫੂਡ ਕਾਰਨਰ, ਹੈਂਡਮੇਡ ਪ੍ਰੋਡਕਟਸ, ਨੇਲ ਆਰਟ, ਬਿਊਟੀ ਪ੍ਰੋਡਕਟ ਪ੍ਰਦਰਸ਼ਨੀ ਆਦਿ ਦੇ ਆਕਰਸ਼ਕ ਸਟਾਲ ਲਗਾਏ ਗਏ। ਵਿਦਿਆਰਥੀਆਂ ਨੇ ਨਾ ਸਿਰਫ਼ ਆਪਣੇ ਉਤਪਾਦ ਵੇਚੇ, ਸਗੋਂ ਗਾਹਕਾਂ ਨਾਲ ਬਿਹਤਰ ਸੰਬੰਧ ਬਣਾਉਣ ਦੀ ਕਲਾ ਵੀ ਸਿੱਖੀ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਵੱਡੇ ਉਦਯੋਗਾਂ ਦੀ ਨੀਂਹ ਛੋਟੇ ਸਟਾਰਟਅਪ ਆਈਡੀਆ ਵਿੱਚ ਹੀ ਪਈ ਹੈ। ਸੰਸਥਾ ਦੇ ਚੇਅਰਮੈਨ ਐਸ. ਐਸ. ਚੱਠਾ ਨੇ ਵਿਦਿਆਰਥੀਆਂ ਦੇ ਉਤਸਾਹ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਿਰਫ਼ ਪਾਠਕ੍ਰਮ ਤੱਕ ਸੀਮਿਤ ਨਹੀਂ ਰੱਖਦੇ, ਸਗੋਂ ਉਨ੍ਹਾਂ ਵਿੱਚ ਸਵੈਰੋਜ਼ਗਾਰ ਅਤੇ ਨਵੇਂ ਵਿਚਾਰਾਂ ਨਾਲ ਅੱਗੇ ਵਧਣ ਦੀ ਹਿੰਮਤ ਪੈਦਾ ਕਰਦੇ ਹਨ। ਅਜਿਹੇ ਉਤਸਵ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਦੇ ਕਾਬਲ ਉੱਦਮੀ ਬਣਾਉਣ ਦੀ ਬੁਨਿਆਦ ਰੱਖਦੇ ਹਨ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ ਨੇ ਕਿਹਾ ਕਿ ਵਪਾਰ ਉਤਸਵ ਜਿਹੇ ਆਯੋਜਨ ਵਿਦਿਆਰਥੀਆਂ ਦੀ ਵਿਅਕਤੀਗਤ ਵਿਕਾਸ ਦੇ ਨਾਲ ਉਨ੍ਹਾਂ ਨੂੰ ਮਾਰਕੀਟ ਦੀਆਂ ਜ਼ਮੀਨੀ ਹਕੀਕਤਾਂ ਨਾਲ ਵੀ ਜੋੜਦੇ ਹਨ। ਇਹ ਅਨੁਭਵ ਉਨ੍ਹਾਂ ਨੂੰ ਆਤਮਵਿਸ਼ਵਾਸੀ ਅਤੇ ਪ੍ਰੈਕਟੀਕਲ ਬਣਾਉਂਦਾ ਹੈ।ਵਿਭਾਗ ਮੁਖੀ ਪ੍ਰੋ. ਅਨੀਤਾ ਗਰਗ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਨਵਨੀਤ ਕੌਰ, ਪ੍ਰੋ. ਰੀਵਾ ਜੈਨ ਅਤੇ ਪ੍ਰੋ. ਦੀਪਤੀ ਨੇ ਦੱਸਿਆ ਕਿ ਇਸ ਵਪਾਰ ਉਤਸਵ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਤਜਰਬਾ ਦੇ ਨਾਲ ਵਪਾਰ ਦੀਆਂ ਬਾਰੀਕੀਆਂ ਜਿਵੇਂ ਹਿਸਾਬ ਕਿਤਾਬ, ਨਫ਼ਾ-ਨੁਕਸਾਨ ਦਾ ਅੰਦਾਜ਼ਾ, ਗਾਹਕਾਂ ਦੀ ਰੁਚੀ ਅਤੇ ਮਾਰਕੀਟ ਰਣਨੀਤੀਆਂ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨਾ ਸੀ।

# ਅੰਜੁਮਨ ਫਰੋਗ ਏ ਅਦਬ, ਪੰਜਾਬ ਵੱਲੋਂ ਉਰਦੂ ਦੇ ਮਸ਼ਹੂਰ ਸ਼ਾਇਰ ਡਾਕਟਰ ਮੁਹੰਮਦ ਇਕਬਾਲ ਦੀ ਯਾਦ ਵਿੱਚ ਇਕਬਾਲ ਦਿਵਸ ਦਾ ਆਯੋਜਨ



ਮਾਲੇਰਕੋਟਲਾ 9 ਨਵੰਬਰ (ਮੁਨਸ਼ੀ ਫ਼ਾਰੂਕ) ਅੰਜੁਮਨ ਫਰੋਗ ਏ ਅਦਬ (ਰਜਿਸਟਰਡ) ਪੰਜਾਬ ਵੱਲੋਂ ਉਰਦੂ ਦੇ ਮਸ਼ਹੂਰ ਸ਼ਾਇਰ ਡਾਕਟਰ ਇਕਬਾਲ ਦੀ ਯਾਦ ਵਿੱਚਇਕਬਾਲ ਦਿਵਸ ਦਾ ਆਯੋਜਨ ਸਥਾਨਕ ਇਸਲਾਮੀਆ ਗਰਲਜ਼ ਕਾਲਜ ਵਿਖੇ ਆਯੋਜਿਤ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਨਾਮਵਰ ਸ਼ਾਇਰ ਜਫਰ ਅਹਿਮਦ ਜਫਰ ਸਿਦੀਕੀ ਨੇ ਕੀਤੀ। ਪ੍ਰਿੰਸੀਪਲ ਡਾਕਟਰ ਰਾਹਿਲਾ ਮੁੱਖ ਮਹਿਮਾਨ ਦੇ ਤੌਰ ਤੇ ਪਧਾਰੇ ਅਤੇ ਸ੍ਰੀ ਮੁਅਜ਼ਮ ਸੈਫੀ ਨੌਜਵਾਨ ਸ਼ਾਇਰ ਅਤੇ ਉੱਘੇ ਉਦਯੋਗਪਤੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਸਮਾਗਮ ਦੀ ਸ਼ੁਰੂਆਤ ਅਸਿਸਟੈਂਟ ਪ੍ਰੋਫੈਸਰ ਡਾਕਟਰ ਯਾਵਰ ਅੱਬਾਸ ਨੇ ਕੁਰਾਨ ਸ਼ਰੀਫ ਦੀ ਤਿਲਾਵਤ ਨਾਲ ਕੀਤੀ। ਕਾਲਜ ਦੀ ਬੀ ਏ ਪਹਿਲਾ ਸਾਲ ਦੀ ਵਿਦਿਆਰਥਣ ਅਮਰੀਨ ਨੇ ਡਾਕਟਰ ਇਕਬਾਲ ਦੀ ਨਜ਼ਮ ਲਬ ਪੇ ਆਤੀ ਹੈ ਦੁਆ ਬਣ ਕੇ ਤਮੰਨਾ ਮੇਰੀ ਪੇਸ਼ ਕੀਤੀ। ਵਿਦਿਆਰਥਣ ਫਰਹੀਨ ਨੇ ਤਰਾਨਾ ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ ਪੇਸ਼ ਕੀਤਾ। ਤਾਨੀਆ ਅਤੇ ਅਰਹਮ ਬੀ ਏ ਭਾਗ ਫਾਈਨਲ ਦੀਆਂ ਵਿਦਿਆਰਥਣਾ ਨੇ ਡਾਕਟਰ ਇਕਬਾਲ ਦੀ ਜ਼ਿੰਦਗੀ ਦੇ ਹਾਲਾਤ ਤੇ ਚਾਨਣਾ ਪਾਇਆ। ਸੁਮਈਆ ਅਤੇ ਸਮੀਰਾ ਬੀ ਏ ਭਾਗ ਫਾਈਨਲ ਦੀਆਂ ਵਿਦਿਆਰਥਣਾ ਨੇ ਡਾਕਟਰ ਇਕਬਾਲ ਦੀ ਨਜ਼ਮ ਪੇਸ਼ ਕੀਤੀ ਜਿਸ ਦੀ ਸਰੋਤਿਆਂ ਨੇ ਖੂਬ ਸਲਾਘਾ ਕੀਤੀ। ਮੁਹੰਮਦ ਸ਼ਮਸ਼ਾਦ ਅਤੇ ਸਾਹਿਬਜ਼ਾਦਾ ਅਜਮਲ ਖਾਨ ਸ਼ੇਰਵਾਨੀ ਨੇ ਗਾ ਕੇ ਡਾਕਟਰ ਇੱਕਬਾਲ ਦਾ ਕਲਾਮ ਪੇਸ਼ ਕੀਤਾ। ਅਸਗਰ ਅਮੀਨ ਅਤੇ ਮੁਕਰਮ ਸੈਫੀ (ਦੋਨੋਂ ਨੌਜਵਾਨ ਸ਼ਾਇਰ) ਨੇ ਡਾਕਟਰ ਇਕਬਾਲ ਤੇ ਲਿਖਿਆ ਆਪਣਾ ਕਲਾਮ ਪੇਸ਼ ਕੀਤਾ। ਜਿਸ ਨੂੰ ਹਾਜ਼ਰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਅੰਜੁਮਨ ਦੇ ਸਾਬਕਾ ਪ੍ਰਧਾਨ ਡਾਕਟਰ ਸਲੀਮ ਜ਼ੁਬੈਰੀ ਨੇ ਡਾਕਟਰ ਇਕਬਾਲ ਕੀ ਨਜ਼ਰ ਮੇਂ ਔਰਤ ਕਾ ਮੁਕਾਮ ਵਿਸ਼ੇ ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਵਿਸ਼ੇਸ਼ ਮਹਿਮਾਨ ਮੁਅਜ਼ਮ ਸੈਫੀ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਇਸ ਅੰਜੁਮਨ ਦੇ ਮੈਂਬਰਾਂ ਨੂੰ ਮੁਬਾਰਕਬਾਦ ਪੇਸ਼ ਕੀਤੀ।ਮੁੱਖ ਮਹਿਮਾਨ ਪ੍ਰਿੰਸੀਪਲ ਡਾਕਟਰ ਰਾਹਿਲਾ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਅੰਜੁਮਨ ਵੱਲੋਂ ਕੀਤੇ ਜਾ ਰਹੇ ਸਾਹਿਤਿਕ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਸਮਾਗਮਾਂ ਦਾ ਆਯੋਜਨ ਇਸਲਾਮੀਆ ਗਰਲਜ਼ ਕਾਲਜ ਵਿੱਚ ਹੀ ਆਯੋਜਿਤ ਕਰਵਾਉਣ ਦਾ ਸੱਦਾ ਦਿੱਤਾ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰੀ ਜਫਰ ਅਹਿਮਦ ਜਫਰ ਸਿਦੀਕੀ ਨੇ ਬੜੇ ਹੀ ਖੂਬਸੂਰਤ ਸ਼ਬਦਾਂ ਵਿੱਚ ਡਾਕਟਰ ਇਕਬਾਲ ਤੇ ਲਿਖਿਆ ਪੱਤਰ ਪੜ੍ਹਿਆ ਅਤੇ ਅੰਜੁਮਨ ਨੂੰ ਮੁਬਾਰਕਬਾਦ ਪੇਸ਼ ਕੀਤੀ। ਅਖੀਰ ਵਿੱਚ ਅੰਜੁਮਨ ਦੇ ਪ੍ਰਧਾਨ ਸ੍ਰੀ ਮੁਹੰਮਦ ਕਾਸਿਫ ਜਗੀਰਦਾਰ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸ੍ਰੀ ਨਾਸਰ ਆਜ਼ਾਦ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ। ਇਕਬਾਲ ਦਿਵਸ ਦੇ ਸਮਾਗਮ ਵਿੱਚ ਉਭਰਦੇ ਹੋਏ ਸ਼ਾਇਰ ਮੁਹੰਮਦ ਮੁਸ਼ਤਾਕ ਜੋਸ਼, ਸ੍ਰੀ ਰਮਜ਼ਾਨ ਸਈਦ, ਮੁਹੰਮਦ ਰਫੀਕ, ਮੁਹੰਮਦ ਜਮੀਲ, ਨਦੀਮ ਅਹਿਮਦ ਖਾਨ ਅਸਟੇਟ ਅਫਸਰ ਪੰਜਾਬ ਵਕਫ ਬੋਰਡ, ਓਵੈਸ ਓਵੈਸੀ, ਡਾਕਟਰ ਅਸ਼ਰਫ, ਡਾਕਟਰ ਸ਼ਫੀਕ ਥਿੰਦ,ਜਾਵੇਦ ਇਕਬਾਲ, ਸ਼ਬੀਰ ਜਗੀਰਦਾਰ, ਬਸ਼ੀਰ ਰਾਣਾ, ਐਡਵੋਕੇਟ ਅਯਾਜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

# ਮੀਰਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਤਿੰਨ ਦਿਨਾਂ ਵਿੱਦਿਅਕ ਟੂਰ ਲਗਾਈਆ ਗਿਆ




ਸਰਦੂਲਗੜ੍ਹ, 8 ਨਵੰਬਰ: ਮੀਰਾ ਪਬਲਿਕ ਸਕੂਲ, ਸਰਦੂਲੇਵਾਲਾ ਵੱਲੋਂ ਵਿਦਿਆਰਥੀਆਂ ਲਈ ਤਿੰਨ ਦਿਨਾਂ ਦਾ ਸਿੱਖਿਅਕ ਅਤੇ ਮਨੋਰੰਜਨ ਭਰਪੂਰ ਵਿੱਦਿਅਕ ਟੂਰ ਪਿੰਕ ਸਿਟੀ ਜੈਪੁਰ ਲਈ ਸਕੂਲ ਦੇ ਚੇਅਰਮੈਨ ਸ਼੍ਰੀ ਵਿਜੇ ਕੁਮਾਰ ਲਹਿਰੀ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਰਵਾਨਗੀ ਮੌਕੇ ਉਹਨਾਂ ਵਿਦਿਆਰਥੀਆਂ ਲਈ ਸੁਰੱਖਿਤ ਅਤੇ ਅਨੰਦ ਮਈ ਯਾਤਰਾ ਦੀ ਕਾਮਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਿੱਖਿਆਕ ਟੂਰ ਵਿਦਿਆਰਥੀਆਂ ਨੂੰ ਸਾਡੇ ਅਮੀਰ ਸਭਿਆਚਾਰ ਤੇ ਵਿਰਸੇ ਤੋਂ ਜਾਣੂ ਕਰਵਾਉਂਦੇ ਹਨ।' ਅਤੇ ਉਨ੍ਹਾਂ ਨੂੰ ਕਿਤਾਬਾਂ ਤੋਂ ਬਾਹਰ ਵੀ ਦੂਨੀਆ ਨੂੰ ਜਾਣਨ ਦਾ ਮੌਕਾ ਦਿੰਦੇ ਹਨ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਰਾਮ ਕਿਸ਼ਨ ਯਾਦਵ ਵੀ ਮੌਜੂਦ ਸਨ। ਉਹ ਤਿੰਨ ਹੋਰ ਅਧਿਆਪਕਾਂ ਸਮੇਤ ਵਿਦਿਆਰਥੀਆਂ ਦੇ ਨਾਲ ਟੂਰ 'ਤੇ ਗਏ ਹਨ, ਤਾਂ ਜੋ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਿੱਖਿਅਕ ਗਤੀਵਿਧੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਸਕੇ। ਇਸ ਤਿੰਨ ਦਿਨਾਂ ਦੇ ਟੂਰ ਦੌਰਾਨ ਵਿਦਿਆਰਥੀ ਜੈਪੁਰ ਦੇ ਇਤਿਹਾਸਕ ਕਿਲਿਆਂ, ਮਿਊਜ਼ੀਅਮਾਂ, ਜੰਤਰ ਮੰਤਰ, ਹਵਾ ਮਹਲ, ਬਿਰਲਾ ਮੰਦਰ, ਆਮੇਰ ਕਿਲਾ ਆਦਿ ਪ੍ਰਸਿੱਧ ਸਥਾਨਾਂ ਦਾ ਦਰਸ਼ਨ ਕਰਨਗੇ। ਡਾ. ਯਾਦਵ ਨੇ ਦੱਸਿਆ ਕਿ, ਇਹ ਟੂਰ ਵਿਦਿਆਰਥੀਆਂ ਲਈ ਸਿੱਖਣ, ਵੇਖਣ ਅਤੇ ਅਨੁਭਵ ਕਰਨ ਦਾ ਸੁਨਹਿਰੀ ਮੌਕਾ ਹੈ। ਅਸੀਂ ਚਾਹੁੰਦੇ ਹਾਂ ਕਿ ਬੱਚੇ ਇਨ੍ਹਾਂ ਥਾਵਾਂ ਤੋਂ ਇਤਿਹਾਸ ਅਤੇ ਸੰਸਕਾਰ ਦੀ ਪ੍ਰੇਰਨਾ ਲੈਣ।' ਸਕੂਲ ਪ੍ਰਬੰਧਕ ਮੰਡਲ ਨੇ ਵਿਦਿਆਰਥੀਆਂ ਨੂੰ ਸੁਰੱਖਿਅਤ, ਖੁਸ਼ਮਿਜ਼ਾਜ਼ ਅਤੇ ਸਿੱਖਿਆਪ੍ਰਦ ਯਾਤਰਾ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਇਸ ਮੌਕੇ ਸਕੂਲ ਅਧਿਆਪਕ ਰਮਨਦੀਪ ਕੌਰ, ਮੋਨਿਕਾ ਗੋਇਲ, ਬਲਵਿੰਦਰ ਸਿੰਘ ਮੌਜੂਦ ਸਨ।

# ਪੰਜਾਬੀ ਏਕੇ ਅਤੇ ਸੰਘਰਸ਼ ਦੀ ਜਿੱਤ, ਫਾਸ਼ੀਵਾਦ ਝਪਟ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਬਚਾਉਣ ਦਾ ਸੰਘਰਸ਼ ਜਿੱਤ ਵੱਲ



ਮੋਗਾ, 9 ਨਵੰਬਰ (ਜਗਰਾਜ ਸਿੰਘ ਸੰਘਾ) ਲੋਕ ਸੰਗਰਾਮ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸੁਖਮੰਦਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਪਟਿਆਲਾ ਵਿੱਚ ਕਾਮਰੇਡ ਜਗਜੀਤ ਸੋਹਲ ਦੀ ਬਰਸੀ ਮਨਾਉਣ ਸਬੰਧੀ ਪਰਸੋਂ ਪਟਿਆਲੇ ਵਿੱਚ ਲੋਕ ਸੰਗਰਾਮ ਮੋਰਚੇ ਨੇ ਮੀਟਿੰਗ ਸੱਦੀ ਹੈ। ਮੀਟਿੰਗ ਪਿੱਛੋਂ ਕਾਮਰੇਡ ਜਗਜੀਤ ਸੋਹਲ ਦੀ ਬਰਸੀਂ ਸਬੰਧੀ ਮਿਤੀ ਦਾ ਐਲਾਨ ਕੀਤਾ ਜਾਵੇਗਾ।ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਸਰਧਾਂਜਲੀ ਸਮਾਗਮ ਦੀਆਂ ਤਿਆਰੀਆਂ ਬਾਰੇ ਚਰਚਾ ਕੀਤੀ ਗਈ। ਇਸ ਵਾਰ ਉਹਨਾਂ ਦੀ ਬਰਸੀ 29 ਨਵੰਬਰ ਨੂੰ 11 ਵਜੇ ਉਹਨਾਂ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ ਸ਼ਹੀਦੀ ਯਾਦਗਾਰ ਉਤੇ ਪੂਰੇ ਜੋਸ਼ੋ ਖਰੋਸ਼ ਨਾਲ ਮਨਾਈ ਜਾਵੇਗੀ। ਉਹਨਾਂ ਦੇ ਸਮਾਗਮ ਸਬੰਧੀ ਸਿਆਸੀ ਹਲਤਾਂ ਬਾਰੇ ਜਲਦੀ ਹੀ ਇਕ ਹੱਥਪਰਚਾ ਵੀ ਜਾਰੀ ਕੀਤਾ ਜਾਵੇਗਾ। ਕੇਂਦਰ ਦੀ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਪਿਛਲੇ ਦਿਨੀ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿੱਚ ਯੂਨੀਵਰਸਿਟੀ ਨਾਲ ਸੰਬੰਧਿਤ ਨੀਤੀਆਂ ਪਾਲਸੀਆਂ ਘੜਨ ਦੇ ਲਈ ਪੰਜਾਬ ਦੇ ਲੋਕਾਂ ਵੱਲੋਂ ਚੁਣੀ ਜਾਂਦੀ ਸੈਨਿਟ ਅਤੇ ਸਿੰਡੀਕੇਟ ਰਾਹੀ ਵਿਦਿਆਰਥੀਆਂ ਅਤੇ ਲੋਕਾਂ ਨੂੰ ਜੋ ਥੋੜੇ ਬਹੁਤੇ ਹੱਕ ਮਿਲੇ ਸਨ, ਕੇਂਦਰ ਦੀ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਆਪਣੀ ਮਰਜ਼ੀ ਦੇ ਨੁਮਾਇੰਦੇ ਨੌਮੀਨੇਟ ਕਰਕੇ ਥੋੜਾ ਬਹੁਤਾ ਜੋ ਅਧਿਕਾਰ ਲੋਕਾਂ ਤੇ ਵਿਦਿਆਰਥੀਆਂ ਨੂੰ ਮਿਲਿਆ ਸੀ ਉਸ ਤੇ ਝਪਟਾ ਮਾਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੰਟਰੋਲ ਪੰਜਾਬ ਤੋਂ ਮੁਕੰਮਲ ਤੌਰ ਤੇ ਖੋਹ ਕੇ ਲਿਜਾ ਰਹੀ ਸੀ। ਵਿਦਿਆਰਥੀਆਂ ਦੇ ਸਿਲੇਬਸ ਕੀ ਹੋਣ, ਵਿਦਿਆਰਥੀਆਂ ਨੂੰ ਕੀ ਪੜ੍ਹਾਇਆ ਜਾਵੇ, ਟੀਚਰ ਕਿਹੋ ਜਿਹੇ ਹੋਣ ਅਤੇ ਯੂਨੀਵਰਸਿਟੀ ਦੇ ਵਿੱਚ ਆਰਐਸਐਸ ਦਾ ਦਾਖਲਾ ਕਿਵੇਂ ਕੀਤਾ ਜਾਵੇ, ਨਿਜੀਕਰਨ ਭਗਵੇਂਕਰਨ, ਸੰਸਾਰੀਕਰਨ ਦੀਆਂ ਨੀਤੀਆਂ ਪੂਰੀ ਤਰ੍ਹਾਂ ਯੂਨੀਵਰਸਿਟੀ ਤੇ ਠੋਸ ਕੇ ਪੜ੍ਹਾਈ ਗਰੀਬਾਂ ਦੀ ਪਹੁੰਚ ਤੋਂ ਕਿਵੇਂ ਬਾਹਰ ਕੀਤੀ ਜਾਵੇ। ਮੋਦੀ ਸਰਕਾਰ ਦੀ ਅਜਿਹਾ ਕਰਕੇ ਇਹ ਯੋਜਨਾ ਸੀ। ਜੋ ਵਿਦਿਆਰਥੀਆਂ ਅਤੇ ਪੰਜਾਬੀ ਲੋਕਾਂ ਨੇ ਸਮੇਂ ਤੇ ਭਾਂਪ ਲਿਆ ਅਤੇ ਵੱਡੀ ਪੱਧਰ ਤੇ ਵਿਰੋਧ ਵਿੱਚ ਨਿੱਤਰੇ। ਸਰਕਾਰ ਨੂੰ ਇੱਕ ਵਾਰ ਜਾਰੀ ਕੀਤਾ ਨੋਟੀਫਿਕੇਸ਼ਨ ਵਾਪਸ ਲੈਣਾ ਪਿਆ। ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ 10 ਤਰੀਕ ਨੂੰ ਮੋਹਾਲੀ ਤੋਂ ਯੂਨੀਵਰਸਿਟੀ ਵੱਲ ਮਾਰਚ ਕੀਤਾ ਜਾਵੇਗਾ ਉਸ ਨੂੰ ਰੋਕਣ ਦੇ ਲਈ ਪਹਿਲਾਂ ਹੀ ਸਖਤ ਬੈਰੀਕੇਟ ਅਤੇ ਵੱਡੀ ਗਿਣਤੀ ਵਿੱਚ ਪੁਲਿਸ ਤੈਅਨਾਤ ਕਰ ਦਿੱਤੀ ਹੈ। ਪਰ, ਸੰਘਰਸ਼ੀ ਧਿਰ ਦਾ ਫੈਸਲਾ ਹੈ ਕਿ ਜਦੋਂ ਤੱਕ ਸੈਨਿਟ ਦੀਆਂ ਚੋਣਾਂ ਦਾ ਬਕਾਇਦਾ ਐਲਾਨ ਨਹੀਂ ਹੁੰਦਾ, ਸੰਘਰਸ਼ ਜਾਰੀ ਰਹੇਗਾ । ਮੋਦੀ ਸਰਕਾਰ ਦਬਾਅ ਨਾਲ ਪਿੱਛੇ ਹਟੀ ਹੈ। ਨੀਤੀਆਂ ਵਾਪਸ ਨਹੀਂ ਲਈਆਂ। ਲੋਕ ਸੰਗਰਾਮ ਮੋਰਚਾ ਵਿਦਿਆਰਥੀਆਂ ਤੇ ਲੋਕਾਂ ਦੇ ਇਸ ਹੱਕੀ ਘੋਲ ਦੀ ਹਮਾਇਤ ਕਰਦਾ ਹੈ।

# ਪਿਤਾ ਜੀ ਦੀ ਵਿਰਾਸਤ, ਦੇਵੇ ਸੇਵਾ ਦੀ ਤਾਕਤ ਦੀ ਲੜੀ ਨੂੰ ਅੱਗੇ ਤੋਰਦਿਆਂ ਭਵਾਨੀਗੜ੍ਹ ਵਿਖੇ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ: ਵਿਜੈ ਇੰਦਰ ਸਿੰਗਲਾ



ਭਵਾਨੀਗੜ੍ਹ, 9 ਨਵੰਬਰ (ਹੈਪੀ ਸ਼ਰਮਾ): ਭਵਾਨੀਗੜ੍ਹ ਵਿਖੇ ਕਾਂਗਰਸ ਦੇ ਨੇਤਾ ਵਿਜੈ ਇੰਦਰ ਸਿੰਗਲਾ ਵੱਲੋਂ ਆਪਣੇ ਪਿਤਾ ਸਵ: ਸੰਤ ਰਾਮ ਸਿੰਗਲਾ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਹਲਕੇ ਦੇ ਲੋਕਾਂ ਨੂੰ ਵੱਡੀ ਗਿਣਤੀ ਚ' ਸਿਹਤ ਸੁਵਿਧਾਵਾਂ ਦਾ ਲਾਭ ਮਿਲਿਆ। ਇਸ ਕੈਂਪ ਵਿੱਚ ਪਹੁੰਚੇ ਮਰੀਜ਼ਾਂ ਨੂੰ ਅੱਖਾਂ ਦੇ ਚਸ਼ਮੇ ਵੰਡੇ ਗਏ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਲੈਂਜ਼ ਪਵਾਏ ਗਏ। ਇਸ ਤੋਂ ਇਲਾਵਾ ਚਮੜੀ ਦੇ ਰੋਗ ਦੇ ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਵੰਡੀਆਂ ਗਈਆਂ। ਕੈਂਪ ਦੌਰਾਨ ਸਮੁੱਚਾ ਸਿੰਗਲਾ ਪਰਿਵਾਰ ਅਤੇ ਸਾਡੇ ਕਾਂਗਰਸ ਪਰਿਵਾਰ ਦੇ ਸਾਥੀ ਸਾਹਿਬਾਨ ਵੀ ਮੌਜ਼ੂਦ ਰਹੇ ਅਤੇ ਸਮੇਂ ਸਮੇਂ ਤੇ ਲੋੜਵੰਦ ਮਰੀਜ਼ਾਂ ਦੀ ਮੱਦਦ ਕੀਤੀ। ਵਿਜੈ ਇੰਦਰ ਸਿੰਗਲਾ ਜੀ ਨੇ ਕਿਹਾ ਕਿ ਉਹ ਪਿਛਲੇ 20 ਸਾਲ ਤੋਂ ਆਪਣੇ ਪਿਤਾ ਜੀ ਦੀ ਯਾਦ ਨੂੰ ਸਮਰਪਿਤ ਮੈਡੀਕਲ ਕੈਂਪਾਂ ਦੇ ਜ਼ਰੀਏ ਸਿਹਤ ਸੁਵਿਧਾਵਾਂ ਸੇਵਾ ਦੇ ਰੂਪ ਵਿੱਚ ਮੁੱਹਈਆ ਕਰਵਾ ਰਹੇ ਹਨ ਅਤੇ ਇਸੇ ਲੀਕ ਨੂੰ ਅੱਗੇ ਤੋਰਦਿਆਂ ਸਮੂਹ ਸਿੰਗਲਾ ਪਰਿਵਾਰ ਇਸ ਸੇਵਾ ਵਿੱਚ ਲੱਗਿਆ ਹੋਇਆ ਹੈ। ਇਸ ਦੌਰਾਨ ਵਿਜੈ ਇੰਦਰ ਸਿੰਗਲਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਆਪਣੇ ਪਿਤਾ ਜੀ ਦੇ ਜੀਵਨ ਤੇ ਉਪਦੇਸ਼ਾਂ ਦੇ ਰਾਹ ਤੇ ਚਲਦਿਆਂ ਸੂਬੇ ਦੇ ਲੋਕਾਂ ਲਈ ਚੰਗੀਆਂ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਦਾ ਯਤਨ ਕਰ ਰਿਹਾ ਹਾਂ। ਜਿਸ ਸਦਕਾ ਹੀ ਪੀ. ਜੀ. ਆਈ. ਘਾਬਦਾਂ ਅਤੇ ਕੈਂਸਰ ਹਸਪਤਾਲ ਦਾ ਨਿਰਮਾਣ ਕਰਵਾਇਆ ਅਤੇ ਮੈਨੂੰ ਤਸੱਲੀ ਹੈ ਕਿ ਦੂਜੇ ਰਾਜਾਂ ਵਿੱਚੋਂ ਵੀ ਇਸ ਭਿਆਨਕ ਬਿਮਾਰੀ ਨਾਲ ਲੜਣ ਵਾਲੇ ਮਰੀਜ਼ਾਂ ਦਾ ਸਮੁੱਚਾ ਇਲਾਜ ਸੰਗਰੂਰ ਵਿਖੇ ਤਸੱਲੀ ਬਖਸ਼ ਹੋ ਰਿਹਾ ਹੈ। ਆਖਿਰ ਵਿੱਚ ਉਹਨਾਂ ਕਿਹਾ ਕਿ ਸਮੂਹ ਸਿੰਗਲਾ ਪਰਿਵਾਰ ਇਸ ਸੇਵਾ ਪ੍ਰਤੀ ਭਗਤੀ ਨੂੰ ਸਮਰਪਿਤ ਹੈ ਅਤੇ ਲੋਕ ਸੇਵਾ ਲਈ ਇਹ ਕੈਂਪ ਇਸੇ ਤਰਾਂ ਜਾਰੀ ਰਹਿਣਗੇ ਤਾਂ ਜੋ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਕੇ ਅਸੀਂ ਤੰਦਰੁਸਤ ਪੰਜਾਬ ਦੀ ਸਿਰਜਣਾ ਕਰ ਸਕੀਏ।

# ਚੈੱਕਮੇਟ ਚੈਂਪੀਅਨਸ਼ਿਪ ਟਰਾਫ਼ੀ ਵਿੱਚ ਆਰਿਅਨ ਕਪੂਰ ਦੀ ਜਿੱਤ, ਐੱਮ.ਡੀ. ਦਯਾਨੰਦ ਮਾਡਲ ਸਕੂਲ ਨਕੋਦਰ ਦਾ ਮਾਣ ਵਧਾਇਆ



ਨਕੋਦਰ 8 ਨਵੰਬਰ 2025 (ਚੇਤਨ ਗਗਨ): ਐੱਮ.ਡੀ. ਦਯਾਨੰਦ ਮਾਡਲ ਸਕੂਲ ਨਕੋਦਰ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਆਰਿਅਨ ਕਪੂਰ ਨੇ ਆਪਣੀ ਬੇਮਿਸਾਲ ਸੋਚ ਤੇ ਅਦਭੁਤ ਖੇਡ ਕਾਬਲੀਅਤ ਨਾਲ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਵਿੱਚ ਆਯੋਜਿਤ ਚੈੱਕਮੇਟ ਚੈਂਪੀਅਨਸ਼ਿਪ ਟਰਾਫ਼ੀ (ਸ਼ਤਰੰਜ) ਦੇ ਓਪਨ ਟੂਰਨਾਮੈਂਟ ਵਿੱਚ ਸਭ ਦਾ ਮਨ ਮੋਹ ਲਿਆ। ਉਮਰ ਵਰਗ ਅੰਡਰ-19 ਸ਼੍ਰੇਣੀ ਵਿੱਚ ਤੀਬਰ ਮੁਕਾਬਲੇ ਦੇ ਬਾਵਜੂਦ, ਆਰਿਅਨ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਲਗਭਗ ਸੱਠ ਖਿਡਾਰੀਆਂ ਨੇ ਭਾਗ ਲਿਆ, ਪਰ ਆਰਿਅਨ ਦੀ ਸੋਚਣ ਦੀ ਤੇਜ਼ੀ, ਧੀਰਜ ਅਤੇ ਯੋਜਨਾਬੱਧ ਚਾਲਾਂ ਨੇ ਸਭ ਖਿਡਾਰੀਆਂ ਨੂੰ ਪਛਾੜ ਕੇ ਉਸ ਨੂੰ ਪਹਿਲੇ ਸਥਾਨ ਤੇ ਪਹੁੰਚਾ ਦਿੱਤਾ। ਉਸ ਦੀ ਇਸ ਪ੍ਰਾਪਤੀ ਨਾਲ ਨਾ ਸਿਰਫ਼ ਉਸ ਦੇ ਮਾਤਾ-ਪਿਤਾ, ਸਗੋਂ ਪੂਰੇ ਐੱਮ.ਡੀ. ਦਯਾਨੰਦ ਪਰਿਵਾਰ ਨੇ ਮਾਣ ਮਹਿਸੂਸ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਬਲਜਿੰਦਰ ਸਿੰਘ ਜੀ, ਚੇਅਰਮੈਨ ਪ੍ਰਮੋਦ ਭਾਰਦਵਾਜ ਜੀ ਅਤੇ ਸਮੂਹ ਸਟਾਫ ਮੈਂਬਰਾਂ ਨੇ ਆਰਿਅਨ ਕਪੂਰ ਨੂੰ ਦਿਲੋਂ ਵਧਾਈ ਦਿੱਤੀ ਤੇ ਉਸਦੇ ਚਮਕਦੇ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਆਰਿਅਨ ਦੀ ਇਹ ਜਿੱਤ ਇਹ ਸਾਬਤ ਕਰਦੀ ਹੈ ਕਿ ਜੇ ਇਰਾਦੇ ਮਜ਼ਬੂਤ ਹੋਣ ਤੇ ਚਾਲ ਸੋਚ ਸਮਝ ਕੇ ਚੱਲੀ ਜਾਵੇ , ਤਾਂ ਹਰ ਮੈਦਾਨ ਵਿੱਚ ਚੈੱਕਮੇਟ ਸਿਰਫ਼ ਜਿੱਤ ਦੀ ਗੂੰਜ ਬਣਦੀ ਹੈ।

# ਆਪ ਪਾਰਟੀ ਨੇਤਾ ਸੌਰਵ ਬਹਿਲ ਨੇ ਰਾਜਾ ਬੜਿੰਗ ਦੇ ਵੱਲੋਂ ਸਾਬਕਾ ਗ੍ਰਹਿ ਮੰਤਰੀ ਰਹਿ ਚੁੱਕੇ ਬੂਟਾ ਸਿੰਘ ਵੱਲੋਂ ਵਰਤੀ ਗਈ ਸ਼ਬਦਾਵਲੀ ਦੀ ਕੀਤੀ ਨਿਖੇਦੀ



ਪਠਾਨਕੋਟ 9, ਨਵੰਬਰ (ਤਰੁਣ ਸਣਹੋਤਰਾ) ਅੱਜ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾ ਸਕੱਤਰ ਤੇ ਆਈਟੀਆਈ ਪਠਾਨਕੋਟ ਦੇ ਚੇਅਰਮੈਨ ਸੌਰਵ ਬਹਿਲ ਨੇ ਕਾਂਗਰਸ ਪੰਜਾਬ ਪ੍ਰਧਾਨ ਰਾਜਾ ਬੜਿੰਗ ਦੇ ਵੱਲੋਂ ਸਾਬਕਾ ਗ੍ਰਹਿ ਮੰਤਰੀ ਰਹਿ ਚੁੱਕੇ ਬੂਟਾ ਸਿੰਘ ਵੱਲੋਂ ਵਰਤੀ ਗਈ ਸ਼ਬਦਾਵਲੀ ਦੀ ਨਿਖੇਦੀ ਕਰਦਿਆਂ ਕਿਹਾ ਕਿ ਕਾਂਗਰਸ ਪੰਜਾਬ ਪ੍ਰਧਾਨ ਰਾਜਾ ਵੜਿੰਗ ਨੂੰ ਇਹੋ ਜਿਹੇ ਬਿਆਨ ਦੇਣ ਤੋਂ ਪਹਿਲਾਂ ਇਹ ਦੇਖਣਾ ਚਾਹੀਦਾ ਹੈ ਕਿ ਉਹ ਖੁਦ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਅਤੇ ਇਹੋ ਜਿਹੀ ਸ਼ਬਦਾਵਲੀ ਇਕ ਸੀਨੀਅਰ ਲੀਡਰ ਦੇ ਮੂੰਹ ਤੋਂ ਬਿਲਕੁਲ ਸ਼ੋਭਾ ਨਹੀਂ ਦਿੰਦੀ। ਉਹਨਾਂ ਕਿਹਾ ਕਿ ਰਾਜਾ ਬੜਿੰਗ ਨੂੰ ਬੂਟਾ ਸਿੰਘ ਵਾਰੇ ਇਹੋ ਜਿਹੇ ਸ਼ਬਦ ਨਹੀਂ ਬੋਲਣੇ ਚਾਹੀਦੇ ਨੇ ਕਿਉਂਕਿ ਬੂਟਾ ਸਿੰਘ ਜਿੱਥੇ ਇੱਕ ਪੜੇ ਲਿਖੇ ਸੂਝਵਾਨ ਵਿਅਕਤੀ ਨੇ ਉੱਥੇ ਹੀ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਵੀ ਰਹਿ ਚੁੱਕੇ ਨੇ। ਉਹਨਾ ਕਿਹਾ ਕਿ ਇੱਕ ਸੀਨੀਅਰ ਲੀਡਰ ਨੂੰ ਕਦੇ ਵੀ ਕਿਸੇ ਜਾਤੀ, ਧਰਮ ਵਿਸ਼ੇਸ਼ ਬਾਰੇ ਅਜਿਹੀ ਬਿਆਨਬਾਜੀ ਨਹੀਂ ਦੇਣੀ ਚਾਹੀਦੀ ਹੈ ਅਤੇ ਕੋਈ ਵੀ ਬਿਆਨ ਸੋਚ ਸਮਝ ਕੇ ਦੇਣਾ ਚਾਹੀਦਾ ਹੈ, ਉਹਨਾਂ ਕਿਹਾ ਇਸ ਦੇ ਨਾਲ ਹੀ ਇੱਕ ਸੀਨੀਅਰ ਲੀਡਰ ਨੂੰ ਕਦੀ ਵੀ ਹੰਕਾਰ ਵਾਲੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਸਾਰੇ ਲੋਕਾਂ ਨੂੰ ਜਾਤੀ ਧਰਮ ਤੋਂ ਉੱਠ ਕੇ ਅਤੇ ਅਮੀਰੀ ਗਰੀਬੀ ਦੇ ਫਰਕ ਤੋਂ ਪਰੇ ਹੋ ਕੇ ਦੇਖਣਾ ਚਾਹੀਦਾ ਹੈ ਕਿਉਂਕਿ ਅਮੀਰ ਗਰੀਬ ਅਤੇ ਹਰ ਜਾਤੀ ਧਰਮ ਦੇ ਲੋਕਾਂ ਵੱਲੋਂ ਪਾਈ ਗਈ ਵੋਟਾਂ ਕਰਕੇ ਹੀ ਸਰਕਾਰਾਂ ਬਣਦੀਆਂ ਨੇ ਅਤੇ ਕੋਈ ਸਤਾ ਵਿੱਚ ਆਉਂਦਾ ਹੈ ਇਹ ਗੱਲ ਸੋਚ ਕੇ ਹੀ ਹਰ ਲੀਡਰ ਨੂੰ ਕੋਈ ਬਿਆਨਬਾਜ਼ੀ ਕਰਨੀ ਚਾਹੀਦੀ ਹੈ।

# ਪੰਜਾਬੀ ਸਿੰਗਰ ਜੈਸਮੀਨ ਸੈਂਡਲਸ ਵੱਲੋਂ ਬੀ.ਆਰ. ਸੀ.ਕਾਨਵੈਂਟ ਸਕੂਲ ਦੇ ਵਿਦਿਆਰਥੀਆ ਦਾ ਸਨਮਾਨ



ਭਗਤਾ ਭਾਈ 8 ਨਵੰਬਰ (ਸਿਕੰਦਰ ਸਿੰਘ ਕੋਇਰ ਸਿੰਘ ਵਾਲਾ) ਪਿਛਲੇ ਦਿਨ ਪਿੰਡ ਫੂਲੇਵਾਲਾ (ਮੋਗਾ) ਵਿੱਚ ਬਚਨ ਸਿੰਘ ਕੁਸ਼ਤੀ ਅਖਾੜਾ ਦੇ ਪਹਿਲਵਾਨ ਨੂੰ ਸਨਮਾਨਿਤ ਤੇ ਹੌਂਸਲਾ ਅਫਜਾਈ ਕਰਨ ਲਈ ਪ੍ਰਸਿੱਧ ਗਾਇਕਾ ਜੈਸਮੀਨ ਸੈਂਡਲਸ ਆਏ ਸਨ। ਉਨ੍ਹਾਂ ਨਾਲ ਨਾਨਾ ਮੋਫਿਊਜ਼ਨ ਮਿਊਜ਼ਿਕ ਸਟੂਡੀਓ ਦੇ ਸਰਪ੍ਰਸਤ ਨਾਨਾ ਸਿੰਘ ਤੇ ਹੈਰੀ ਸਿੰਘ ਖੋਖਰ ਅਤੇ ਉਨ੍ਹਾਂ ਦੀ ਟੀਮ ਵੀ ਅਖਾੜੇ ਵਿੱਚ ਪਹੁੰਚੀ।ਇਸ ਸਬੰਧੀ ਜਾਣਕਾਰੀ ਦਿੰਦਿਆ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਖੋਖਰ ਨੇ ਦੱਸਿਆ ਕਿ ਜਿਨ੍ਹਾਂ ਨੇ ਕੁਸ਼ਤੀ ਖੇਡ ਰਹੀ ਕੁੜੀਆਂ ਦੀ ਹੌਂਸਲਾ ਅਫਜਾਈ ਕਰਨੀ ਸੀ,ਤਾਂ ਜੋ ਭਵਿੱਖ ਵਿੱਚ ਕੁੜੀਆ ਕੁਸ਼ਤੀ ਖੇਡ ਦੇ ਖੇਤਰ ਵਿੱਚ ਵਧ-ਚੜ ਕੇ ਹਿੱਸਾ ਲੈਣ। ਅਖਾੜੇ ਵਿੱਚ ਬੀ.ਆਰ. ਸੀ.ਕਾਨਵੈਂਟ ਸਕੂਲ ਸਮਾਧ ਭਾਈ ਦੇ ਕਾਫੀ ਵਿਦਿਆਰਥੀ ਸਿਖਲਾਈ ਲੈ ਰਹੇ ਹਨ। ਜਿਨ੍ਹਾਂ ਵਿੱਚ ਸੁਖਪ੍ਰੀਤ ਕੌਰ, ਹਰਮਨਵੀਰ ਕੌਰ, ਗੁਰਵੀਰ ਕੌਰ, ਨਿਰਮਤ ਕੌਰ ਲੜਕੀਆ ਤੇ ਚਰਨਪ੍ਰੀਤ ਸਿੰਘ, ਤਰਨਪ੍ਰੀਤ ਸਿੰਘ, ਫਤਿਹਵੀਰ ਸਿੰਘ ਲੜਕੇ ਚੰਗੇ ਖਿਡਾਰੀ ਹਨ। ਸੁਖਪ੍ਰੀਤ ਕੌਰ ਰਾਸ਼ਟਰੀ ਪੱਧਰ ਤੇ ਪੰਜਾਬ ਵੱਲੋਂ ਖੇਡਣ ਵੀ ਜਾ ਰਹੀ ਹੈ। ਚਰਨਪ੍ਰੀਤ ਤੇ ਤਰਨਪ੍ਰੀਤ ਪੰਜਾਬ ਪੱਧਰ ਦੇ ਚੰਗੇ ਖਿਡਾਰੀ ਹਨ। ਜੈਸਮੀਨ ਸੈਂਡਲਸ ਇਹਨਾਂ ਵਿਦਿਆਰਥੀਆ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਉਹਨਾਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਖੋਖਰ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਖੋਖਰ , ਚੇਅਰਮੈਨ ਲਾਭ ਸਿੰਘ ਖੋਖਰ, ਸਕੂਲ ਪ੍ਰਿੰਸੀਪਲ ਕਿਰਨਾ ਰਾਣੀ ਤੇ ਸਟਾਫ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਸਕੂਲ ਲੜਕੀਆਂ ਨੂੰ ਕੁਸ਼ਤੀ ਖੇਡ ਵਿੱਚ ਅੱਗੇ ਲਿਜਾ ਕੇ ਬਹੁਤ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਇਸ ਮੌਕੇ ਕੁਸ਼ਤੀ ਅਖਾੜੇ ਦੇ ਕੋਚ ਸਹਿਬਾਨ ਗੁਰਸੇਵਕ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਸਿੰਘ, ਪਿੰਡ ਫੂਲੇਵਾਲਾ ਦੇ ਸਰਪੰਚ ਸਾਹਿਬ ਨਿਰਭੈਅ ਸਿੰਘ, ਬਲਜਿੰਦਰ ਸਿੰਘ, ਪੰਚਾਇਤ ਮੈਂਬਰ ਭਾਰਤ ਸਿੰਘ ਤੇ ਜਗਸੀਰ ਸਿੰਘ, ਜਗਮੋਹਨ ਸਿੰਘ, ਸਮਾਧ ਭਾਈ ਪਿੰਡ ਦੇ ਸਰਪੰਚ ਗੁਰਜੀਤ ਸਿੰਘ ਤੇ ਪਿੰਡ ਦੇ ਪਤਵੰਤੇ ਸੱਜਣ ਮੌਜੂਦ ਸਨ।

# ਸ਼ਰਾਬ ਪੀ ਕੇ ਡਰਾਈਵ ਕਰਨ ਵਾਲਿਆਂ 'ਤੇ ਲੁਧਿਆਣਾ ਟ੍ਰੈਫਿਕ ਪੁਲਿਸ ਨੇ ਕੱਸਿਆ ਸ਼ਿਕੰਜਾ



ਲੁਧਿਆਣਾ 9 ਨਵੰਬਰ (ਝੱਜ ਉਮੈਦਪੁਰ) ਸੜਕ ਸੁਰੱਖਿਆ ਤੇ ਜ਼ਿੰਮੇਵਾਰ ਡਰਾਈਵਿੰਗ ਨੂੰ ਧਿਆਨ ਵਿੱਚ ਰੱਖਦਿਆਂ, ਲੁਧਿਆਣਾ ਕਮਿਸ਼ਨਰੇਟ ਪੁਲਿਸ ਵੱਲੋਂ ਹ਼ਫ਼ਤੇ ਦੇ ਅਖੀਰਲੇ ਦਿਨਾਂ ਦੌਰਾਨ ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਖ਼ਿਲਾਫ਼ ਖਾਸ ਚੈਕਿੰਗ ਮੁਹਿੰਮ ਚਲਾਈ ਗਈ। ਸ਼ੁੱਕਰਵਾਰ ਅਤੇ ਸ਼ਨੀਵਾਰ ਸ਼ਾਮ ਨੂੰ ਟ੍ਰੈਫਿਕ ਪੁਲਿਸ ਦੀਆਂ ਟੀਮਾਂ ਵੱਖ-ਵੱਖ ਚੌਰਾਹਿਆਂ ਅਤੇ ਰਾਤੀ ਭੀੜ ਵਾਲੇ ਇਲਾਕਿਆਂ 'ਚ ਤਾਇਨਾਤ ਰਹੀਆਂ। ਬ੍ਰਿਥ ਐਨਾਲਾਈਜ਼ਰ ਨਾਲ ਡਰਾਈਵਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ 93 ਚਲਾਨ ਕੀਤੇ ਗਏ। ਇਹ ਮੁਹਿੰਮ ਕਮਿਸ਼ਨਰ ਆਫ ਪੁਲਿਸ, ਲੁਧਿਆਣਾ, ਸ਼੍ਰੀ ਸਵਪਨ ਸ਼ਰਮਾ ਅਤੇ ਏ. ਡੀ. ਸੀ .ਪੀ ਟ੍ਰੈਫਿਕ, ਗੁਰਪ੍ਰੀਤ ਕੌਰ ਪੁਰੇਵਾਲ ਦੀ ਦੇਖ-ਰੇਖ ਹੇਠ ਚਲਾਈ ਗਈ, ਜਦ ਕਿ ਜ਼ਮੀਨੀ ਪੱਧਰ 'ਤੇ ਏ. ਸੀ. ਪੀ. ਟ੍ਰੈਫਿਕ-1 , ਸ਼੍ਰੀ ਜਤਿਨ ਬਾਂਸਲ, ਅਤੇ ਏ. ਸੀ. ਪੀ ਟ੍ਰੈਫਿਕ- 2,ਅਤੇ ਸ਼੍ਰੀ ਗੁਰਦੇਵ ਸਿੰਘ ਵੱਲੋਂ ਨਿਗਰਾਨੀ ਕੀਤੀ ਗਈ। ਕਮਿਸ਼ਨਰ ਆਫ ਪੁਲਿਸ, ਸ਼੍ਰੀ ਸਵਪਨ ਸ਼ਰਮਾ ਨੇ ਕਿਹਾ, ਸ਼ਰਾਬ ਪੀ ਕੇ ਗੱਡੀ ਚਲਾਉਣਾ ਸਿਰਫ਼ ਕਾਨੂੰਨ ਦੀ ਉਲੰਘਣਾ ਨਹੀਂ, ਸਗੋਂ ਇਹ ਹੋਰਾਂ ਦੀ ਜ਼ਿੰਦਗੀ ਲਈ ਵੀ ਖ਼ਤਰਾ ਹੈ।' ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਅਜਿਹੀਆਂ ਮੁਹਿੰਮਾਂ ਹ਼ਫ਼ਤੇ ਦੇ ਅਖੀਰ ਤੇ ਖ਼ਾਸ ਮੌਕਿਆਂ 'ਤੇ ਲਗਾਤਾਰ ਜਾਰੀ ਰਹਿਣਗੀਆਂ। ਪੁਲਿਸ ਅਧਿਕਾਰੀਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇਕਰ ਸ਼ਰਾਬ ਪੀਣੀ ਹੋਵੇ ਤਾਂ ਕੈਬ ਜਾਂ ਨਿਯੁਕਤ ਡਰਾਈਵਰ ਦੀ ਵਰਤੋਂ ਕਰਨ। ਪੁਲਿਸ ਦਾ ਮਕਸਦ ਸਜ਼ਾ ਦੇਣਾ ਨਹੀਂ, ਸਗੋਂ ਜਾਨਾਂ ਬਚਾਉਣਾ ਹੈ।